# ਕਰੋਨਾ ਕਾਫ਼ਲੇ

(ਨਾਵਲ)

# ਸੁਖਿੰਦਰ ਰਚਿਤ ਪੁਸਤਕਾਂ :

### ☐ ਵਿਗਿਆਨ :

- ■ ਪੁਲਾੜ, ਸਮਾਂ ਤੇ ਪਦਾਰਥ (1972)
- ■ ਕਾਸਮਿਕ ਕਿਰਨਾਂ ਤੇ ਵਿਸ਼ਵ (1973)
- ■ ਵਿਸ਼ਵ ਚਰਚਾ (1975)

### ☐ ਕਵਿਤਾ :

- ■ ਸ਼ਹਿਰ, ਧੁੰਦ ਤੇ ਰੌਸ਼ਨੀਆਂ (1974)
- ■ ਲੱਕੜ ਦੀਆਂ ਮੱਛੀਆਂ (1979)
- ■ ਤਿੰਨ ਕੋਣ (ਤਿੰਨ ਕਵੀ) (1979)
- ■ ਤੂਫ਼ਾਨ ਦੀਆਂ ਜੜ੍ਹਾਂ ਵਿੱਚ (1985)
- ■ ਬੁੱਢੇ ਘੋੜਿਆਂ ਦੀ ਆਤਮ-ਕਥਾ (1991)
- ■ ਸ਼ਕਿਜ਼ੋਫ਼ਰੇਨੀਆਂ (1993)
- ■ ਇਹ ਖ਼ਤ ਕਿਸਨੂੰ ਲਿਖਾਂ (1998)
- ■ ਕੁੱਤਿਆਂ ਬਾਰੇ ਕਵਿਤਾਵਾਂ (2006)
- ■ ਪ੍ਰਦੂਸ਼ਿਤ ਹਵਾ ਨਾਲ ਸੰਵਾਦ (2006)
- ■ ਗਲੋਬਲੀਕਰਨ (2008)
- ■ ਸਮੋਸਾ ਪਾਲਿਟਿਕਸ (2012)
- ■ ਕਵਿਤਾ ਦੀ ਤਲਾਸ਼ ਵਿੱਚ (2013)
- ■ ਕਵਿਤਾ ਦੀ ਵਾਪਸੀ (2013) (ਸ਼ਾਹਮੁਖੀ)
- ■ ਆਮ ਆਦਮੀ ਦਾ ਇਨਕਲਾਬ (2015)
- ■ ਡਾਇਰੀ ਦੇ ਪੰਨੇ (2016)
- ■ ਲਹੂ ਦਾ ਰੰਗ (ਦੋ ਕਵੀ) (2017)
- ■ ਸਾਜ਼ਿਸ਼ੀ ਮੌਸਮ (2018)
- ■ ਕਵਿਤਾ ਕੇ ਸਾਥ ਸਾਥ (ਹਿੰਦੀ) (2018)
- ■ ਬਾਂਦਰ ਨਾਲ ਬਹਿਸ ਕੌਣ ਕਰੇ (2019)
- ■ ਲੋਕਡਾਊਨ (2020)

### ☐ ਆਲੋਚਨਾ :

- ■ ਕੈਨੇਡੀਅਨ ਪੰਜਾਬੀ ਸਾਹਿਤ (2010)
- ■ ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਦੂਜਾ) (2011)
- ■ ਕੈਨੇਡੀਅਨ ਪੰਜਾਬੀ ਸਾਹਿਤ (ਭਾਗ ਤੀਜਾ) (2013)
- ■ ਕ੍ਰਾਂਤੀ ਦੀ ਕਵਿਤਾ (2017)

### ☐ ਵਾਰਤਕ :

- ■ ਸਿੱਧੀਆਂ ਸਪੱਸ਼ਟ ਗੱਲਾਂ (2010)
- ■ ਮੇਰਾ ਪਾਕਿਸਤਾਨੀ ਸਫ਼ਰਨਾਮਾ (2015)
- ■ ਮੇਰਾ ਪਾਕਿਸਤਾਨੀ ਸਫ਼ਰਨਾਮਾ (2016) (ਸ਼ਾਹਮੁਖੀ)
- ■ ਗੱਲਾਂ ਪਾਕਿਸਤਾਨ ਦੀਆਂ (2019) (ਸ਼ਾਹਮੁਖੀ)
- ■ ਗੱਲਾਂ ਪਾਕਿਸਤਾਨ ਦੀਆਂ (2019) (ਗੁਰਮੁਖੀ)

### ☐ ਸੰਪਾਦਨਾ :

- ■ ਮਕਤਲ (ਪ੍ਰਗਤੀਵਾਦੀ ਕਵਿਤਾ- ਸਹਿ ਸੰਪਾਦਨਾ) (1982)
- ■ ਬਘਿਆੜਾਂ ਦੇ ਵੱਸ (ਕੈਨੇਡੀਅਨ ਪੰਜਾਬੀ ਕਵਿਤਾ) (1986)
- ■ ਮੇਰੀਆਂ ਝਾਂਜਰਾਂ ਦੀ ਛਨਛਨ (ਦਵਿੰਦਰ ਬਾਂਸਲ ਦੀ ਕੋਲਾਜ ਕਿਤਾਬ) (1999)

### ☐ ਨਾਵਲ :

- ■ ਅਲਾਰਮ ਕਲਾਕ (2003)

### ☐ ਬੱਚਿਆਂ ਲਈ :

- ■ ਅਨੀਤਾ ਆਂਟੀ ਅਤੇ ਬੱਚੇ (2004)

### ☐ English :

- ■ Children Are Not Hamburger Meat (Poetry) (2005)

# ਕਰੋਨਾ ਕਾਫ਼ਲੇ

(ਨਾਵਲ)

ਸੁਖਿੰਦਰ

2021

ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ

**Copyright © 2021 Sukhinder**

# Corona Kafle

**(Novel)**

***- by Sukhinder***

***Sukhinder***
Box 67089, 2300 Yonge St.
Toronto ON M4P 1E0 Canada
Tel. (416) 858-7077
poet_sukhinder@hotmail.com

***Cover Design :***
***Saleem Pasha***
***Toronto Canada***

***Price*** : $10 (In Canada & U.S.A.)
: Rs. 150 (In India)

***Typeset, Printed & Published by :***

***Published in India by :***
Tark Bharti Parkashan
St. 8, K.C. Road
Barnala-148101, Punjab, India
Phone : 01679-233244, 241744
tarksheel@gmail.com; www.thepunjabi.com

***In Canada :***
Knowledge Eye
Box 67089, 2300 Yonge St.
Toronto ON M4P 1E0 Canada
Tel. (416) 858-7077
poet_sukhinder@hotmail.com

# ਸਮਰਪਨ :

ਮਜ਼ਦੂਰਾਂ, ਕਿਸਾਨਾਂ, ਬੇਘਰੇ, ਗਰੀਬ ਲੋਕਾਂ ਨੂੰ ਜੋ ਭੁੱਖੇ-ਪਿਆਸੇ ਦੇਸ ਦੀਆਂ ਅੰਗਿਆਰ ਵਾਂਗ ਭਖਦੀਆਂ ਸੜਕਾਂ ਉੱਤੇ ਲਹੂ ਲੁਹਾਨ ਪੈਰਾਂ ਨਾਲ ਕਾਫ਼ਲਿਆਂ ਦੇ ਰੂਪ ਵਿੱਚ ਤੁਰਦੇ ਰਹੇ ਅਤੇ ਡਾਕਟਰਾਂ/ਨਰਸਾਂ/ ਵਿਗਿਆਨੀਆਂ ਲਈ ਜਿਨ੍ਹਾਂ ਨੇ ਕਰੋਨਾ ਮਹਾਮਾਰੀ ਨਾਲ ਜੂਝਦੇ ਲੋਕਾਂ ਦੀ ਮੱਦਦ ਕਰਦਿਆਂ ਆਪਣੀਆਂ ਜਾਨਾਂ ਵੀ ਕੁਰਬਾਨ ਕਰ ਦਿੱਤੀਆਂ।

ਭੂਮਿਕਾ :

# ਕਰੋਨਾ ਮਹਾਮਾਰੀ ਸੰਕਟ ਦਾ ਬ੍ਰਿਤਾਂਤ

ਸਾਡੀ ਧਰਤੀ ਉੱਤੇ ਵੱਸਦਾ ਸ਼ਾਇਦ ਹੀ ਅਜਿਹਾ ਕੋਈ ਦੇਸ਼ ਬਚਿਆ ਹੋਵੇ ਜੋ ਕਿ ਕਰੋਨਾ ਮਹਾਮਾਰੀ ਤੋਂ ਪ੍ਰਭਾਵਿਤ ਨ ਹੋਇਆ ਹੋਵੇ.

ਇਸ ਤੋਂ ਪਹਿਲਾਂ ਮਨੁੱਖ ਨੂੰ ਕਦੀ ਏਨੀ ਵੱਡੀ ਪੱਧਰ ਉੱਤੇ ਕਿਸੀ ਮਹਾਮਾਰੀ ਦਾ ਸਾਹਮਣਾ ਕਰਨਾ ਨਹੀਂ ਪਿਆ.

ਕਰੋਨਾ ਮਹਾਮਾਰੀ ਨੇ ਅਮਰੀਕਾ, ਰੂਸ, ਇੰਡੀਆ, ਯੂ.ਕੇ., ਫਰਾਂਸ, ਸਪੇਨ, ਇਟਲੀ, ਬਰਾਜ਼ੀਲ ਜਿਹੇ ਦੇਸ਼ਾਂ ਦੇ ਰਾਜਨੀਤਕ/ਸਮਾਜਿਕ/ਸਭਿਆਚਾਰਕ/ਆਰਥਿਕ ਸਿਸਟਮਾਂ ਨੂੰ ਨ ਸਿਰਫ ਝੰਜੋੜਿਆ; ਬਲਕਿ, ਜੜ੍ਹਾਂ ਤੋਂ ਹਿਲਾ ਕੇ ਰੱਖ ਦਿੱਤਾ.

ਮੇਰਾ ਨਾਵਲ 'ਕਰੋਨਾ ਕਾਫ਼ਲੇ' ਪੂਰੀ ਤਰ੍ਹਾਂ ਕਰੋਨਾ ਮਹਾਮਾਰੀ ਸੰਕਟ ਬਾਰੇ ਹੀ ਹੈ.

ਕਰੋਨਾ ਸੰਕਟ ਬਾਰੇ ਪੰਜਾਬੀ ਵਿੱਚ ਹੁਣ ਤੱਕ ਸਿਰਫ ਗੁਰਮੀਤ ਕੜਿਆਲਵੀ ਦਾ ਨਾਵਲ 'ਉਹ ਇੱਕੀ ਦਿਨ' ਹੀ ਛਪ ਕੇ ਮਾਰਕਿਟ ਵਿੱਚ ਆਇਆ ਹੈ; ਪਰ ਗੁਰਮੀਤ ਕੜਿਆਲਵੀ ਨੇ ਇਸ ਨਾਵਲ ਵਿੱਚ ਪਰੰਪਰਕ ਵਿਧੀ ਹੀ ਅਪਣਾਈ ਹੈ. ਉਸ ਨੇ ਪਰੰਪਰਕ ਨਾਵਲ ਵਾਂਗ ਹੀ ਇਸ ਨਾਵਲ ਵਿੱਚ ਇੱਕ ਹੀਰੋ ਅਤੇ ਹੀਰੋਇਣ ਨੂੰ ਲੈ ਕੇ ਅਖੀਰ ਵਿੱਚ ਸੁਖਾਂਤ ਮਾਹੌਲ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਹੈ. ਜਿਵੇਂ ਕਿ ਆਮ ਕਰਕੇ ਬੌਲੀਵੁੱਡ ਦੀਆਂ ਫਿਲਮਾਂ ਵਿੱਚ ਦਿਖਾਇਆ ਜਾਂਦਾ ਹੈ.

ਪਰ ਮੇਰੇ ਨਾਵਲ 'ਕਰੋਨਾ ਕਾਫ਼ਲੇ' ਵਿੱਚ ਤੁਹਾਨੂੰ ਪ੍ਰੰਪਰਕ ਪੰਜਾਬੀ ਨਾਵਲ ਵਾਲੀ ਕੋਈ ਵੀ ਗੱਲ ਨਹੀਂ ਮਿਲੇਗੀ.

ਮੇਰਾ ਨਾਵਲ ਤੁਹਾਨੂੰ ਦੁਨੀਆਂ ਦੇ ਅਨੇਕਾਂ ਹਿੱਸਿਆਂ ਵਿੱਚ ਲੈ ਕੇ ਜਾਵੇਗਾ ਅਤੇ ਉੱਥੇ ਵਾਪਰੇ ਕਰੋਨਾ ਮਹਾਮਾਰੀ ਸੰਕਟ ਦੇ ਰੂ-ਬ-ਰੂ ਕਰੇਗਾ. ਬਿਨ੍ਹਾਂ ਕੋਈ ਸ਼ੱਕ, ਇਸ ਬ੍ਰਿਤਾਂਤ ਦੌਰਾਨ, ਤੁਹਾਨੂੰ ਮੇਰਾ ਨਾਵਲ ਹਿੰਦੁਸਤਾਨ ਵਿੱਚ ਵਾਪਰੇ ਕਰੋਨਾ ਮਹਾਮਾਰੀ ਸੰਕਟ ਦੇ ਰੂ-ਬ-ਰੂ ਵੀ ਕਰਵਾਏਗਾ; ਕਿਉਂਕਿ, ਇਸ ਸੰਕਟ ਦੌਰਾਨ ਮੈਨੂੰ ਜਨਵਰੀ 2020 ਤੋਂ ਲੈ ਕੇ ਅਗਸਤ 2020 ਤੱਕ ਹਿੰਦੁਸਤਾਨ ਵਿੱਚ ਰਹਿਣ ਦਾ ਮੌਕਾ ਮਿਲਿਆ ਸੀ.

ਇਸ ਨਾਵਲ ਵਿੱਚ, ਵਿਸ਼ੇਸ਼ ਤੌਰ ਉੱਤੇ, ਅਮਰੀਕਾ, ਯੂ.ਕੇ. ਅਤੇ ਹਿੰਦੁਸਤਾਨ ਵਿੱਚ ਹਕੂਮਤ ਕਰ ਰਹੀਆਂ ਵਿਗਿਆਨ ਵਿਰੋਧੀ ਅਤੇ ਧਾਰਮਿਕ ਕੱਟੜਵਾਦੀ ਵਿਚਾਰਧਾਰਾਵਾਂ ਵਾਲੀਆਂ ਹਕੂਮਤਾਂ ਬਾਰੇ ਚਰਚਾ ਕੀਤਾ ਗਿਆ ਹੈ. ਜਿਨ੍ਹਾਂ ਦੀਆਂ ਵਿਗਿਆਨ ਵਿਰੋਧੀ ਅਤੇ ਧਾਰਮਿਕ ਕੱਟੜਵਾਦੀ ਨੀਤੀਆਂ ਕਾਰਨ ਇਨ੍ਹਾਂ ਦੇਸ਼ਾਂ ਵਿੱਚ ਏਨੀ ਵੱਡੀ ਗਿਣਤੀ ਵਿੱਚ ਲੋਕਾਂ ਦੀਆਂ ਮੌਤਾਂ ਹੋਈਆਂ ਅਤੇ ਲੋਕਾਂ ਨੂੰ ਮੁਸੀਬਤਾਂ ਦਾ

ਸਾਹਮਣਾ ਕਰਨਾ ਪਿਆ.

ਇਸ ਨਾਵਲ ਵਿੱਚ ਤੁਸੀਂ ਪੜ੍ਹੋਗੇ ਕਿ ਕਰੋਨਾ ਸੰਕਟ ਤੋਂ ਬਾਹਦ ਦੁਨੀਆਂ ਵਿੱਚ ਲੋਕ ਆਪਣੇ ਆਪਣੇ ਦੇਸ਼ ਵਿੱਚ ਕਿਹੋ ਜਿਹੀਆਂ ਰਾਜਨੀਤਕ ਪ੍ਰਣਾਲੀਆਂ ਪਸੰਦ ਕਰਨਗੇ ਅਤੇ ਕਿਸ ਕਿਸ ਤਰ੍ਹਾਂ ਦੀਆਂ ਰਾਜਨੀਤਕ ਪ੍ਰਣਾਲੀਆਂ ਵਾਲੀਆਂ ਸਰਕਾਰਾਂ ਡਿੱਗ ਜਾਣਗੀਆਂ.

ਇਸ ਨਾਵਲ ਵਿੱਚ ਇਸ ਵਿਸ਼ੇ ਬਾਰੇ ਵੀ ਚਰਚਾ ਕੀਤਾ ਗਿਆ ਹੈ ਕਿ ਇੱਕ ਨਿੱਕੇ ਜਿਹੇ ਕੀਟਾਣੂੰ ਨੇ ਵਿਸ਼ਵ ਸ਼ਕਤੀ ਦਾ ਸੰਕਲਪ ਹੀ ਬਦਲ ਦਿੱਤਾ ਹੈ. ਹੁਣ, ਪ੍ਰਮਾਣੂੰ ਬੰਬਾਂ ਅਤੇ ਸਟਾਰ ਵਾਰ ਵਾਲੀ ਤਕਨਾਲੋਜੀ ਨਾਲ ਲੈਸ ਅਮਰੀਕਾ ਵਰਗੀਆਂ ਮਹਾਂ ਸ਼ਕਤੀਆਂ ਵੀ ਸ਼ਕਤੀਹੀਨ ਹੋ ਗਈਆਂ ਹਨ. ਭਵਿੱਖ ਵਿੱਚ, ਹੁਣ, ਵੱਖੋ ਵੱਖ ਦੇਸ਼ਾਂ ਦਰਮਿਆਨ ਬਾਇਓਲੋਜੀਕਲ ਹਥਿਆਰਾਂ ਦੀ ਦੌੜ ਸ਼ੁਰੂ ਹੋਵੇਗੀ.

ਇਸ ਨਾਵਲ ਵਿੱਚ ਇਹ ਗੱਲ ਵੀ ਵਿਚਾਰੀ ਗਈ ਹੈ ਕਿ ਹਿੰਦੁਸਤਾਨ ਦੀ ਹਕੂਮਤ ਲੋਕਾਂ ਨੂੰ ਕਰੋਨਾ ਮਹਾਮਾਰੀ ਦਾ ਮੁਕਾਬਲਾ ਕਰਨ ਲਈ ਵਿਗਿਆਨਕ ਜਾਣਕਾਰੀ ਦੇਣ ਦੀ ਥਾਂ ਧਾਰਮਿਕ ਕੱਟੜਵਾਦ ਅਤੇ ਅੰਧਵਿਸ਼ਵਾਸ ਵੱਲ ਹੀ ਧਕੇਲਦੀ ਰਹੀ.

ਇਸੀ ਤਰ੍ਹਾਂ ਹੀ ਜਦੋਂ ਹਿੰਦੁਸਤਾਨ ਵਿੱਚ ਕਰੋਨਾ ਮਹਾਮਾਰੀ ਦੀ ਦੂਜੀ ਲਹਿਰ ਆਈ ਤਾਂ ਹਿੰਦੁਸਤਾਨ ਦੀ ਹਕੂਮਤ ਲੋਕਾਂ ਨੂੰ ਕਰੋਨਾ ਮਹਾਮਾਰੀ ਤੋਂ ਬਚਾਉਣ ਲਈ ਓਪਰਾਲੇ ਕਰਨ ਦੀ ਥਾਂ ਕੈਰਲਾ, ਬੰਗਾਲ, ਆਸਾਮ, ਤਾਮਿਲ ਨਾਇਡੂ, ਪਾਂਡੀਚਰੀ ਆਦਿ ਇਲਾਕਿਆਂ ਦੀਆਂ ਵਿਧਾਨ ਸਭਾ ਦੀਆਂ ਚੋਣਾਂ ਜਿੱਤਣ ਵਿੱਚ ਹੀ ਲੱਗੀ ਰਹੀ. ਨਤੀਜੇ ਵਜੋਂ ਹਿੰਦੁਸਤਾਨ ਵਿੱਚ ਕਰੋਨਾ ਮਹਾਮਾਰੀ ਦੀ ਸੁਨਾਮੀ ਆ ਗਈ. ਲੋਕ ਹਜ਼ਾਰਾਂ ਦੀ ਗਿਣਤੀ ਵਿੱਚ ਮਰਨ ਲੱਗੇ ਅਤੇ ਸ਼ਮਸ਼ਾਨ ਭੂਮੀਆਂ ਵਿੱਚ ਅਰਥੀਆਂ ਫੂਕਨ ਵਾਲਿਆਂ ਦੀਆਂ ਲੰਬੀਆਂ ਕਤਾਰਾਂ ਲੱਗਣ ਲੱਗ ਗਈਆਂ.

ਇਸ ਨਾਵਲ ਵਿੱਚ ਤੁਸੀਂ ਇਹ ਵੀ ਪੜ੍ਹੋਗੇ ਕਿ ਕਰੋਨਾ ਮਹਾਮਾਰੀ ਸੰਕਟ ਦੌਰਾਨ ਕਰੋਨਾ ਮਾਫੀਆ ਪੈਦਾ ਹੋਇਆ; ਜਿਸ ਨੇ ਪਹਿਲਾਂ ਹੀ ਮੁਸੀਬਤਾਂ ਦੇ ਮਾਰੇ ਲੋਕਾਂ ਲਈ ਜ਼ਿੰਦਗੀ ਜਿਊਣੀ ਹੋਰ ਵੀ ਮੁਸ਼ਕਿਲ ਕਰ ਦਿੱਤੀ.

ਕਰੋਨਾ ਮਹਾਮਾਰੀ ਸੰਕਟ ਨੇ ਗੁਰਦੁਆਰਿਆਂ, ਮੰਦਰਾਂ, ਮਸਜਿਦਾਂ, ਗਿਰਜਿਆਂ ਅਤੇ ਹੋਰ ਧਾਰਮਿਕ ਅਦਾਰਿਆਂ ਉੱਤੇ ਵੀ ਸੁਆਲੀਆ ਚਿੰਨ੍ਹ ਲਗਾ ਦਿੱਤਾ ਕਿ ਜਿਹੜੇ ਅਦਾਰਿਆਂ ਲਈ ਮੁਸੀਬਤ ਦੇ ਸਮੇਂ ਵਿੱਚ ਆਪਣੀ ਹੀ ਹੋਂਦ ਬਚਾਉਣਾ ਮੁਸ਼ਕਿਲ ਹੋ ਰਿਹਾ ਸੀ, ਉਹ ਅਦਾਰੇ ਮੁਸੀਬਤਾਂ ਵਿੱਚ ਫਸੇ ਆਮ ਲੋਕਾਂ ਦੀ ਕੀ ਮੱਦਦ ਕਰਨਗੇ?

ਇਸ ਨਾਵਲ ਵਿੱਚ ਤੁਸੀਂ ਪੜ੍ਹੋਗੇ ਕਿ ਜਦੋਂ ਹਿੰਦੁਸਤਾਨ ਵਿੱਚ ਕਰੋਨਾ ਸੁਨਾਮੀ ਦੀ ਦੂਜੀ ਲਹਿਰ ਭਾਰੀ ਤਬਾਹੀ ਮਚਾ ਰਹੀ ਸੀ ਤਾਂ ਹਿੰਦੁਸਤਾਨ ਦੇ ਪ੍ਰਾਂਤ ਯੂ.ਪੀ. ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਨੂੰ ਗਊ ਹਸਪਤਾਲਾਂ ਵਿੱਚ ਗਊਆਂ ਨੂੰ ਸਿਹਤ ਸੇਵਾਵਾਂ ਪਹੁੰਚਾਉਣ ਦਾ ਜ਼ਿਆਦਾ ਫਿਕਰ ਸੀ ਨ ਕਿ ਕਰੋਨਾ ਮਹਾਮਾਰੀ ਨਾਲ ਬੀਮਾਰ ਹੋ ਰਹੇ ਲੱਖਾਂ ਲੋਕਾਂ ਦਾ.

ਇਸ ਨਾਵਲ ਵਿੱਚ ਤੁਸੀਂ ਇਹ ਵੀ ਪੜ੍ਹੋਗੇ ਕਿ ਕਿਵੇਂ ਹਿੰਦੁਸਤਾਨ ਵਿੱਚ ਨਰਿੰਦਰ ਮੋਦੀ ਨੇ ਸਾਰੇ ਹਿੰਦੁਸਤਾਨ ਵਿੱਚ ਮੁਕੰਮਲ ਅਤੇ ਸਖਤ ਲੌਕਡਾਊਨ ਲਗਾ ਕੇ

ਹਿੰਦੁਸਤਾਨ ਦੀ ਆਰਥਿਕਤਾ ਦਾ ਦੀਵਾਲਾ ਕੱਢ ਦਿੱਤਾ; ਜਦੋਂ ਕਿ ਗਵਾਂਢੀ ਮੁਲਕ ਪਾਕਿਸਤਾਨ ਦੀ ਹਕੂਮਤ ਨੇ ਪਾਕਿਸਤਾਨ ਵਿੱਚ 'ਸਮਾਰਟ ਲੌਕਡਾਊਨ' ਲਗਾ ਕੇ ਲੋਕਾਂ ਨੂੰ ਕਰੋਨਾ ਮਹਾਮਾਰੀ ਦੀ ਮਾਰ ਤੋਂ ਵੀ ਬਚਾ ਲਿਆ ਅਤੇ ਆਰਥਿਕਤਾ ਨੂੰ ਵੀ ਡੁੱਬਣ ਨਹੀਂ ਦਿੱਤਾ.

ਇਸ ਨਾਵਲ ਵਿੱਚ ਤੁਸੀਂ ਇਹ ਵੀ ਪੜ੍ਹੋਗੇ ਕਿ ਭਾਵੇਂ ਕਿ ਕਰੋਨਾ ਮਹਾਮਾਰੀ ਚੀਨ ਦੇ ਵੂਹਾਨ ਸ਼ਹਿਰ ਤੋਂ ਹੀ ਸ਼ੁਰੂ ਹੋਈ ਸੀ ਅਤੇ ਉਸਨੇ  ਚੀਨ ਵਿੱਚ ਆਪਣਾ ਭਿਆਨਕ ਰੂਪ ਵੀ ਦਿਖਾਇਆ ਸੀ; ਪਰ ਇਸਦੇ ਬਾਵਜੂਦ ਵੀ ਚੀਨ ਕਰੋਨਾ ਮਹਾਮਾਰੀ ਉੱਤੇ ਕਾਬੂ ਪਾਉਣ ਵਿੱਚ ਕਾਮਿਯਾਬ ਹੋਇਆ. ਇਸਦੇ ਨਾਲ ਨਾਲ ਹੀ ਜਦੋਂ ਕਿ ਕਰੋਨਾ ਮਹਾਮਾਰੀ ਸੰਕਟ ਦੌਰਾਨ ਤਕਰੀਬਨ ਹਰ ਦੇਸ਼ ਦੀ ਆਰਥਿਕਤਾ ਬਹੁਤ ਬੁਰੀ ਤਰ੍ਹਾਂ ਡਿੱਗ ਪਈ; ਪਰ ਚੀਨ ਦੀ ਆਰਥਿਕਤਾ ਸ਼ਕਤੀਸ਼ਾਲੀ ਹੋ ਕੇ ਉੱਭਰੀ. ਜਿਸ ਸਦਕਾ ਚੀਨ ਵਿਸ਼ਵ3 ਦੀ ਸੁਪਰਪਾਵਰ ਬਣ ਕੇ ਉੱਭਰਿਆ.

ਕਰੋਨਾ ਮਹਾਮਾਰੀ ਸੰਕਟ ਨੇ 'ਪ੍ਰਵਾਸੀ' ਸ਼ਬਦ ਦੇ ਅਰਥ ਹੀ ਬਦਲ ਦਿੱਤੇ.

ਕਰੋਨਾ ਮਹਾਮਾਰੀ ਸੰਕਟ ਤੋਂ ਪਹਿਲਾਂ ਕੋਈ ਪ੍ਰਵਾਸੀ ਹਿੰਦੁਸਤਾਨੀ ਹਿੰਦੁਸਤਾਨ ਦੀ ਸੈਰ ਕਰਨ ਆਉਂਦਾ ਸੀ ਜਾਂ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਉਂਦਾ ਸੀ ਤਾਂ ਹਰ ਪਾਸੇ ਉਸਦਾ ਖਿੜ੍ਹੇ ਮੱਥੇ ਸੁਆਗਤ ਹੁੰਦਾ ਸੀ. ਹਰ ਜਗਾਹ ਉਸਨੂੰ ਮਾਣ ਸਨਮਾਨ ਮਿਲਦਾ ਸੀ; ਲੋਕ ਪ੍ਰਵਾਸੀ ਦੇ ਆਉਣ ਦਾ ਘੰਟਿਆਂ ਬੱਧੀ ਇੰਤਜ਼ਾਰ ਕਰਿਆ ਕਰਦੇ ਸਨ.

ਪਰ ਇਨ੍ਹਾਂ ਸਮਿਆਂ ਨੇ ਪ੍ਰਵਾਸੀ ਨੂੰ ਪੁਲਿਸ/ਖੁਫ਼ੀਆ ਏਜੰਸੀਆਂ/ਸਿਹਤ ਵਿਭਾਗ ਦੇ ਕਰਮਚਾਰੀਆਂ ਦੀਆਂ ਨਜ਼ਰਾਂ ਵਿੱਚ ਸ਼ੱਕੀ ਕਰਿਮਨਿਲ ਬਣਾ ਦਿੱਤਾ ਸੀ. ਸਰਕਾਰੀ ਏਜੰਸੀਆਂ ਪ੍ਰਵਾਸੀਆਂ ਦੇ ਟਿਕਾਣਿਆਂ ਦੇ ਬਾਹਰ ਇਸ ਤਰ੍ਹਾਂ ਉਸਦਾ ਨਾਮ ਲਿਖ ਦਿੰਦੀਆਂ ਸਨ ਜਿਵੇਂ ਕਿਤੇ ਉਹ ਕਿਸੇ ਦੁਸ਼ਮਣ ਦੇਸ਼ ਦਾ ਦਹਿਸ਼ਤਗਰਦ ਹੋਵੇ ਅਤੇ ਆਪਣੇ ਨਾਲ ਹਿੰਦੁਸਤਾਨ ਦੀ ਤਬਾਹੀ ਲਈ ਕਰੋਨਾ ਮਹਾਮਾਰੀ ਦੇ ਕੀਟਾਣੂੰਆਂ ਦਾ  ਬੰਬ ਲੈ ਕੇ ਆਇਆ ਹੋਵੇ.

ਇਸ ਨਾਵਲ ਵਿੱਚ ਤੁਸੀਂ ਇਹ ਵੀ ਪੜ੍ਹੋਗੇ ਕਿ ਕਰੋਨਾ ਮਹਾਮਾਰੀ ਨੇ ਸਿਰਫ ਬੁਰੀਆਂ ਗੱਲਾਂ ਹੀ ਨਹੀਂ ਲਿਆਂਦੀਆਂ; ਇਸਨੇ ਅਨੇਕਾਂ ਚੰਗੀਆਂ ਗੱਲਾਂ ਵੀ ਪੈਦਾ ਕੀਤੀਆਂ. ਵਿਸ਼ੇਸ਼ ਕਰਕੇ ਵਾਤਾਵਰਨ ਵਿੱਚ ਸ਼ੁੱਧਤਾ ਲਿਆਂਦੀ. ਕਰੋਨਾ ਮਹਾਮਾਰੀ ਨੇ ਲੋਕਾਂ ਦੇ ਮਨਾਂ ਵਿੱਚ ਪ੍ਰਦੂਸ਼ਣ ਰਹਿਤ ਵਾਤਾਵਰਨ ਦੀ ਮਹੱਤਤਾ ਦਾ ਵੀ ਅਹਿਸਾਸ ਪੈਦਾ ਕੀਤਾ.

'ਕਰੋਨਾ ਕਾਫ਼ਲੇ' ਨਾਵਲ ਦੀ ਤਿਆਰੀ ਦੌਰਾਨ ਮੈਂ ਕਰੋਨਾ ਮਹਾਮਾਰੀ ਸੰਕਟ ਬਾਰੇ ਪੰਜਾਬੀ, ਅੰਗ੍ਰੇਜ਼ੀ, ਹਿੰਦੀ ਵਿੱਚ ਛਪੀਆਂ ਅਨੇਕਾਂ ਕਿਤਾਬਾਂ ਅਤੇ ਨਿਬੰਧ ਪੜ੍ਹੇ. ਇਹ ਲਿਖਤਾਂ ਮੈਂ ਅਖਬਾਰਾਂ ਅਤੇ ਮੈਗਜ਼ੀਨਾਂ ਵਿੱਚ ਵੀ ਪੜ੍ਹੀਆਂ. ਇੰਟਰਨੈੱਟ ਅਤੇ ਫੇਸਬੁੱਕ ਮੀਡੀਆ ਰਾਹੀਂ ਵੀ ਕਰੋਨਾ ਮਹਾਮਾਰੀ ਬਾਰੇ ਮੈਨੂੰ ਬਹੁਤ ਜਾਣਕਾਰੀ ਮਿਲੀ. ਕਰੋਨਾ ਮਹਾਮਾਰੀ ਸੰਕਟ ਦੌਰਾਨ ਮੈਨੂੰ ਜਨਵਰੀ 2020 ਤੋਂ ਅਗਸਤ 2020 ਤੱਕ ਹਿੰਦੁਸਤਾਨ ਵਿੱਚ ਰਹਿਣਾ ਪਿਆ. ਜਿਸ ਕਾਰਨ ਮੈਂ ਇਸ ਵਿਸ਼ੇ ਨਾਲ ਸਬੰਧਤ ਅਨੇਕਾਂ

ਟੈਲੀਵੀਜ਼ਨ ਬਹਿਸਾਂ ਵੀ ਸੁਣੀਆਂ, ਹਿੰਦੁਸਤਾਨ ਦੇ ਰਾਜਨੀਤੀਵਾਨਾਂ ਅਤੇ ਮੰਤਰੀਆਂ ਦੇ ਭਾਸ਼ਨ ਵੀ ਸੁਣੇ. ਇਸ ਦੌਰਾਨ ਮੈਂ ਟੈਲੀਵੀਜ਼ਨ ਮਾਧਿਅਮ ਰਾਹੀਂ ਉਹ ਸਭ ਕੁਝ ਦੇਖਿਆ ਜਿਨ੍ਹਾਂ ਹਾਲਤਾਂ ਵਿੱਚੋਂ ਹਿੰਦੁਸਤਾਨ ਦੇ ਕਰੋੜਾਂ ਲੋਕਾਂ ਨੂੰ ਲੰਘਣਾ ਪਿਆ.

'ਕਰੋਨਾ ਕਾਫ਼ਲੇ' ਨਾਵਲ ਦੀ ਤਿਆਰੀ ਦੌਰਾਨ ਭਾਵੇਂ ਕਿ ਮੈਂ ਬੇਸ਼ੁਮਾਰ ਲਿਖਤਾਂ ਪੜ੍ਹੀਆਂ, ਪਰ ਜਿਨ੍ਹਾਂ ਲੇਖਕਾਂ ਦੀਆਂ ਲਿਖਤਾਂ ਕਿਸੇ ਨ ਕਿਸੇ ਰੂਪ ਵਿੱਚ 'ਕਰੋਨਾ ਕਾਫ਼ਲੇ' ਨਾਵਲ ਲਿਖਣ ਵਿੱਚ ਮੇਰੀਆਂ ਸਹਾਈ ਹੋਈਆਂ ਉਨ੍ਹਾਂ ਕੁਝ ਕੁ ਲੇਖਕਾਂ/ਬੁੱਧੀਜੀਵੀਆਂ/ਪੱਤਰਕਾਰਾਂ/ਵਿਗਿਆਨੀਆਂ ਦਾ ਮੈਂ ਧੰਨਵਾਦ ਕਰਦਿਆਂ ਹੋਇਆਂ ਵਿਸ਼ੇਸ਼ ਜ਼ਿਕਰ ਕਰਨਾ ਆਪਣੀ ਜ਼ਿਮੇਵਾਰੀ ਸਮਝਦਾ ਹਾਂ. ਉਹ ਕੁਝ ਕੁ ਨਾਮ ਇਸ ਪ੍ਰਕਾਰ ਹਨ : ਡਾ. ਕੁਲਦੀਪ ਸਿੰਘ ਦੀਪ, ਡਾ. ਸ਼ਿਆਮ ਸੁੰਦਰ ਦੀਪਤੀ, ਡਾ. ਸਵਰਾਜਬੀਰ, ਡਾ. ਸੁਖਪਾਲ ਸੰਘੇੜਾ, ਅਰੁੰਧਤੀ ਰਾਏ, ਬਰਖਾ ਦੱਤ, ਡੈਬੂਰਾ ਮੈਕੈਂਜ਼ੀ, ਚਾਰਲੀ ਜੇਮਜ਼, ਜੋਇਆਨਾ ਕੌਕਰੈਲ, ਸੋਨੀਆ, ਬੈਰੀਟੈਲੋ, ਥਾਮਸ ਪੈਰੋਦ, ਐਮਾ ਗੈਰੋਨੋ, ਬਲਤੇਜ ਪੰਨੂ, ਯਸ਼ਵੰਤ ਸਿੰਨਾ, ਪ੍ਰਿਯਾਮਵਾਥਾ ਪੀ., ਰਿਚਰਡ ਹੋਰਟਨ, ਨਿਕੋਲ ਥਾਮਪਸਨ, ਮਾਈਕ ਕਰਾਲੈ, ਸੋਨੀਆ ਨੌਰਿਸ, ਅਸਦ ਤਾਹਿਰ ਜਪਾ, ਮਾਰਤਾ ਰਿਬੂਲ, ਸਾਰਾ ਬੈਲੀਗੋਨੀ, ਸਾਮੱਈਆ ਲਾਤੀਫ਼, ਕੰਵਰ ਖੁਲਦੂਨੇ ਸ਼ਾਹਿਦ, ਸੋਇਬ ਡੈਨੀਅਲ, ਮੂਸਾ ਆਬਾਸ, ਆਰਮੀਨ ਨੋਰੂਜ਼ਪੂਰ, ਫਰਦੀਨੈਂਦੋ ਗਿਆਲੀਓਨੋ, ਐਲਬਰਟ ਕਾਮੂ, ਜਗਦੀਸ਼ ਗਰੇਵਾਲ, ਸੁਰਜੀਤ ਸਿੰਘ ਫਲੋਰਾ, ਸੁਖਵੰਤ ਹੁੰਦਲ, ਡਾ. ਅਰਵਿੰਦਰ ਕਾਕੜਾ, ਪਾਵੇਲ ਕੁੱਸਾ, ਬਲਵਿੰਦਰ ਸਿੰਘ ਸੋਢੀ, ਰਸ਼ਪਾਲ ਸਿੰਘ, ਨਰਪਾਲ ਸਿੰਘ ਸ਼ੇਰਗਿੱਲ, ਹਰਜਿੰਦਰ ਸਿੰਘ ਗੁਲਪੁਰ, ਡਾ. ਸਵਾਮੀ ਸਰਬਜੀਤ, ਡਾ. ਗਗਨਦੀਪ ਕੌਰ, ਰਮੇਸ਼ ਪੋਖਰਿਯਾਲ 'ਨਿਸ਼ੰਕ', ਮਨਮੋਹਨ, ਮਨਜੀਤ ਮਾਨ, ਦਰਸ਼ਨ ਸਿੰਘ ਖਟਕੜ, ਡਾ. ਪਿਆਰਾ ਲਾਲ ਗਰਗ, ਡਾ. ਮਨੀਸ਼ਾ ਬੱਤਰਾ, ਐਸ. ਪੀ. ਸਿੰਘ, ਸ਼ੇਖਰ ਗੁਪਤਾ, ਸ਼ੌਂਕੀ ਇੰਗਲੈਂਡੀਆ, ਡਾ. ਮਨਜੀਤ ਸਿੰਘ ਬਲ, ਸਵਾਤੀ ਪਾਂਡੇ, ਮਿੰਟੂ ਬਰਾੜ ਅਤੇ ਗੁਰਬਚਨ ਜਗਤ ਆਦਿ.

ਇਸ ਤੋਂ ਬਿਨ੍ਹਾਂ ਮੈਂ ਤਰਕਭਾਰਤੀ ਪ੍ਰਕਾਸ਼ਨ, ਬਰਨਾਲਾ ਦੇ ਅਮਿਤ ਮਿੱਤਰ ਦਾ ਧੰਨਵਾਦ ਕਰਨਾ ਵੀ ਆਪਣੀ ਜ਼ਿੰਮੇਵਾਰੀ ਸਮਝਦਾ ਹਾਂ ਜਿਨ੍ਹਾਂ ਦੇ ਮਿਲਵਰਤਣ ਬਿਨ੍ਹਾਂ ਇਹ ਕਿਤਾਬ ਪਾਠਕਾਂ ਤੱਕ ਸਮੇਂ ਸਿਰ ਨਹੀਂ ਪਹੁੰਚ ਸਕਦੀ ਸੀ.

ਸ਼ਾਇਰ ਅਤੇ ਆਰਟਿਸਟ ਸਲੀਮ ਪਾਸ਼ਾ ਦਾ ਵੀ ਮੈਂ ਧੰਨਵਾਦੀ ਹਾਂ ਜਿਸਨੇ ਇਸ ਕਿਤਾਬ ਦਾ ਕਵਰ ਡਿਜ਼ਾਈਨ ਤਿਆਰ ਕੀਤਾ ਹੈ.

ਅਗਸਤ 30, 2021

**ਸੁਖਿੰਦਰ**
ਮਾਲਟਨ, ਕੈਨੇਡਾ

# 1.

ਥਾਲੀਆਂ ਦੀ ਗੜਗੜਾਹਟ ਵਿੱਚ ਨੇਤਾ ਜੀ ਨੇ ਟੈਲੀਵੀਜ਼ਨ ਸਕਰੀਨ ਉੱਤੇ ਆਉਂਦਿਆਂ ਹੀ ਐਲਾਨ ਕੀਤਾ :

'ਭੈਣੋਂ ਤੇ ਭਰਾਵੋ,
ਮਹਾਂਭਾਰਤ 18 ਦਿਨਾਂ ਵਿੱਚ ਜਿੱਤ ਲਿਆ ਗਿਆ ਸੀ.
ਅਸੀਂ ਕਰੋਨਾ ਮਹਾਂਮਾਰੀ ਖਿਲਾਫ਼ ਯੁੱਧ 21 ਦਿਨਾਂ ਵਿੱਚ ਜਿੱਤ ਲਵਾਂਗੇ'

ਹਰ ਤਰਫ਼, ਸੰਖ ਵੱਜਣ ਦੀਆਂ ਆਵਾਜ਼ਾਂ ਆਈਆਂ.

ਨੇਤਾ ਜੀ ਨੂੰ 21 ਤੋਪਾਂ ਦੀ ਸਲਾਮੀ ਦਿੱਤੀ ਗਈ.

ਨੌਜਵਾਨ ਮੁੰਡਿਆਂ ਅਤੇ ਕੁੜੀਆਂ ਨੇ ਉੱਚੀ ਆਵਾਜ਼ ਵਿੱਚ ਕੁਝ ਇਸ ਤਰ੍ਹਾਂ ਦਾ ਗੀਤ ਗਾਉਣਾ ਸ਼ੁਰੂ ਕਰ ਦਿੱਤਾ :

'ਜਿੱਤੇਗਾ ਬਈ, ਜਿੱਤੇਗਾ
ਥਾਲੀ ਵਜਾਉਣ ਵਾਲਾ ਜਿੱਤੇਗਾ
ਜਿੱਤੇਗਾ ਬਈ, ਜਿੱਤੇਗਾ
ਭਾਂਡੇ ਖੜਕਾਉਣ ਵਾਲਾ ਜਿੱਤੇਗਾ
ਜਿੱਤੇਗਾ ਬਈ, ਜਿੱਤੇਗਾ
ਦੀਵੇ ਜਗਾਉਣ ਵਾਲਾ ਜਿੱਤੇਗਾ'

ਕੁਝ ਨੌਜਵਾਨ ਕੁਝ ਜ਼ਿਆਦਾ ਹੀ ਭਾਵੁਕ ਹੋ ਗਏ.

ਉਨ੍ਹਾਂ ਨੇ ਆਪਣੇ ਘਰਾਂ ਤੋਂ ਬਾਹਰ ਸੜਕਾਂ ਉੱਤੇ ਆ ਕੇ, ਥਾਲੀਆਂ ਅਤੇ ਪਲੇਟਾਂ ਖੜਕਾਂਦਿਆਂ, ਭੰਗੜਾ ਪਾਉਣਾ ਸ਼ੁਰੂ ਕਰ ਦਿੱਤਾ ਅਤੇ ਉਹ ਇਹ ਗੀਤ ਪੂਰੇ ਤਰੰਨਮ ਵਿੱਚ ਗਾਉਣ ਲੱਗੇ :

'ਤੇਰਾ ਲਿਖ ਦੂੰ
ਕਰੋਨਿਆ ਮੈਂ ਨਾਂ
ਥਾਲੀ ਤੇ ਪਲੇਟ
ਦੇ ਉੱਤੇ'

# 2.

ਪ੍ਰੋ. ਸ਼ਿਵ ਸ਼ੰਕਰ ਨੇ ਵੀ, ਟੀਵੀ ਉੱਤੇ ਪ੍ਰਸਾਰਿਤ ਹੋਇਆ, ਨੇਤਾ ਜੀ ਦਾ ਭਾਸ਼ਨ ਸੁਣਿਆ ਸੀ.

ਉਸਨੇ, ਯੂਨੀਵਰਸਿਟੀ ਦੇ ਪੁਲਿਟੀਕਲ ਸਾਇੰਸ ਡਿਪਾਰਟਮੈਂਟ ਵਿੱਚ ਆਪਣੀ ਕੁਲੀਗ, ਸਪਨਾ ਮੁਕਰਜੀ ਵੱਲ ਦੇਖਦਿਆਂ ਉਸਨੂੰ ਪੁੱਛਿਆ : "ਸਪਨਾ ਮੁਕਰਜੀ, ਨੇਤਾ ਜੀ ਵੱਲੋਂ ਕੀਤੇ ਜਾ ਰਹੇ ਇਸ ਦਾਹਵੇ ਬਾਰੇ ਤੇਰਾ ਕੀ ਖਿਆਲ ਹੈ? ਕੀ ਨੇਤਾ ਜੀ ਅਤੇ ਉਨ੍ਹਾਂ ਦੀ ਸਰਕਾਰ 21 ਦਿਨ ਵਿੱਚ ਕਰੋਨਾ ਮਹਾਮਾਰੀ ਉੱਤੇ ਕਾਬੂ ਪਾ ਲੈਣਗੇ?"

ਸਪਨਾ ਮੁਕਰਜੀ ਬੋਲੀ : "ਕਰੋਨਾ ਮਹਾਮਾਰੀ ਉੱਤੇ ਕਾਬੂ ਪਾ ਲੈਣਾ ਵਿਗਿਆਨ ਅਤੇ ਤਕਨਾਲੋਜੀ ਦੇ ਯਤਨਾਂ ਉੱਤੇ ਨਿਰਭਰ ਕਰਦਾ ਹੈ; ਪਰ ਇਨ੍ਹਾਂ ਯਤਨਾਂ ਦੀ ਨੇਤਾ ਜੀ ਵੱਲੋਂ ਹਿੰਦੂ ਧਰਮ ਦੇ ਮਿਥਿਹਾਸਕ ਹਥਿਆਰਬੰਦ ਯੁੱਧ ਮਹਾਂਭਾਰਤ ਨਾਲ ਤੁਲਣਾ ਕਰਨ ਦਾ ਮੈਨੂੰ ਤਾਂ ਕੋਈ ਤੁਕ ਨਹੀਂ ਲੱਗਦਾ. ਜਾਪਦਾ ਹੈ ਜਿਵੇਂ ਨੇਤਾ ਜੀ ਕਰੋਨਾ ਮਹਾਮਾਰੀ ਨੂੰ ਠੱਲ੍ਹ ਪਾਉਣ ਦੇ ਬਹਾਨੇ ਲੋਕਾਂ ਦੀ ਸੋਚ ਦੀ ਦਿਸ਼ਾ ਵਿਗਿਆਨ ਵੱਲੋਂ ਹਟਾ ਕੇ ਧਾਰਮਿਕ ਕੱਟੜਵਾਦ ਅਤੇ ਅੰਧ-ਵਿਸ਼ਵਾਸਾਂ ਵੱਲ ਮੋੜਨ ਦੀ ਕੋਈ ਗੁਪਤ ਯੋਜਨਾ ਆਪਣੇ ਮਨ ਵਿੱਚ ਬਣਾਈ ਬੈਠੇ ਹਨ. ਹਿੰਦੁਸਤਾਨ ਸਰਕਾਰ ਦੇ ਸਿਹਤ ਵਿਭਾਗ ਦੇ ਬੁਲਾਰਿਆਂ ਨੇ ਤਾਂ ਬਹੁਤ ਹੀ ਸਪੱਸ਼ਟ ਸ਼ਬਦਾਂ ਵਿੱਚ ਕਹਿ ਦਿੱਤਾ ਕਿ ਕਰੋਨਾਵਾਇਰਸ ਮਹਾਮਾਰੀ ਦਾ ਨ ਤਾਂ ਅਜੇ ਕੋਈ ਇਲਾਜ, ਨ ਕੋਈ ਦਵਾਈ, ਨ ਹੀ ਕੋਈ ਵੈਕਸੀਨ ਹੈ- ਸਿਰਫ ਅਤੇ ਸਿਰਫ, ਇਸ ਬੀਮਾਰੀ ਦੀ ਲਾਗ ਤੋਂ ਬਚ ਕੇ ਰਹਿਣ ਵਿੱਚ ਹੀ ਬਚਾਓ ਹੈ; ਪਰ, ਫਿਰ ਵੀ, ਪਤਾ ਨਹੀਂ ਕਿਉਂ, ਕੁਝ ਹਿੰਦੂ ਧਾਰਮਿਕ ਕੱਟੜਵਾਦੀ ਸੰਸਥਾਵਾਂ ਇਸ ਗੱਲ ਦਾ ਲਗਾਤਾਰ ਪ੍ਰਚਾਰ ਕਰ ਰਹੀਆਂ ਕਿ ਗਊ ਮਾਤਾ ਦਾ ਮੂਤਰ ਪੀਣ ਨਾਲ ਤੁਹਾਡੇ ਜਿਸਮ ਦਾ ਇਮੀਊਨ ਸਿਸਟਮ ਤਾਕਤਵਰ ਹੁੰਦਾ. ਉਹ ਤਾਂ ਇਹ ਵੀ ਕਹਿ ਰਹੀਆਂ ਇਸ ਤਰ੍ਹਾਂ ਕਰੋਨਾ ਵਾਇਰਸ ਤੁਹਾਡੇ ਉੱਤੇ ਹਮਲਾ ਕਰ ਹੀ ਨਹੀਂ ਸਕਦਾ."

ਪ੍ਰੋ. ਸ਼ਿਵ ਸ਼ੰਕਰ ਬੋਲਿਆ : "ਸਪਨਾ ਮੁਕਰਜੀ, ਤੇਰੀ ਗੱਲ ਨਾਲ ਮੈਂ ਸਹਿਮਤ ਹਾਂ. ਹਿੰਦੂਵਾਦੀ ਭਾਜਪਾਈਆਂ ਦਾ ਗਊ ਮਾਤਾ ਨਾਲ ਕੁਝ ਜ਼ਿਆਦਾ ਹੀ ਲਗਾਓ ਹੋਣ ਕਰਕੇ ਕੁਝ ਹਿੰਦੂ ਕੱਟੜਵਾਦੀਆਂ ਨੇ ਧਾਰਮਿਕ ਜੋਸ਼ ਵਿੱਚ ਆ ਕੇ, ਹਿੰਦੁਸਤਾਨ ਵਿੱਚ, ਕਈ ਥਾਵਾਂ ਉੱਤੇ ਗਊ ਮੂਤਰ ਦੀਆਂ ਛਬੀਲਾਂ ਵੀ ਲਗਾਈਆਂ. ਜਿੱਥੇ ਆ ਕੇ ਲੋਕ ਗਊ ਮਾਤਾ ਦਾ ਮੂਤਰ ਜੀਅ ਭਰਕੇ ਪੀਂਦੇ. ਅਖਿਲ ਭਾਰਤ ਹਿੰਦੂ ਮਹਾਂਸਭਾ ਦੇ ਪ੍ਰਧਾਨ ਚੱਕਰਪਾਨੀ ਮਹਾਰਾਜ ਨੇ ਦਿੱਲੀ ਸਥਿਤ ਆਪਣੇ ਮੁੱਖ ਦਫਤਰ ਵਿੱਚ ਗਊ ਮਾਤਾ ਦਾ ਮੂਤਰ ਪੀਣ ਵਾਲਿਆਂ ਦੀ ਪਾਰਟੀ ਕੀਤੀ. ਜਿਸ ਵਿੱਚ 200 ਲੋਕ ਸ਼ਾਮਿਲ ਹੋਏ. ਇਨ੍ਹਾਂ ਲੋਕਾਂ ਦਾ ਵਿਚਾਰ ਐ ਕਿ ਗਾਂ ਦਾ ਮੂਤਰ ਕੈਂਸਰ ਬੀਮਾਰੀ ਦਾ ਇਲਾਜ ਕਰ ਸਕਦਾ ਅਤੇ ਕਰੋਨਾਵਾਇਰਸ ਮਹਾਂਮਾਰੀ ਦਾ ਵੀ ਇਲਾਜ ਕਰ ਸਕਦਾ."

ਪ੍ਰੋ. ਤੁਲਸੀ ਦਾਸ, ਜੋ ਕਿ ਭਾਜਪਾ ਦਾ ਇੱਕ ਸਰਗਰਮ ਪਾਰਟੀ ਮੈਂਬਰ ਸੀ, ਹਿੰਦੂ ਧਾਰਮਿਕ ਕੱਟੜਵਾਦੀਆਂ ਦੀ ਏਨੀ ਸਖਤ ਆਲੋਚਨਾ ਹੁੰਦੀ ਦੇਖ ਚੁੱਪ ਨ ਰਹਿ ਸਕਿਆ.

ਪ੍ਰੋ. ਸ਼ਿਵ ਸ਼ੰਕਰ ਅਤੇ ਸਪਨਾ ਮੁਕਰਜੀ ਦਰਮਿਆਨ ਚੱਲ ਰਹੀ ਗੱਲਬਾਤ ਵਿੱਚ ਦਖਲ ਦਿੰਦਿਆਂ, ਪ੍ਰੋ. ਤੁਲਸੀ ਦਾਸ ਬੋਲਿਆ : "ਬਈ, ਜੇਕਰ ਤੁਹਾਨੂੰ ਗਊ ਮਾਤਾ ਜੀ ਦੇ ਮੂਤਰ ਅਤੇ ਗੋਹੇ ਦੀ ਤਾਕਤ ਵਿੱਚ ਵਿਸ਼ਵਾਸ ਨਹੀਂ ਤਾਂ ਇਹ ਤੁਹਾਡੀ ਪਰੋਬਲਮ ਐ. ਜਿਨ੍ਹਾਂ ਕਰੋੜਾਂ ਗਊ ਮਾਤਾ ਜੀ ਦੇ ਭਗਤਾਂ ਨੂੰ ਵਿਸ਼ਵਾਸ ਐ ਕਿ ਗਊ ਮਾਤਾ ਦਾ ਮੂਤਰ ਪੀ ਕੇ ਅਤੇ ਗਊ ਮਾਤਾ ਦਾ ਗੋਹਾ ਖਾਹ ਕੇ ਸਾਡਾ ਕਰੋਨਾ ਮਹਾਮਾਰੀ ਤੋਂ ਬਚਾਅ ਹੋ ਸਕਦਾ ਉਨ੍ਹਾਂ ਨੂੰ ਅਜਿਹਾ ਕਰਨ ਤੋਂ ਕੌਣ ਰੋਕ ਸਕਦਾ?"

ਮੁਹੰਮਦ ਸਲੀਮ ਬੋਲਿਆ : "ਹਿੰਦੂ ਕੱਟੜਵਾਦੀਆਂ ਵਿੱਚ ਅਗਿਆਨਤਾ ਅਤੇ ਅੰਧਵਿਸ਼ਵਾਸ ਇਸ ਹੱਦ ਤੱਕ ਫੈਲਿਆ ਹੋਇਆ ਕਿ ਅਸਾਮ ਪ੍ਰਾਂਤ ਦੀ ਅਸੈਂਬਲੀ ਮੈਂਬਰ ਸੁਮਨ ਹਾਰਪ੍ਰੀਆ ਨੇ ਤਾਂ ਅਸਾਮ ਦੀ ਅਸੈਂਬਲੀ ਵਿੱਚ ਹੀ ਬਿਆਨ ਦੇ ਦਿੱਤਾ ਕਿ ਗਊ ਮਾਤਾ ਦੇ ਮੂਤਰ ਅਤੇ ਗਊ ਦੇ ਗੋਹੇ ਨਾਲ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਲੋਕਾਂ ਦਾ ਇਲਾਜ ਕੀਤਾ ਜਾ ਸਕਦਾ. ਭਾਵੇਂ ਕਿ ਹਿੰਦੁਸਤਾਨ ਵਿੱਚ ਮੈਡੀਕਲ ਐਕਸਪਰਟਸ ਬਾਰ ਬਾਰ ਕਹਿ ਰਹੇ ਕਿ ਨ ਤਾਂ ਗਊ ਮਾਤਾ ਦਾ ਮੂਤਰ ਅਤੇ ਨ ਹੀ ਗੋਹਾ ਕੈਂਸਰ ਦਾ ਇਲਾਜ ਕਰ ਸਕਦਾ ਅਤੇ ਨ ਹੀ ਕਰੋਨਾਵਾਇਰਸ ਦਾ ਹੀ."

ਫ਼ਾਜੀਆ ਸਦੀਕੀ ਬੋਲੀ : "ਕਿਉਂ ਐਂਵੇਂ ਤੁਸੀਂ ਸਾਰੇ ਹਿੰਦੂ ਧਾਰਮਿਕ ਕੱਟੜਵਾਦੀਆਂ ਦੇ ਪਿੱਛੇ ਹੱਥ ਧੋ ਕੇ ਪਏ ਹੋਏ ਹੋ. ਲੱਗਦਾ ਤੁਸੀਂ ਅਜੇ ਸੁਣਿਆ ਨਹੀਂ ਕਿ ਪਾਕਿਸਤਾਨ ਦੇ ਮੁੱਲਾਂ ਕਰੋਨਾ ਮਹਾਮਾਰੀ ਦਾ ਕੀ ਇਲਾਜ ਦੱਸ ਰਹੇ ਐ? ਮੁੱਲਾਂ ਕਹਿੰਦੇ ਕਿ ਤੁਸੀਂ ਸਾਰਾ ਦਿਨ ਸੁੱਤੇ ਰਹੋਗੇ ਤਾਂ ਕਰੋਨਾਵਾਇਰਸ ਵੀ ਸਾਰਾ ਦਿਨ ਸੁੱਤਾ ਹੀ ਰਹੇਗਾ. ਬੱਸ, ਜਦੋਂ ਤੁਸੀਂ ਮਰ ਗਏ ਤਾਂ ਕਰੋਨਾਵਾਇਰਸ ਨੇ ਵੀ ਤੁਹਾਡੇ ਨਾਲ ਹੀ ਮਰ ਜਾਣਾ.....ਹਾ....ਹਾ....ਹਾ.....ਹਾ.....ਹਾ.....ਹਾ....ਹਾ....ਹਾ.....ਹਾ."

ਨਿਸ਼ਾ ਤਬੱਸਮ ਬੋਲੀ : "ਇੱਕ ਹਿੰਦੂਵਾਦੀ ਯੋਗਾ ਗੁਰੂ ਬਾਬਾ ਰਾਮਦੇਵ ਵੀ ਆਪਣੇ ਟੈਲੀਵੀਜ਼ਨ ਪ੍ਰੋਗਰਾਮਾਂ ਵਿੱਚ ਬਾਰ ਬਾਰ ਕਹਿੰਦਾ ਰਿਹਾ ਕਿ ਯੋਗਾ ਕਰਨ ਨਾਲ ਤੁਹਾਡਾ ਇਮੀਊਨ ਸਿਸਟਮ ਇੰਨਾ ਤਕੜਾ ਹੋ ਜਾਂਦਾ ਕਿ ਕਰੋਨਾਵਾਇਰਸ ਹਮਲਾ ਹੀ ਨਹੀਂ ਕਰ ਸਕਦਾ."

ਸਪਨਾ ਮੁਕਰਜੀ ਬੋਲੀ : "ਕੋਲਕੱਟਾ ਸ਼ਹਿਰ ਵਿੱਚ ਵੀ ਭਾਜਪਾ ਦੇ ਇੱਕ ਐਕਟਿਵਿਸਟ ਨਰਾਇਣ ਚੈਟਰਜੀ ਨੇ ਗਊ ਮਾਤਾ ਦਾ ਮੂਤਰ ਪੀਣ ਵਾਲੇ ਹਿੰਦੂ ਕੱਟੜਵਾਦੀਆਂ ਦੀ ਇੱਕ ਪਾਰਟੀ ਕੀਤੀ. ਉਸ ਪਾਰਟੀ ਵਿੱਚ ਉਸ ਨੇ ਇੱਕ ਪੁਲਿਸ ਅਫਸਰ ਨੂੰ ਜ਼ਬਰਦਸਤੀ ਗਊ ਮਾਤਾ ਦਾ ਮੂਤਰ ਪਿਲਾ ਦਿੱਤਾ. ਜਿਸ ਕਾਰਨ ਪੁਲਿਸ ਅਫਸਰ ਬੀਮਾਰ ਹੋ ਗਿਆ. ਪੁਲਿਸ ਅਫਸਰ ਵੱਲੋਂ ਇਸ ਘਟਨਾ ਦੀ ਸ਼ਿਕਾਇਤ ਪੁਲਿਸ ਦਫਤਰ ਵਿੱਚ ਕਰਨ ਸਦਕਾ ਪੁਲਿਸ ਨੇ ਭਾਜਪਾ ਐਕਟਿਵਿਸਟ ਨਰਾਇਣ ਚੈਟਰਜੀ ਨੂੰ

ਗ੍ਰਿਫਤਾਰ ਕਰ ਲਿਆ.''

ਮੁਹੰਮਦ ਸਲੀਮ ਬੋਲਿਆ : ''ਸਰਕਾਰ ਨੇ ਵੀ ਤਾਂ ਅਜਿਹੇ ਧਾਰਮਿਕ ਕੱਟੜਵਾਦੀ ਹਿੰਦੂਆਂ ਦੀ ਕਦੀ ਸਖਤ ਸ਼ਬਦਾਂ ਵਿੱਚ ਆਲੋਚਨਾ ਵੀ ਤਾਂ ਨਹੀਂ ਕੀਤੀ. ਸਾਰੀ ਸਮੱਸਿਆ ਦੀ ਅਸਲੀ ਜੜ੍ਹ ਤਾਂ ਇਹੀ ਹੈ.''

ਨਿਸ਼ਾ ਤਬੱਸਮ ਬੋਲੀ: ''ਅਜਿਹੀਆਂ ਘਟਨਾਵਾਂ ਤੋਂ ਉਤਸ਼ਾਹਤ ਹੋ ਕੇ ਸ਼ੇਖ ਮਸੂਦ ਨਾਮ ਦੇ ਇੱਕ ਦੁੱਧ ਵੇਚਣ ਵਾਲੇ ਨੇ ਲੋਕਾਂ ਨੂੰ 500 ਰੁਪਏ ਲਿਟਰ ਗਊ ਮਾਤਾ ਦਾ ਮੂਤਰ ਅਤੇ ਗਊ ਮਾਤਾ ਦਾ ਗੋਹਾ 400 ਰੁਪਏ ਕਿੱਲੋ ਵੇਚਣਾ ਸ਼ੁਰੂ ਕਰ ਦਿੱਤਾ. ਉਸਨੇ ਆਪਣੀ ਦੁਕਾਨ ਉੱਤੇ ਇਹ ਲਿਖ ਕੇ ਲਗਾਇਆ ਹੋਇਆ ਸੀ :

''ਗਊ ਮਾਤਾ ਦਾ ਮੂਤਰ
ਗਊ ਮਾਤਾ ਦਾ ਗੋਹਾ
ਕਰੋਨਾਵਾਇਰਸ ਮਹਾਮਾਰੀ ਨੂੰ
ਦੂਰ ਭਜਾਂਦਾ''

ਇਸ ਦੁੱਧ ਵੇਚਣ ਵਾਲੇ ਨੂੰ ਵੀ ਪੱਛਮੀ ਬੰਗਾਲ ਦੇ ਹੁਗਲੀ ਸ਼ਹਿਰ ਦੀ ਪੁਲਿਸ ਨੇ ਗ੍ਰਿਫਤਾਰ ਕਰ ਲਿਆ. ਪੱਛਮੀ ਬੰਗਾਲ ਦੀਆਂ ਰਾਜਸੀ ਪਾਰਟੀਆਂ ਤ੍ਰਿਨਾਮੂਲ ਕਾਂਗਰਸ ਅਤੇ ਕਾਂਗਰਸ ਦੇ ਨੇਤਾਵਾਂ ਨੇ ਹਿੰਦੂਵਾਦੀਆਂ ਵੱਲੋਂ ਗਊ ਮਾਤਾ ਦੇ ਮੂਤਰ ਨਾਲ ਕਰੋਨਾਵਾਇਰਸ ਮਹਾਮਾਰੀ ਠੀਕ ਹੋਣ ਦੇ ਦਾਹਵਿਆਂ ਦੀ ਸਖਤ ਸ਼ਬਦਾਂ ਵਿੱਚ ਨਿਖੇਧੀ ਕੀਤੀ. ਉਨ੍ਹਾਂ ਦਾ ਕਹਿਣਾ ਕਿ ਲੋਕਾਂ ਵਿੱਚ ਇਸ ਤਰ੍ਹਾਂ ਦੀ ਅਗਿਆਨਤਾ ਅਤੇ ਗ਼ੈਰ-ਵਿਗਿਆਨਕ ਵਿਚਾਰਾਂ ਦਾ ਪਾਸਾਰ ਕਰਨ ਲਈ ਭਾਰਤੀ ਜਨਤਾ ਪਾਰਟੀ ਹੀ ਜ਼ਿੰਮੇਵਾਰ ਐ. ਜੋ ਕਿ ਗਊ ਮਾਤਾ ਨਾਲ ਲੋੜ ਤੋਂ ਕੁਝ ਜ਼ਿਆਦਾ ਹੀ ਮੋਹ ਦਿਖਾ ਰਹੀ ਐ.''

ਕਰੋਨਾ ਮਹਾਮਾਰੀ ਨੂੰ ਰੋਕਣ ਦੇ ਬਹਾਨੇ, ਨੇਤਾ ਜੀ ਵੱਲੋਂ, ਧਾਰਮਿਕ ਕੱਟੜਵਾਦੀ, ਹਿੰਦੂ ਮਿਥਿਹਾਸਕ, ਵਿਗਿਆਨ ਵਿਰੋਧੀ, ਵਿਚਾਰਾਂ ਨੂੰ ਪ੍ਰਚਾਰਨ ਦੀ ਗੁਪਤ ਯੋਜਨਾ ਬਾਰੇ ਬੁੱਧੀਜੀਵੀਆਂ, ਪੱਤਰਕਾਰਾਂ, ਰਾਜਨੀਤੀਵਾਨਾਂ, ਅਧਿਆਪਕਾਂ, ਵਿਗਿਆਨੀਆਂ ਨੇ ਵੀ ਚੁਕੰਨੇ ਹੋਣਾ ਅਤੇ ਇਸਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ.

# 3.

ਵਾਇਰਸ ਦਾ ਇਤਿਹਾਸ ਦੇਖੀਏ ਤਾਂ ਮਨੁੱਖ ਹਜ਼ਾਰਾਂ ਸਾਲਾਂ ਤੋਂ ਹੀ ਵਾਇਰਸ ਤੋਂ ਪ੍ਰਭਾਵਿਤ ਹੁੰਦਾ ਆ ਰਿਹਾ ਹੈ.

ਕੁਝ ਵਾਇਰਸ ਖੇਤੀ ਨਾਲ ਸਬੰਧਤ ਚੀਜ਼ਾਂ ਤੋਂ ਆਉਂਦੇ ਹਨ ਅਤੇ ਕੁਝ ਜਾਨਵਰਾਂ ਤੋਂ.

ਮਾਤਾ ਅਤੇ ਚੇਚਕ ਦਾ ਵਾਇਰਸ ਮਨੁੱਖ ਨੂੰ ਹਜ਼ਾਰਾਂ ਸਾਲਾਂ ਤੋਂ ਪ੍ਰਭਾਵਿਤ ਕਰਦਾ ਆ ਰਿਹਾ ਅਤੇ ਇਹ ਵਾਇਰਸ ਵੀ ਜਾਨਵਰਾਂ ਦੀਆਂ ਬੀਮਾਰੀਆਂ ਨਾਲ ਹੀ ਸਬੰਧਤ ਹਨ.

ਇਨਫਲੂਐਂਜ਼ਾ ਵਾਇਰਸ ਵੀ ਪਿਛਲੀਆਂ ਕਈ ਸਦੀਆਂ ਤੋਂ ਤਬਾਹੀ ਮਚਾਂਦਾ ਆ ਰਿਹਾ ਹੈ. 1918-19 ਵਿੱਚ ਫੈਲੇ ਵਾਇਰਸ ਨਾਲ ਦੁਨੀਆਂ ਭਰ ਵਿੱਚ, ਇੱਕ ਸਾਲ ਦੇ ਅੰਦਰ-ਅੰਦਰ, 40-50 ਲੱਖ ਲੋਕ ਮਾਰੇ ਗਏ ਸਨ.

ਐਚਆਈਵੀ, ਪਿਛਲੇ ਕੁਝ ਸਮੇਂ ਵਿੱਚ, ਉੱਭਰਿਆ ਇੱਕ ਨਵਾਂ ਵਾਇਰਸ ਹੈ. ਐਚਆਈਵੀ ਤੋਂ ਹੀ ਏਡਜ਼ ਹੁੰਦੀ ਹੈ. ਇਹ ਬੀਮਾਰੀ ਵੀ ਵੀਹਵੀਂ ਸਦੀ ਤੋਂ ਹੀ ਸ਼ੁਰੂ ਹੋਈ ਹੈ. ਕਿਹਾ ਜਾਂਦਾ ਕਿ ਇਹ ਬੀਮਾਰੀ ਅਫਰੀਕਾ ਦੇ ਸਹਾਰਾ ਇਲਾਕੇ ਤੋਂ ਸ਼ੁਰੂ ਹੋਈ ਅਤੇ ਹੁਣ ਤੱਕ ਇਸ ਬੀਮਾਰੀ ਨਾਲ 70 ਮਿਲੀਅਨ ਲੋਕ ਮਰ ਚੁੱਕੇ ਹਨ. 2011 ਤੱਕ ਏਡਜ਼ ਨਾਲ 35 ਲੱਖ ਲੋਕ ਮਰ ਚੁੱਕੇ ਸਨ.

1981 ਵਿੱਚ ਜਦੋਂ 5 ਸਮਲਿੰਗੀਆਂ ਦੀ ਮੌਤ ਬਾਰੇ ਇੱਕ ਆਰਟੀਕਲ ਛਪਿਆ ਤਾਂ ਕਿਸੀ ਨੂੰ ਪਤਾ ਨਹੀਂ ਸੀ ਕਿ ਉਹ ਏਡਜ਼ ਨਾਲ ਮਰੇ ਸਨ. ਕੁਝ ਲੋਕਾਂ ਦਾ ਕਹਿਣਾ ਕਿ ਇਹ ਬੀਮਾਰੀ ਚੈਂਪੈਨਜ਼ੀਜ਼ ਤੋਂ ਆਈ ਹੈ.

ਪਿਛਲੇ ਕੁਝ ਸਾਲਾਂ ਵਿੱਚ ਸਾਰਸ ਅਤੇ ਹੈਪੇਟਾਈਟਸ ਵਾਇਰਸ ਦਾ ਵੀ ਕਾਫੀ ਚਰਚਾ ਰਿਹਾ ਹੈ.

ਵਾਇਰਸ ਦੇ ਇਤਿਹਾਸ ਵਿੱਚ ਕਰੋਨਾਵਾਇਰਸ ਇੱਕ ਬਿਲਕੁਲ ਹੀ ਨਵੀਂ ਤਰ੍ਹਾਂ ਦਾ ਵਾਇਰਸ ਹੈ. ਜਿਸ ਬਾਰੇ ਅਜੇ ਤੱਕ ਵਿਸ਼ਵ ਦੇ ਵਿਗਿਆਨੀਆਂ ਨੂੰ ਕੋਈ ਬਹੁਤੀ ਜਾਣਕਾਰੀ ਨਹੀਂ.

ਮਨੁੱਖੀ ਇਤਿਹਾਸ ਵਿੱਚ ਅਨੇਕਾਂ ਵਾਇਰਸ ਮਹਾਮਾਰੀਆਂ ਆਉਂਦੀਆਂ-ਜਾਂਦੀਆਂ ਰਹੀਆਂ; ਪਰ ਸਾਡੇ ਸਮਿਆਂ ਵਿੱਚ ਆਈ ਕਰੋਨਾ ਮਹਾਮਾਰੀ, ਕਈ ਕਾਰਨਾਂ ਕਰਕੇ, ਇੱਕ ਵੱਖਰੀ ਤਰ੍ਹਾਂ ਦਾ ਹੀ ਵਰਤਾਰਾ ਸਮਝਿਆ ਜਾ ਰਿਹਾ.

ਪ੍ਰੋ. ਸ਼ਿਵ ਸ਼ੰਕਰ ਨੇ, ਯੂਨੀਵਰਸਿਟੀ ਕੌਫ਼ੀ ਹਾਊਸ ਵਿੱਚ, ਕਰੋਨਾ ਮਹਾਮਾਰੀ ਬਾਰੇ ਗੱਲ ਛੇੜਦਿਆਂ ਕਿਹਾ : "ਕਰੋਨਾ ਮਹਾਮਾਰੀ ਵਰਤਾਰੇ ਬਾਰੇ ਅਜੇ ਤੀਕ ਕੋਈ ਵੀ ਵਿਅਕਤੀ ਯਕੀਨ ਨਾਲ ਨਹੀਂ ਕਹਿ ਸਕਦਾ ਕਿ ਇਸ ਮਹਾਮਾਰੀ ਲਈ ਜ਼ਿੰਮੇਵਾਰ

ਕਰੋਨਾ ਵਾਇਰਸ ਕੁਦਰਤੀ ਹੈ ਜਾਂ ਕਿ ਇਹ ਵਾਇਰਸ ਮਨੁੱਖ ਦੁਆਰਾ, ਕਿਸੇ ਪ੍ਰਯੋਗਸ਼ਾਲਾ ਵਿੱਚ, ਤਿਆਰ ਕੀਤਾ ਗਿਆ?''

ਨਿਸ਼ਾ ਤਬੱਸਮ ਬੋਲੀ : ''ਅਜੇ ਤੱਕ ਤਾਂ ਕੋਈ ਇਹ ਗੱਲ ਵੀ ਯਕੀਨ ਨਾਲ ਨਹੀਂ ਕਹਿ ਸਕਦਾ ਕਿ ਇਹ ਵਾਇਰਸ ਆਖਿਰ ਆਇਆ ਕਿੱਥੋਂ ਹੈ?''

ਪ੍ਰੋ. ਸ਼ਿਵ ਸ਼ੰਕਰ ਬੋਲਿਆ : ''ਪਰ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਬੇਸ਼ਰਮੀ ਦੇਖੋ- ਉਹ ਸਰੇਆਮ, ਬਿਨ੍ਹਾਂ ਕਿਸੀ ਠੋਸ ਸਬੂਤ ਦੇ, ਕਰੋਨਾ ਵਾਇਰਸ ਨੂੰ ਚੀਨੀ ਵਾਇਰਸ ਹੀ ਕਹੀ ਜਾਂਦਾ ਅਤੇ ਸੁਪਰਪਾਵਰ ਚੀਨ ਨਾਲ ਬੇਲੋੜਾ ਤਨਾਓ ਪੈਦਾ ਕਰਕੇ ਵਿਸ਼ਵ ਸ਼ਾਂਤੀ ਲਈ ਖਤਰਾ ਪੈਦਾ ਕਰ ਰਿਹਾ.''

ਸਪਨਾ ਮੁਕਰਜੀ ਬੋਲੀ : ''ਹਿੰਦੁਸਤਾਨ ਵਿੱਚ ਜਿਸ ਕਿਸਮ ਦੇ ਵਾਇਰਸ ਹਜ਼ਾਰਾਂ ਸਾਲਾਂ ਤੋਂ ਹਿੰਦੁਸਤਾਨੀ ਸਮਾਜ ਨੂੰ ਸਿਉਂਕ ਵਾਂਗ ਚੰਬੜੇ ਹੋਏ ਉਹ ਵਾਇਰਸ ਤਾਂ ਕਰੋਨਾ ਵਾਇਰਸ ਤੋਂ ਵੀ ਵੱਧ ਖਤਰਨਾਕ ਹਨ. ਊਚ-ਨੀਚ, ਜਾਤ-ਪਾਤ, ਛੂਤ-ਛਾਤ ਅਤੇ ਧਾਰਮਿਕ ਕੱਟੜਵਾਦ ਦੇ ਵਾਇਰਸ ਹਿੰਦੁਸਤਾਨ ਦੇ ਲੋਕਾਂ ਦੇ ਦਿਮਾਗ਼ਾਂ ਵਿੱਚ ਕੋਹੜ ਕਿਰਲਿਆਂ ਵਾਂਗ ਕੁਰਬਲ ਕੁਰਬਲ ਕਰਦੇ ਹਜ਼ਾਰਾਂ ਸਾਲਾਂ ਤੋਂ ਹਿੰਦੁਸਤਾਨੀ ਸਮਾਜ ਵਿੱਚ ਬਹੁਤ ਹੀ, ਖਤਰਨਾਕ, ਬਦਬੂ ਫੈਲਾ ਰਹੇ ਹਨ.''

ਨਿਸ਼ਾ ਤਬੱਸਮ ਬੋਲੀ : ''ਅਫਸੋਸ ਦੀ ਗੱਲ ਤਾਂ ਇਹੀ ਐ ਕਿ ਮਹਾਤਮਾ ਗਾਂਧੀ ਵਰਗੇ ਹਿੰਦੁਸਤਾਨੀ ਨੇਤਾਵਾਂ ਦੀ ਮਾਨਸਿਕਤਾ ਵਿੱਚ ਵੀ ਜ਼ਾਤ-ਪਾਤ ਅਤੇ ਧਾਰਮਿਕ ਕੱਟੜਤਾ ਦੇ ਵਾਇਰਸ ਕੁਰਬਲ ਕੁਰਬਲ ਕਰਦੇ ਸਨ.''

ਪ੍ਰੋ. ਸ਼ਿਵ ਸ਼ੰਕਰ ਬੋਲਿਆ : ''ਸਾਡੇ ਨੇਤਾ ਜੀ, ਤਾਂ, ਕਰੋਨਾਵਾਇਰਸ ਦੀ ਆੜ ਵਿੱਚ ਧਾਰਮਿਕ ਕੱਟੜਵਾਦੀ ਮਿਥਿਹਾਸਕ ਵਾਇਰਸ ਸਾਡੇ ਦਿਮਾਗ਼ਾਂ ਵਿੱਚ ਵਾੜਨ ਲੱਗੇ ਹੋਏ ਹਨ. ਤਾਂ ਜੋ, ਲੋਕਾਂ ਨੂੰ ਵਿਗਿਆਨ ਨਾਲੋਂ ਤੋੜ ਕੇ ਅੰਧ-ਵਿਸ਼ਵਾਸ ਦੀਆਂ ਹਨ੍ਹੇਰੀਆਂ ਗੁਫ਼ਾਵਾਂ ਵਿੱਚ ਕੈਦ ਕੀਤਾ ਜਾ ਸਕੇ.''

ਕਰੋਨਾਵਾਇਰਸ ਦੀ ਆਮਦ ਨਾਲ ਸਾਡੇ ਸਮਾਜ ਵਿੱਚ ਪ੍ਰਚੱਲਿਤ ਅਨੇਕਾਂ ਤਰ੍ਹਾਂ ਦੇ ਹੋਰ ਵਾਇਰਸ ਬਾਰੇ ਚਰਚਾ ਵੀ ਸ਼ੁਰੂ ਹੋ ਗਿਆ. ਨੇਤਾ ਜੀ ਵੱਲੋਂ ਲੋਕਾਂ ਨੂੰ ਧਾਰਮਿਕ ਕੱਟੜਵਾਦੀ, ਮਿਥਿਹਾਸਕ, ਵਿਗਿਆਨ ਵਿਰੋਧੀ, ਅੰਧ-ਵਿਸ਼ਵਾਸ ਦੀਆਂ ਹਨ੍ਹੇਰੀਆਂ ਗੁਫ਼ਾਵਾਂ ਵਿੱਚ ਕੈਦ ਕਰਨ ਦੇ ਯਤਨਾਂ ਦਾ ਵਿਰੋਧ ਹੋਣਾ ਵੀ ਸ਼ੁਰੂ ਹੋ ਗਿਆ.

# 4.

'ਵਿਸ਼ਵ ਸਿਹਤ ਸੰਸਥਾ' ਦੇ ਚੀਨ ਸਥਿਤ ਦਫਤਰ ਦਾ ਕਹਿਣਾ ਕਿ 2019 ਵਿੱਚ ਦਸੰਬਰ ਮਹੀਨੇ ਦੇ ਅੰਤਲੇ ਦਿਨਾਂ ਤੋਂ ਵੂਹਾਨ ਸ਼ਹਿਰ ਵਿੱਚੋਂ ਇਹ ਖਬਰਾਂ ਮਿਲਣੀਆਂ ਸ਼ੁਰੂ ਹੋ ਗਈਆਂ ਸਨ ਕਿ ਇੱਕ ਅਗਿਆਤ ਕਿਸਮ ਦੇ ਵਾਇਰਸ ਕਾਰਨ ਲੋਕਾਂ ਨੂੰ ਨਮੂਨੀਆ ਹੋ ਰਿਹਾ ਹੈ.

ਪੂਰਬੀ ਚੀਨ ਦੇ ਇਸ ਸ਼ਹਿਰ ਵਿੱਚ ਤਕਰੀਬਨ 11 ਲੱਖ ਲੋਕ ਵੱਸਦੇ ਹਨ.

ਕੁਝ ਖੋਜੀਆਂ ਦਾ ਕਹਿਣਾ ਕਿ ਇਹ ਵਾਇਰਸ ਵੂਹਾਨ ਸ਼ਹਿਰ ਦੀ ਇੱਕ ਸੀਫੂਡ ਮਾਰਕਿਟ ਤੋਂ ਸ਼ੁਰੂ ਹੋਇਆ ਜਿੱਥੇ ਕਿ ਜੰਗਲੀ ਜਾਨਵਰ, ਪੰਛੀ, ਸਹੇ, ਸੱਪ ਅਤੇ ਚਮਗਿੱਦੜ ਆਦਿ ਵਿਕਦੇ ਹਨ.

ਭਾਵੇਂ ਕਿ ਵੂਹਾਨ ਸ਼ਹਿਰ ਦੀ ਇਹ ਸੀਫੂਡ ਮਾਰਕਿਟ ਜਨਵਰੀ 1, 2020 ਨੂੰ ਬੰਦ ਕਰ ਦਿੱਤੀ ਗਈ ਸੀ; ਪਰ ਉਦੋਂ ਤੱਕ ਇਹ ਵਾਇਰਸ ਫੈਲ ਚੁੱਕਾ ਸੀ ਅਤੇ ਮਨੁੱਖਾਂ ਨੂੰ ਪ੍ਰਭਾਵਿਤ ਕਰ ਰਿਹਾ ਸੀ.

ਸ਼ੁਰੂ ਸ਼ੁਰੂ ਵਿੱਚ ਇਹ ਮੰਨਿਆਂ ਜਾ ਰਿਹਾ ਸੀ ਕਿ ਕਰੋਨਾਵਾਇਰਸ ਸੱਪਾਂ ਤੋਂ ਆਇਐ; ਪਰ ਵੂਹਾਨ ਇੰਸਟੀਚੀਊਟ ਆਫ ਵਾਰਾਲੋਜੀ ਦੇ ਖੋਜੀਆਂ ਦਾ ਕਹਿਣਾ ਕਿ ਕਰੋਨਾ ਵਾਇਰਸ ਵੀ ਚਮਗਿੱਦੜਾਂ ਤੋਂ ਹੀ ਆਇਆ ਲੱਗਦਾ; ਕਿਉਂਕਿ, 'ਸਾਰਸ' ਦੀ ਬੀਮਾਰੀ ਵੀ ਚਮਗਿੱਦੜਾਂ ਤੋਂ ਹੀ ਫੈਲੀ ਸੀ.

ਜਨਵਰੀ 12 ਨੂੰ ਚੀਨ ਦੇ ਸਿਹਤ ਵਿਭਾਗ ਨੇ ਹੋਰਨਾਂ ਦੇਸ਼ਾਂ ਨਾਲ ਵੀ ਕਰੋਨਾ ਵਾਇਰਸ ਬਾਰੇ ਜਾਣਕਾਰੀ ਸਾਂਝੀ ਕਰ ਦਿੱਤੀ ਸੀ; ਤਾਂ ਕਿ ਕਰੋਨਾ ਵਾਇਰਸ ਤੋਂ ਪ੍ਰਭਾਵਿਤ ਲੋਕਾਂ ਦੇ ਇਲਾਜ ਲਈ ਯੋਗ ਢੰਗ/ਤਰੀਕੇ ਲੱਭੇ ਜਾ ਸਕਣ.

ਚੀਨ ਵਿੱਚ ਹੀ ਸਭ ਤੋਂ ਪਹਿਲਾਂ ਕਰੋਨਾ ਵਾਇਰਸ ਮਹਾਮਾਰੀ ਦਾ ਪਾਸਾਰ ਹੋਇਆ ਅਤੇ ਚੀਨ ਨੇ ਹੀ ਸਭ ਤੋਂ ਪਹਿਲਾਂ ਕਰੋਨਾ ਮਹਾਮਾਰੀ ਉੱਤੇ ਕਾਬੂ ਪਾਇਆ.

ਚੀਨ ਨੇ ਕਰੋਨਾ ਮਹਾਮਾਰੀ ਦੇ ਪਾਸਾਰ ਨੂੰ ਰੋਕਣ ਅਤੇ ਇਸ ਉੱਤੇ ਕਾਬੂ ਪਾਣ ਵਿੱਚ ਵੱਡੀ ਸਫਲਤਾ ਇਸ ਕਰਕੇ ਪ੍ਰਾਪਤ ਕੀਤੀ ਕਿਉਂਕਿ ਚੀਨ ਨੇ ਮਹਾਮਾਰੀ ਰੋਕਣ ਲਈ ਸਿਹਤ ਵਿਗਿਆਨ ਦੇ ਵਿਗਿਆਨਕ ਨਿਯਮਾਂ ਅਨੁਸਾਰ ਸਾਰੇ ਕਦਮ ਚੁੱਕੇ; ਨ ਕਿ ਅਗਿਆਨਤਾ ਅਤੇ ਵਹਿਮਾਂ-ਭਰਮਾਂ ਦਾ ਪ੍ਰਚਾਰ ਕਰਕੇ ਜਨਤਾ ਨੂੰ ਭੰਬਲਭੂਸੇ ਵਿੱਚ ਪਾਇਆ.

ਚੀਨ ਦੀ ਸਰਕਾਰ ਨੇ ਇਸ ਦਿਸ਼ਾ ਵਿੱਚ ਇੱਕ ਹੋਰ ਵੱਡਾ ਕਦਮ ਇਹ ਚੁੱਕਿਆ ਕਿ ਉਨ੍ਹਾਂ ਨੇ ਆਮ ਲੋਕਾਂ ਨੂੰ ਸਰਗਰਮ ਕਰਕੇ ਇਸ ਕੰਮ ਵਿੱਚ ਆਪਣੇ ਨਾਲ ਤੋਰਿਆ.

ਉਨ੍ਹਾਂ ਨੇ ਮੈਡੀਕਲ ਸਾਜ਼ੋ-ਸਮਾਨ ਦਾ ਬਹੁਤ ਤੇਜ਼ੀ ਨਾਲ ਉਤਪਾਦਨ ਕਰਨ

ਅਤੇ ਥਾਂ ਥਾਂ ਪਹੁੰਚਾਉਣ ਦਾ ਯੋਗ ਪ੍ਰਬੰਧ ਕੀਤਾ.

ਇਸਦੇ ਨਾਲ ਹੀ ਚੀਨ ਸਰਕਾਰ ਨੇ ਨੀਤੀਗਤ, ਆਰਥਿਕ, ਤਕਨੀਕੀ ਅਤੇ ਪ੍ਰਬੰਧਕੀ ਫੈਸਲੇ ਸਮੇਂ ਸਿਰ ਅਤੇ ਜੰਗੀ ਪੱਧਰ ਉੱਤੇ ਕੀਤੇ.

ਚੀਨ ਸਰਕਾਰ ਵੱਲੋਂ ਕਰੋਨਾ ਮਹਾਮਾਰੀ ਉੱਤੇ ਕਾਬੂ ਪਾਉਣ ਵਾਸਤੇ ਸਿਆਸੀ, ਪ੍ਰਬੰਧਕੀ ਅਤੇ ਕਿੱਤਾ-ਮੁਖੀ ਫੈਸਲੇ ਠੀਕ ਸਮੇਂ ਉੱਤੇ ਅਤੇ ਸਹੀ ਤਰ੍ਹਾਂ ਚੁੱਕੇ ਗਏ. ਜਿਨ੍ਹਾਂ ਫੈਸਲਿਆਂ ਕਾਰਨ ਕਰੋਨਾ ਮਹਾਮਾਰੀ ਵੂਹਾਨ ਸ਼ਹਿਰ ਤੋਂ ਬਾਹਰ ਫੈਲਣ ਤੋਂ ਰੋਕ ਲਗਾਉਣ ਵਿੱਚ ਸਰਕਾਰ ਨੂੰ ਭਾਰੀ ਸਫਲਤਾ ਮਿਲੀ.

ਭਾਵੇਂ ਕਿ ਕਰੋਨਾ ਮਹਾਮਾਰੀ ਉੱਤੇ ਕਾਬੂ ਪਾਉਣ ਲਈ ਚੀਨ ਨੇ ਵੀ ਵੂਹਾਨ ਸ਼ਹਿਰ ਵਿੱਚ ਲੌਕਡਾਊਨ ਦੀ ਵਰਤੋਂ ਕੀਤੀ; ਪਰ ਚੀਨ ਸਰਕਾਰ ਨੇ ਇਹ ਯਕੀਨੀ ਬਣਾਇਆ ਕਿ ਲੌਕਡਾਊਨ ਦੌਰਾਨ ਵੂਹਾਨ ਸ਼ਹਿਰਵਾਸੀਆਂ ਨੂੰ ਹਰ ਲੋੜੀਂਦੀ ਚੀਜ਼ ਘਰ ਬੈਠਿਆਂ ਹੀ ਆਸਾਨੀ ਨਾਲ ਮਿਲ ਸਕੇ.

ਚੀਨ ਸਰਕਾਰ ਨੇ ਕਰੋਨਾਵਾਇਰਸ ਮਹਾਮਾਰੀ ਬਾਰੇ, ਵਿਗਿਆਨਕ ਤੱਥਾਂ ਉੱਤੇ ਆਧਾਰਿਤ, ਹਰ ਤਰ੍ਹਾਂ ਦੀ, ਜਾਣਕਾਰੀ ਆਪਣੇ ਦੇਸ਼ਵਾਸੀਆਂ ਤੱਕ ਪਹੁੰਚਾਈ, ਨ ਕਿ ਅਫਵਾਹਾਂ ਉੱਤੇ ਉੱਸਰੀ ਜਾਣਕਾਰੀ ਲੋਕਾਂ ਤੱਕ ਪਹੁੰਚਾਈ.

ਚੀਨ ਸਰਕਾਰ ਦੀ ਭਾਰੀ ਕਾਮਿਯਾਬੀ ਦਾ ਇੱਕ ਵੱਡਾ ਕਾਰਨ ਇਹ ਵੀ ਹੈ ਕਿ ਉਨ੍ਹਾਂ ਨੇ ਇਹ ਫੈਸਲਾ ਕੀਤਾ ਸੀ ਕਿ ਕਰੋਨਾ ਵਾਇਰਸ ਨਾਲ ਪੀੜਤ ਲੋਕਾਂ ਦੇ ਮੈਡੀਕਲ ਟੈਸਟ ਵੀ ਮੁਫ਼ਤ ਹੋਣਗੇ ਅਤੇ ਉਨ੍ਹਾਂ ਦੀ ਬੀਮਾਰੀ ਦਾ ਸਾਰਾ ਖਰਚਾ ਵੀ ਸਰਕਾਰ ਦੇਵੇਗੀ.

ਉਨ੍ਹਾਂ ਦੀ ਕਾਮਿਯਾਬੀ ਦਾ ਇਹ ਵੀ ਇੱਕ ਕਾਰਨ ਹੈ ਕਿ ਲੋਕਾਂ ਨੇ ਆਪਣੇ ਗਲੀ-ਗੁਆਂਢ ਵਿੱਚ ਆਪਣੀ ਸੁਰੱਖਿਆ ਤੇ ਸਹਾਇਤਾ ਕਮੇਟੀਆਂ ਬਣਾਈਆਂ. ਵੂਹਾਨ ਦੇ ਲੌਕਡਾਊਨ ਦੌਰਾਨ ਇਨ੍ਹਾਂ ਕਮੇਟੀਆਂ ਦੇ ਮੈਂਬਰ ਤਾਪਮਾਨ ਚੈੱਕ ਕਰਨ, ਭੋਜਨ ਤੇ ਦਵਾਈਆਂ ਆਦਿ ਮੈਡੀਕਲ  ਸਮਾਨ ਘਰ ਘਰ ਪਹੁੰਚਾਉਣ ਵਾਸਤੇ ਜਾਂਦੇ. ਬਾਕੀ ਥਾਵਾਂ ਤੇ ਇਨ੍ਹਾਂ ਕਮੇਟੀਆਂ ਨੇ ਗਲੀਆਂ ਦੇ ਪ੍ਰਵੇਸ਼ ਤੇ ਕੈਂਪ ਲਾ ਕੇ ਤਾਪਮਾਨ ਚੈੱਕ ਕਰਨਾ, ਅੰਦਰ ਜਾਣ ਤੇ ਬਾਹਰ ਆਉਣ ਵਾਲਿਆਂ ਦਾ ਰਿਕਾਰਡ ਰੱਖਣਾ ਸ਼ੁਰੂ ਕਰਕੇ ਜਨ-ਸਿਹਤ ਦਾ ਬਹੁਤ ਹੀ ਵਧੀਆ ਨਮੂਨਾ ਪੇਸ਼ ਕੀਤਾ.

ਮਾਮੂਲੀ ਲੱਛਣਾਂ ਵਾਲੇ ਮਰੀਜ਼ਾਂ ਦਾ ਆਰਜ਼ੀ ਕੇਂਦਰਾਂ ਅਤੇ ਗੰਭੀਰ ਮਰੀਜ਼ਾਂ ਦਾ ਹਸਪਤਾਲਾਂ ਵਿੱਚ ਇਲਾਜ ਕੀਤਾ ਗਿਆ. ਸੁਰੱਖਿਆ ਕਵਚ, ਟੈਸਟ ਕਿੱਟ, ਵੈਂਟੀਲੇਟਰ ਤੇ ਹੋਰ ਸਾਜ਼ੋ-ਸਮਾਨ ਤੁਰੰਤ ਪਹੁੰਚ ਗਿਆ. ਸਰਕਾਰ ਨੇ ਇਹ ਵੀ ਯਕੀਨੀ ਬਣਾਇਆ ਕਿ ਕਿਸੇ ਵੀ ਮੈਡੀਕਲ ਸਾਜ਼ੋ-ਸਮਾਨ ਦੀ ਥੁੜ੍ਹ ਨਾ ਰਹੇ.

ਚੀਨ ਸਰਕਾਰ ਨੇ ਇਹ ਵੀ ਯਕੀਨੀ ਬਣਾਇਆ ਕਿ ਆਮ ਲੋਕਾਂ ਨੂੰ ਆਮ ਜ਼ਿੰਦਗੀ ਦੀਆਂ ਸਭ ਚੀਜ਼ਾਂ ਆਸਾਨੀ ਨਾਲ ਮਿਲ ਸਕਣ ਅਤੇ ਜੇਕਰ ਕੋਈ ਵਿਉਪਾਰੀ ਕੀਮਤਾਂ ਵਿੱਚ ਵਾਧਾ ਕਰਨ ਦੀ ਕੋਸ਼ਿਸ਼ ਕਰੇ ਤਾਂ ਉਸ ਵਿਰੁੱਧ ਸਖਤ ਐਕਸ਼ਨ ਲਿਆ

ਜਾਵੇ.

ਇਨ੍ਹਾਂ ਸਾਰੇ ਕਾਰਨਾਂ ਕਰਕੇ ਹੀ ਚੀਨ ਨੇ ਕਰੋਨਾ ਵਾਇਰਸ ਉੱਤੇ ਆਸਾਨੀ ਨਾਲ ਕਾਬੂ ਪਾ ਲਿਆ ਅਤੇ ਇਨ੍ਹਾਂ ਕਾਰਨਾਂ ਕਰਕੇ ਹੀ ਚੀਨ ਅੱਜ ਵਿਸ਼ਵ ਵਿੱਚ ਸੁਪਰਪਾਵਰ ਬਣਕੇ ਉੱਭਰਿਆ ਹੈ.

ਵਿਸ਼ਵ ਰਾਜਨੀਤੀ ਪ੍ਰੋ. ਸ਼ਿਵ ਸ਼ੰਕਰ ਦਾ ਪਸੰਦੀਦਾ ਵਿਸ਼ਾ ਸੀ. ਅੱਜ ਉਹ ਕਈ ਦਿਨਾਂ ਬਾਹਦ ਯੂਨੀਵਰਸਿਟੀ ਦੇ ਕੌਫ਼ੀ ਹਾਊਸ ਵਿੱਚ ਆਇਆ ਸੀ. ਕੌਫ਼ੀ ਟੇਬਲ ਦੁਆਲੇ ਬੈਠੇ ਉਸਦੇ ਕਈ ਕੁਲੀਗ ਕਰੋਨਾ ਮਹਾਮਾਰੀ ਵੱਲੋਂ ਚੀਨ ਵਿੱਚ ਮਚਾਈ ਜਾ ਰਹੀ ਤਬਾਹੀ ਬਾਰੇ ਚਰਚਾ ਕਰ ਰਹੇ ਸਨ. ਕੁਝ ਲੋਕ ਇਸ ਸਬੰਧ ਵਿੱਚ ਵਿਸ਼ਵ ਹੈਲਥ ਔਰਗੇਨਾਈਜ਼ੇਸ਼ਨ ਵੱਲੋਂ ਕੀਤੇ ਜਾ ਰਹੇ ਕੰਮਾਂ ਬਾਰੇ ਵੀ ਗੱਲਾਂ ਕਰ ਰਹੇ ਸਨ. ਇਸ ਗੱਲਬਾਤ ਦਾ ਹਿੱਸਾ ਬਣਦਿਆਂ ਪ੍ਰੋ. ਸ਼ਿਵ ਸ਼ੰਕਰ ਬੋਲਿਆ : "ਜਿਸ ਵੇਲੇ ਚੀਨ ਆਪਣੇ ਦੇਸ਼ਵਾਸੀਆਂ ਉੱਤੇ ਕਰੋਨਾਵਾਇਰਸ ਮਹਾਮਾਰੀ ਵੱਲੋਂ ਕੀਤੇ ਗਏ ਖਤਰਨਾਕ ਹਮਲੇ ਦਾ ਬਹੁਤ ਹੀ ਦ੍ਰਿੜਤਾ ਨਾਲ ਮੁਕਾਬਲਾ ਕਰ ਰਿਹਾ ਸੀ ਤਾਂ ਉਸ ਘੜੀ ਦੁਨੀਆਂ ਦੇ ਵਧੇਰੇ ਦੇਸ਼ਾਂ ਦੀਆਂ ਸਰਕਾਰਾਂ ਨੇ ਕਰੋਨਾਵਾਇਰਸ ਮਹਾਮਾਰੀ ਦੇ ਖਤਰਿਆਂ ਵੱਲ ਕੋਈ ਧਿਆਨ ਹੀ ਨ ਦਿੱਤਾ. ਸ਼ਾਇਦ, ਉਹ ਦੇਸ਼ ਇਹ ਸੋਚ ਕੇ ਆਪਣੇ ਮਨਾਂ ਨੂੰ ਤਸੱਲੀ ਦੇ ਰਹੇ ਸਨ ਕਿ ਇਹ ਤਾਂ ਚੀਨ ਦੀ ਮੁਸੀਬਤ ਹੈ. ਉਸਨੂੰ ਇਸ ਮੁਸੀਬਤ ਨਾਲ ਨਿਬੜਨ ਦਿਓ."

ਇਹ ਸੁਣਕੇ ਸਪਨਾ ਮੁਕਰਜੀ ਬੋਲੀ : "ਵਿਸ਼ਵ ਹੈਲਥ ਔਰਗੇਨਾਈਜ਼ੇਸ਼ਨ ਨੇ ਤਾਂ 9 ਜਨਵਰੀ, 2020 ਨੂੰ ਹੀ ਦੁਨੀਆਂ ਨਾਲ ਇਹ ਗੱਲ ਸਾਂਝੀ ਕਰਨੀ ਸ਼ੁਰੂ ਕਰ ਦਿੱਤੀ ਸੀ ਕਿ ਚੀਨ ਵਿੱਚ ਕਰੋਨਾਵਾਇਰਸ ਕਾਰਨ ਨਮੂਨੀਆ ਵਰਗੀ ਬੀਮਾਰੀ ਫੈਲ ਰਹੀ ਹੈ. ਇਸ ਤੋਂ ਬਾਹਦ ਜਿਉਂ ਜਿਉਂ ਵਿਸ਼ਵ ਹੈਲਥ ਔਰਗੇਨਾਈਜ਼ੇਸ਼ਨ ਨੂੰ ਚੀਨ ਵਿੱਚ ਸ਼ੁਰੂ ਹੋਈ ਇਸ ਬੀਮਾਰੀ ਬਾਰੇ ਜਾਂ ਚੀਨ ਤੋਂ ਬਾਹਰ ਕਿਸੀ ਹੋਰ ਦੇਸ਼ ਵਿੱਚ ਇਸ ਬੀਮਾਰੀ ਫੈਲ ਜਾਣ ਬਾਰੇ ਖਬਰ ਮਿਲਦੀ ਰਹੀ ਤਾਂ ਉਹ ਇਸ ਬਾਰੇ ਹੋਰਨਾਂ ਦੇਸ਼ਾਂ ਨਾਲ ਇਹ ਜਾਣਕਾਰੀ ਸਾਂਝੀ ਕਰਦੇ ਰਹੇ."

ਪ੍ਰੋ. ਸ਼ਿਵ ਸ਼ੰਕਰ ਬੋਲਿਆ : "30 ਜਨਵਰੀ, 2020 ਨੂੰ ਜਦੋਂ ਚੀਨ ਤੋਂ ਬਿਨਾਂ 18 ਹੋਰ ਦੇਸ਼ਾਂ ਵਿੱਚ ਵੀ ਕਰੋਨਾਵਾਇਰਸ ਤੋਂ 98 ਲੋਕ ਪ੍ਰਭਾਵਿਤ ਹੋ ਚੁੱਕੇ ਸਨ ਅਤੇ ਜਰਮਨੀ, ਜਾਪਾਨ, ਯੂ.ਐਸ.ਏ. ਅਤੇ ਵੀਅਤਨਾਮ ਵਿੱਚ ਵੀ ਸਬੂਤ ਮਿਲ ਚੁੱਕੇ ਸਨ ਕਿ ਇਹ ਬੀਮਾਰੀ ਵਿਅਕਤੀ ਤੋਂ ਵਿਅਕਤੀ ਤੱਕ ਫੈਲ ਰਹੀ ਹੈ ਤਾਂ ਵਿਸ਼ਵ ਹੈਲਥ ਔਰਗੇਨਾਈਜ਼ੇਸ਼ਨ ਦੀ ਐਮਰਜੈਂਸੀ ਕਮੇਟੀ ਨੇ ਇੱਕ ਵਾਰੀ ਫਿਰ ਦੁਨੀਆਂ ਨੂੰ ਇਸ ਬੀਮਾਰੀ ਦੇ ਖਤਰਿਆਂ ਤੋਂ ਜਾਣੂੰ ਕਰਵਾਇਆ-ਪਰ ਫਿਰ ਵੀ ਕਿਸੀ ਨੇ ਬਹੁਤੀ ਪ੍ਰਵਾਹ ਨਹੀਂ ਕੀਤੀ."

ਨਿਸ਼ਾ ਤਬੱਸਮ ਬੋਲੀ : "11 ਮਾਰਚ 2020 ਨੂੰ ਜਦੋਂ ਵਿਸ਼ਵ ਹੈਲਥ ਔਰਗੇਨਾਈਜ਼ੇਸ਼ਨ ਨੇ ਐਲਾਨ ਕੀਤਾ ਕਿ ਕਰੋਨਾਵਾਇਰਸ ਬੀਮਾਰੀ ਇੱਕ ਮਹਾਮਾਰੀ ਹੈ ਤਾਂ ਉਦੋਂ ਤੱਕ ਦੁਨੀਆਂ ਵਿੱਚ 1 ਲੱਖ ਤੋਂ ਵੀ ਵੱਧ ਲੋਕ ਕਰੋਨਾਵਾਇਰਸ ਦੇ ਸ਼ਿਕਾਰ ਹੋ

ਚੁੱਕੇ ਸਨ.''

ਸਪਨਾ ਮੁਕਰਜੀ ਬੋਲੀ : ''ਉਦੋਂ ਤੱਕ ਤਾਂ ਵਿਸ਼ਵ ਹੈਲਥ ਔਰਗੇਨਾਈਜ਼ੇਸ਼ਨ ਨੂੰ ਇਹ ਵੀ ਕਹਿਣਾ ਪੈ ਗਿਆ ਸੀ ਕਿ ਚੀਨ ਤੋਂ ਬਾਹਦ ਹੁਣ ਯੋਰਪ ਕਰੋਨਾਵਾਇਰਸ ਮਹਾਮਾਰੀ ਦਾ ਕੇਂਦਰ ਬਣ ਚੁੱਕਾ ਹੈ. ਵਿਸ਼ਵ ਹੈਲਥ ਔਰਗੇਨਾਈਜ਼ੇਸ਼ਨ ਨੇ ਤਾਂ ਦੁਨੀਆਂ ਭਰ ਦੇ ਦੇਸ਼ਾਂ ਦੀਆਂ ਸਰਕਾਰਾਂ ਨੂੰ ਇਸ ਗੱਲ ਵੱਲੋਂ ਵੀ ਸੁਚੇਤ ਕਰ ਦਿੱਤਾ ਸੀ ਕਿ ਕਰੋਨਾ ਮਹਾਮਾਰੀ ਨੂੰ, ਮਹਿਜ਼, ਇੱਕ ਸਿਹਤ ਨਾਲ ਸਬੰਧਤ ਸਮੱਸਿਆ ਹੀ ਨ ਸਮਝਿਆ ਜਾਵੇ, ਇਹ ਮਹਾਮਾਰੀ ਤਾਂ ਜ਼ਿੰਦਗੀ ਨਾਲ ਸਬੰਧਤ ਹੋਰ ਵੀ ਅਨੇਕਾਂ ਖੇਤਰਾਂ ਨੂੰ ਪ੍ਰਭਾਵਿਤ ਕਰੇਗੀ.''

ਪ੍ਰੋ. ਸ਼ਿਵ ਸ਼ੰਕਰ ਬੋਲਿਆ : ''ਅਮਰੀਕਾ, ਇੰਡੀਆ, ਯੂ.ਕੇ. ਵਰਗੇ ਜਿਹੜੇ ਦੇਸ਼ਾਂ ਨੇ ਵਿਸ਼ਵ ਹੈਲਥ ਔਰਗੇਨਾਈਜ਼ਸ਼ਨ ਵੱਲੋਂ ਬਾਰ ਬਾਰ ਦਿੱਤੀਆਂ ਜਾ ਰਹੀਆਂ ਚੇਤਾਵਨੀਆਂ ਦੇ ਬਾਵਜੂਦ ਇਸ ਮਹਾਮਾਰੀ ਦਾ ਮੁਕਾਬਲਾ ਕਰਨ ਲਈ ਸਮੇਂ ਸਿਰ ਨ ਤਾਂ ਕੋਈ ਤਿਆਰੀ ਹੀ ਕੀਤੀ ਅਤੇ ਨ ਇਸ ਆ ਰਹੀ ਸੁਨਾਮੀ ਬਾਰੇ ਬਹੁਤਾ ਸੋਚਿਆ – ਉਨ੍ਹਾਂ ਨੂੰ ਅਖੀਰ ਇਸਦੀ ਆਰਥਿਕ ਤੌਰ ਉੱਤੇ ਵੀ ਅਤੇ ਜਾਨੀ ਤੌਰ ਉੱਤੇ ਵੀ ਭਾਰੀ ਕੀਮਤ ਅਦਾ ਕਰਨੀ ਪਈ.''

ਸਪਨਾ ਮੁਕਰਜੀ ਬੋਲੀ : ''ਇੱਥੋਂ ਤੱਕ ਕਿ ਅਮਰੀਕਾ ਵਰਗੀ ਸੁਪਰਪਾਵਰ ਨੰਬਰ ਇੱਕ ਵੀ ਬੁਰੀ ਤਰ੍ਹਾਂ ਲੜਖੜਾ ਗਈ ਅਤੇ ਅਮਰੀਕਾ ਦੀ ਸਥਿਤੀ ਨ ਸਿਰਫ ਤਰਸਯੋਗ ਹੀ ਬਣ ਗਈ ਬਲਕਿ ਹਾਸੋਹੀਣੀ ਵੀ ਬਣ ਗਈ. ਅਮਰੀਕਾ ਜੋ ਕਿ ਗੱਲ ਗੱਲ ਉੱਤੇ ਦੁਨੀਆਂ ਭਰ ਦੇ ਦੇਸ਼ਾਂ ਉੱਤੇ ਆਪਣੀ ਫੌਜੀ ਧੌਂਸ ਜਮਾਂਦਾ ਸੀ ਹਿੰਦੁਸਤਾਨ ਵਰਗੇ ਦੇਸ਼ਾਂ ਤੋਂ ਕਰੋਨਾ ਮਹਾਮਾਰੀ ਲਈ ਕੁਝ ਲੌੜੀਂਦੀਆਂ ਦਵਾਈਆਂ ਖਰੀਦਣ ਲਈ ਮਿੰਨਤਾਂ ਤਰਲੇ ਕਰਦਾ ਵੀ ਦੇਖਿਆ ਗਿਆ.''

ਕਰੋਨਾਵਾਇਰਸ ਮਹਾਮਾਰੀ ਕਾਰਨ ਚੀਨ ਵਿੱਚ ਤਬਾਹੀ ਹੋਈ; ਪਰ ਬਾਕੀ ਦੁਨੀਆਂ ਇਸ ਗੱਲ ਵੱਲੋਂ ਪੂਰੀ ਤਰ੍ਹਾਂ ਬੇਪਰਵਾਹ ਹੀ ਰਹੀ ਇਹ ਸੋਚਕੇ ਕਿ ਇਹ ਤਾਂ ਇਕੱਲੇ ਚੀਨ ਦਾ ਹੀ ਮਸਲਾ ਹੈ. ਚੀਨ ਨੇ ਤਾਂ ਵਿਗਿਆਨਕ/ਤਰਕਸ਼ੀਲ ਵਿਧੀਆਂ/ਢੰਗਾਂ ਦੀ ਵਰਤੋਂ ਕਰਕੇ ਕਰੋਨਾ ਉੱਤੇ ਕਾਬੂ ਪਾ ਲਿਆ; ਪਰ ਨੇਤਾ ਜੀ ਲੋਕਾਂ ਦੇ ਦਿਮਾਗ਼ਾਂ ਵਿੱਚ ਅੰਧ-ਵਿਸ਼ਵਾਸ ਭਰਨ ਵਿੱਚ ਹੀ ਲੱਗੇ ਰਹੇ. ਉਹ ਲੋਕਾਂ ਦੇ ਦਿਮਾਗ਼ਾਂ ਵਿੱਚ ਬਸ ਇਹ ਗੱਲ ਭਰਨ ਲਈ ਹੀ ਲੋਕਾਂ ਨੂੰ ਉਤਸ਼ਾਹਤ ਕਰਦੇ ਰਹੇ ਕਿ ਲੋਕਾਂ ਵੱਲੋਂ ਥਾਲੀਆਂ ਵਜਾਉਣ ਨਾਲ ਹੀ ਕਰੋਨਾਵਾਇਰਸ ਥਾਲੀਆਂ ਦੀ ਆਵਾਜ਼ ਸੁਣ ਕੇ ਡਰ ਜਾਵੇਗਾ ਅਤੇ ਹਿੰਦੁਸਤਾਨ ਵਿੱਚੋਂ ਭੱਜ ਜਾਵੇਗਾ.

# 5.

ਮਹਾਮਾਰੀਆਂ ਦੌਰਾਨ ਕਮਜ਼ੋਰ ਘੱਟਗਿਣਤੀਆਂ ਉੱਤੇ ਹਮਲੇ ਕਰਨਾ ਇਨਸਾਨ ਦਾ ਪੁਰਾਣਾ ਇਤਿਹਾਸ ਹੈ.

ਚੌਧਵੀਂ ਸਦੀ ਵਿੱਚ ਫੈਲੀ ਪਲੇਗ(ਬਲੈਕ ਡੈੱਥ) ਮਹਾਮਾਰੀ ਨੇ ਯੋਰਪ ਅਤੇ ਏਸ਼ੀਆ ਵਿੱਚ ਭਿਆਨਕ ਤਬਾਹੀ ਮਚਾਈ.

ਇਹ ਇਨਸਾਨ ਲਈ ਭਾਰੀ ਮੁਸੀਬਤਾਂ ਅਤੇ ਮਨੁੱਖੀ ਵਿਤਕਰੇਬਾਜ਼ੀ ਦੇ ਬੇਰਹਿਮ ਪ੍ਰਗਟਾਵੇ ਦਾ ਕਾਰਨ ਬਣੀ.

'ਬਲੈਕ ਡੈੱਥ' ਮਹਾਮਾਰੀ ਦੌਰਾਨ, ਕੁਝ ਥਾਈਂ, ਯਹੂਦੀਆਂ ਉੱਤੇ ਖੂਹਾਂ ਵਿੱਚ ਜ਼ਹਿਰ ਮਿਲਾਉਣ ਦੇ ਦੋਸ਼ ਲੱਗੇ.

ਕਈ ਥਾਈਂ, ਤਾਂ, ਇੱਥੋਂ ਤੱਕ ਵੀ, ਆਖਿਆ ਗਿਆ ਕਿ ਇਹ ਬੀਮਾਰੀ ਈਸਾਈਆਂ ਪ੍ਰਤੀ ਨਫ਼ਰਤ ਹੋਣ ਕਾਰਨ ਯਹੂਦੀਆਂ ਨੇ ਹੀ ਪੈਦਾ ਕੀਤੀ ਹੈ.

ਆਲਮੀ ਮਹਾਮਾਰੀਆਂ ਕਾਰਨ, ਮੱਧਯੁਗੀ ਯੋਰਪ ਵਿੱਚ, ਥਾਂ, ਥਾਂ, ਈਸਾਈਆਂ ਨੇ ਯਹੂਦੀਆਂ ਉੱਤੇ ਹਮਲੇ ਕੀਤੇ.

ਇਸੀ ਤਰ੍ਹਾਂ, 19ਵੀਂ ਸਦੀ ਦੌਰਾਨ ਜਦੋਂ ਹੈਜ਼ਾ ਫੈਲਿਆ, ਤਾਂ, ਅੰਗਰੇਜ਼ ਮੂਲ ਦੇ ਅਮਰੀਕੀ ਪ੍ਰੋਟੈਸਟੈਂਟ ਈਸਾਈ-ਆਇਰਸ਼ ਮੂਲ ਦੇ ਅਮਰੀਕੀ ਪ੍ਰੋਟੈਸਟੈਂਟ ਈਸਾਈ-ਆਇਰਸ਼ ਮੂਲ ਦੇ ਅਮਰੀਕੀ ਕੈਥੋਲਿਕ ਲੋਕਾਂ ਦੇ ਗਲੇ ਪੈ ਗਏ. ਪ੍ਰੋਟੈਸਟੈਂਟਾਂ ਮੁਤਾਬਿਕ ਕੈਥੋਲਿਕ ਈਸਾਈ ਪੋਪਵਾਦ ਵੀ ਫੈਲਾਂਦੇ ਸਨ ਅਤੇ ਬੀਮਾਰੀਆਂ ਵੀ.

1896 ਵਿੱਚ ਜਦੋਂ ਬੰਬਈ ਵਿੱਚ ਪਲੇਗ਼ ਮਹਾਮਾਰੀ ਫੈਲੀ ਤਾਂ ਅੰਗ੍ਰੇਜ਼ਾਂ ਅਤੇ ਭਾਰਤੀ ਉੱਚ ਵਰਗ ਦੇ ਲੋਕਾਂ ਦਾ ਖਿਆਲ ਸੀ ਕਿ ਇਹ ਬੀਮਾਰੀ ਸ਼ਹਿਰ ਦੀਆਂ ਗਰੀਬ ਬਸਤੀਆਂ ਵਿੱਚ ਰਹਿਣ ਵਾਲੇ ਲੋਕ ਹੀ ਫੈਲਾ ਰਹੇ ਹਨ.

ਜਿਸ ਕਾਰਨ ਗਰੀਬਾਂ ਦੀਆਂ ਬਸਤੀਆਂ ਉੱਤੇ ਵਿਆਪਕ ਹਮਲੇ ਹੋਣ ਲੱਗੇ. ਉਨ੍ਹਾਂ ਦੀਆਂ ਸੈਂਕੜੇ ਝੁੱਗੀਆਂ/ਝੌਂਪੜੀਆਂ ਸਾੜ-ਫੂਕ ਦਿੱਤੀਆਂ ਗਈਆਂ. ਸੈਂਕੜੇ ਲੋਕ ਬੇਘਰ ਹੋ ਗਏ.

ਹੁਣ, ਹਿੰਦੁਸਤਾਨ ਵਿੱਚ ਕਰੋਨਾਵਾਇਰਸ ਮਹਾਮਾਰੀ ਦੀ ਮਾਰ ਨੇ, ਯੋਰਪ ਵਿੱਚ 14ਵੀਂ ਸਦੀ ਵਿੱਚ, 'ਬਲੈਕ ਡੈੱਥ' ਅਤੇ ਹਿੰਦੁਸਤਾਨ ਵਿੱਚ ਅੰਗਰੇਜ਼ ਰਾਜ਼ ਦੇ ਵੇਲੇ ਦੀਆਂ ਮਹਾਮਾਰੀਆਂ ਦੀ ਯਾਦ ਤਾਜ਼ਾ ਕਰਵਾ ਦਿੱਤੀ ਹੈ.

ਹੁਣ, ਧਾਰਮਿਕ ਘੱਟ-ਗਿਣਤੀਆਂ ਉੱਤੇ ਹਮਲੇ ਕੀਤੇ ਜਾ ਰਹੇ ਹਨ. ਇਸਦੇ ਨਾਲ ਹੀ ਮਜ਼ਦੂਰ ਜਮਾਤ ਜਿਹੜੀ ਕਿ ਪਹਿਲਾਂ ਹੀ ਮੰਦਹਾਲੀ ਦੀ ਹਾਲਤ ਵਿੱਚ ਹੈ-ਉਸ ਲਈ ਸਭ ਤੋਂ ਵੱਧ ਮੁਸ਼ਕਿਲਾਂ ਆ ਰਹੀਆਂ ਹਨ.

ਨਿਜ਼ਾਮੁਦੀਨ ਮਰਕਜ਼, ਦਿੱਲੀ, ਵਿੱਚ ਮੁਸਲਿਮ ਧਰਮ ਨਾਲ ਸਬੰਧਤ 'ਤਬਲੀਗੀ

ਜਮਾਤ' ਦੀ ਮੀਟਿੰਗ ਨੂੰ ਆਧਾਰ ਬਣਾ ਕੇ ਹਿੰਦੁਸਤਾਨ ਦੇ ਅਨੇਕਾਂ ਟੀਵੀ ਚੈਨਲਾਂ ਨੇ ਬਹੁਤ ਹੀ ਫਿਰਕੂ ਸੁਰ ਵਾਲੇ ਟੀਵੀ ਪ੍ਰੋਗਰਾਮ ਦਿਖਾਏ.

ਇੱਥੋਂ ਤੱਕ ਕਿ ਕਰੋਨਾ ਬਾਰੇ ਰੋਜ਼ਾਨਾ ਮੀਡੀਆ ਨੂੰ ਜਾਣਕਾਰੀ ਦੇਣ ਵਾਲੇ ਕੇਂਦਰ ਸਰਕਾਰ ਦੇ ਤਰਜਮਾਨਾਂ ਨੇ ਵੀ ਫਿਰਕਾਪ੍ਰਸਤੀ ਨੂੰ ਹੁਲਾਰਾ ਦਿੱਤਾ.

ਜਿਸ ਕਾਰਨ, ਦੇਸ਼ ਭਰ ਦੇ, ਮੁਸਲਿਮ ਰੇਹੜੀ ਵਾਲਿਆਂ, ਮਜ਼ਦੂਰਾਂ, ਦਸਤਕਾਰਾਂ, ਦਾ ਵੀ ਆਮ ਜਨਤਾ ਵੱਲੋਂ ਵਿਰੋਧ ਹੋਣਾ ਸ਼ੁਰੂ ਹੋ ਗਿਆ.

ਮੁਸਲਮਾਨਾਂ ਪ੍ਰਤੀ, ਇਸ ਤਰ੍ਹਾਂ ਦਾ, ਨਫ਼ਰਤ ਭਰਿਆ ਪ੍ਰਚਾਰ, ਜ਼ਾਹਿਰ ਹੈ ਕਿ ਹਿੰਦੂਵਾਦੀ ਕੱਟੜਪੰਥੀਆਂ ਦੀ ਇੱਕ ਸੋਚੀ-ਸਮਝੀ ਸਾਜ਼ਿਸ਼ ਸੀ.

ਇਸ ਗੱਲ ਦੀ ਪੁਸ਼ਟੀ ਮੁੰਬਈ ਹਾਈ ਕੋਰਟ ਨੇ ਵੀ ਕੀਤੀ ਹੈ.

ਹਾਈ ਕੋਰਟ ਦਾ ਕਹਿਣਾ ਹੈ ਕਿ ਤਬਲੀਗੀਆਂ ਉੱਤੇ ਇਹ ਦੋਸ਼ ਲਗਾਇਆ ਜਾਣਾ ਕਿ ਉਹ ਕਰੋਨਾ ਮਹਾਮਾਰੀ ਫੈਲਾਉਣ ਲਈ ਜ਼ਿੰਮੇਵਾਰ ਹਨ-ਮਹਿਜ਼, ਉਨ੍ਹਾਂ ਨੂੰ ਬਲੀ ਦੇ ਬੱਕਰੇ ਬਨਾਉਣ ਦੀ ਇਹ ਇੱਕ ਸੋਚੀ ਸਮਝੀ ਸਾਜ਼ਿਸ਼ ਹੈ. ਇਹ ਮੁਸਲਿਮ ਧਰਮ ਨਾਲ ਸਬੰਧਤ ਲੋਕਾਂ ਖਿਲਾਫ਼ ਇੱਕ ਸੋਚੀ ਸਮਝੀ ਸਾਜ਼ਿਸ਼ ਹੈ. ਇਹ ਸਾਜ਼ਿਸ਼ ਹਿੰਦੂਵਾਦੀਆਂ ਦੇ ਮਨਾਂ ਵਿੱਚ ਮੁਸਲਿਮ ਧਰਮ ਨਾਲ ਸਬੰਧਤ ਲੋਕਾਂ ਖਿਲਾਫ਼ ਪਲ ਰਹੀ ਨਫ਼ਰਤ ਵਿੱਚੋਂ ਹੀ ਪੈਦਾ ਹੋਈ ਹੈ.

ਸਲੀਮ ਮੁਹੰਮਦ ਇੱਕ ਵਧੀਆ ਰੇਡੀਓ/ਟੀਵੀ ਜਰਨਲਿਸਟ ਵੀ ਹੈ. ਉਸਨੇ, ਯੂਨੀਵਰਸਿਟੀ ਵਿੱਚ ਰਾਜਨੀਤੀ ਪੜ੍ਹਾ ਰਹੇ, ਪ੍ਰੋ. ਸ਼ਿਵ ਸ਼ੰਕਰ ਨਾਲ ਗੱਲਬਾਤ ਕਰਦਿਆਂ ਕਿਹਾ: "ਸਾਨੂੰ ਇਹ ਗੱਲ ਕਦੀ ਨਹੀਂ ਭੁੱਲਣੀ ਚਾਹੀਦੀ ਕਿ ਹਿੰਦੁਸਤਾਨ ਵਿੱਚ ਰਾਜ ਕਰ ਰਹੀ ਭਾਜਪਾ ਦਾ ਮੁੱਖ ਏਜੰਡਾ ਧਰਮਾਂ ਦੇ ਨਾਮ ਉੱਤੇ ਨਫ਼ਰਤ ਫੈਲਾਉਣਾ ਹੈ. ਭਾਜਪਾ ਹਮੇਸ਼ਾ ਘੱਟ ਗਿਣਤੀ ਮੁਸਲਿਮ ਧਰਮ ਵਿਰੁੱਧ ਨਫ਼ਰਤ ਫੈਲਾ ਕੇ ਹਿੰਦੂ ਬਹੁਗਿਣਤੀ ਨੂੰ ਖੁਸ਼ ਕਰਨਾ ਚਾਹੁੰਦੀ ਹੈ ਅਤੇ ਇਸ ਤਰ੍ਹਾਂ ਕਰਕੇ ਆਪਣਾ ਵੋਟਬੈਂਕ ਪੱਕਾ ਕਰਨ ਦੇ ਆਹਰ ਵਿੱਚ ਰਹਿੰਦੀ ਹੈ."

ਮਹਾਮਾਰੀਆਂ ਘੱਟ ਗਿਣਤੀਆਂ ਉੱਤੇ ਹਮਲਿਆਂ ਦਾ ਇਤਿਹਾਸ ਹੈ; ਪਰ ਨੇਤਾ ਜੀ ਅਤੇ ਉਨ੍ਹਾਂ ਦੇ ਸਹਿਯੋਗੀਆਂ ਲਈ ਕਰੋਨਾਵਾਇਰਸ ਮਹਾਮਾਰੀ ਸੰਕਟ ਦਾ ਸਮਾਂ ਘੱਟਗਿਣਤੀਆਂ ਵਿਰੁੱਧ ਨਫ਼ਰਤ ਫੈਲਾਉਣ ਦਾ ਇੱਕ ਸੁਨਹਿਰੀ ਮੌਕਾ ਸੀ.

# 6.

ਹਿੰਦੁਸਤਾਨ ਦਾ ਟੈਲੀਵੀਜ਼ਨ ਮੀਡੀਆ ਤਿੰਨ ਗੱਲਾਂ ਲਈ ਵਿਸ਼ੇਸ਼ ਕਰਕੇ ਮਸ਼ਹੂਰ ਹੈ : ਸਨਸਨੀਖੇਜ਼ ਖਬਰਾਂ ਲਈ, ਝੂਠੀਆਂ ਖਬਰਾਂ ਲਈ ਅਤੇ ਫਿਰਕੂ ਨਫ਼ਰਤ ਦਾ ਪ੍ਰਚਾਰ ਕਰਨ ਲਈ. ਇਸ ਕਰਕੇ, ਇਸ ਮੀਡੀਆ ਨੂੰ ਕਈ ਲੋਕ 'ਭੌਂਕੂ ਮੀਡੀਆ' ਜਾਂ 'ਗੋਦੀ ਮੀਡੀਆ' ਕਹਿਣਾ ਵਧੇਰੇ ਪਸੰਦ ਕਰਦੇ ਹਨ.

ਹਿੰਦੁਸਤਾਨ ਵਿੱਚ ਐਨ.ਡੀ.ਟੀਵੀ. ਵਰਗੇ ਕੇਵਲ ਇੱਕ/ਦੋ ਹੀ ਟੀਵੀ ਚੈਨਲ ਹਨ; ਜੋ ਤੱਥਾਂ ਉੱਤੇ ਆਧਾਰਤ ਅਤੇ ਤਰਕਸ਼ੀਲ ਗੱਲਾਂ ਕਰਦੇ ਹਨ.

ਵਧੇਰੇ ਹਿੰਦੁਸਤਾਨੀ ਟੈਲੀਵੀਜ਼ਨ ਮੀਡੀਆ ਤਾਂ ਹਿੰਦੁਸਤਾਨ ਵਿੱਚ ਹਕੂਮਤ ਕਰ ਰਹੀ ਭਾਰਤੀ ਜਨਤਾ ਪਾਰਟੀ ਨਾਲ ਸਬੰਧਤ ਰਾਜਨੀਤੀਵਾਨਾਂ ਦੀ ਹੀ ਮਾਲਕੀਅਤ ਹੋਣ ਕਰਕੇ ਸੱਤਾ ਦੀ ਬੋਲੀ ਹੀ ਬੋਲਦਾ ਅਤੇ ਹਰ ਢੰਗ ਨਾਲ ਹਕੂਮਤ ਦੀ ਕੁਰਸੀ ਉੱਤੇ ਬੈਠੀ ਭਾਰਤੀ ਜਨਤਾ ਪਾਰਟੀ ਦੇ ਹਿੰਦੂਵਾਦੀ ਕੱਟੜਪੰਥੀ ਏਜੰਡੇ ਦਾ ਹੀ ਪ੍ਰਚਾਰ ਕਰਦਾ ਹੈ.

ਕਈ ਵਾਰੀ ਤਾਂ ਇੱਥੋਂ ਤੱਕ ਵੀ ਮਹਿਸੂਸ ਹੁੰਦਾ ਕਿ ਹਿੰਦੁਸਤਾਨ ਦੀਆਂ ਅਦਾਲਤਾਂ ਅਤੇ ਹਿੰਦੁਸਤਾਨ ਦਾ ਕਾਨੂੰਨ ਵੀ ਹਿੰਦੂਵਾਦੀ ਕੱਟੜਪੰਥੀ ਏਜੰਡੇ ਦਾ ਪ੍ਰਚਾਰ ਕਰਕੇ ਹਿੰਦੁਸਤਾਨ ਦੇ ਟੈਲੀਵੀਜ਼ਨ ਮੀਡੀਆ ਦੀ ਹੀ ਪਿੱਠ ਥਾਪੜਦਾ.

ਕਰੋਨਾ ਮਹਾਮਾਰੀ ਸੰਕਟ ਨੇ ਹਿੰਦੁਸਤਾਨ ਦੇ ਟੈਲੀਵੀਜ਼ਨ ਮੀਡੀਆ ਦਾ ਫਿਰਕੂ-ਨਫ਼ਰਤੀ ਵਾਇਰਸ ਦੀ ਬਦਬੂ ਮਾਰਦਾ ਚਿਹਰਾ ਹੋਰ ਵੀ ਵਧੇਰੇ ਸਪੱਸ਼ਟ ਰੂਪ ਵਿੱਚ ਨੰਗਾ ਕਰਕੇ ਲੋਕਾਂ ਨੂੰ ਦਿਖਾ ਦਿੱਤਾ.

ਇਨ੍ਹਾਂ ਟੀਵੀ ਪ੍ਰੋਗਰਾਮਾਂ ਵੱਲੋਂ ਕਰੋਨਾ ਮਹਾਮਾਰੀ ਨਾਲ ਸਬੰਧਤ ਅਖੌਤੀ ਬਹਿਸਾਂ ਵਿੱਚ, ਮਹਿਮਾਨਾਂ ਵਜੋਂ ਬੁਲਾਏ ਜਾਂਦੇ, ਭਗਵੇਂ ਬ੍ਰਿਗੇਡ ਦੇ ਹਿੰਦੂ ਕੱਟੜਵਾਦੀ ਸਾਧੂ ਅਤੇ ਸਾਧਵੀਆਂ ਸ਼ਰੇਆਮ ਮੁਸਲਿਮ ਘੱਟ ਗਿਣਤੀ ਖਿਲਾਫ਼ ਜ਼ਹਿਰ ਉਗਲਦੇ. ਕਈ ਹਿੰਦੂਵਾਦੀ ਸਾਧਵੀਆਂ ਤਾਂ ਟੀਵੀ ਉੱਤੇ ਬੋਲਦਿਆਂ ਸਰੇਆਮ ਕਹਿ ਦਿੰਦੀਆਂ : "ਇਨ ਤਬਲੀਗੀ ਗੱਦਾਰੋਂ ਕੋ ਗੋਲੀ ਮਾਰ ਦੇਣੀ ਚਾਹੀਏ."

ਹਿੰਦੁਸਤਾਨ ਦੇ ਫਿਰਕੂ ਟੀਵੀ ਚੈਨਲਾਂ ਵੱਲੋਂ ਮੁਸਲਿਮ ਧਰਮ ਵਿਰੁੱਧ ਇਸ ਤਰ੍ਹਾਂ ਸਰੇਆਮ ਨਫ਼ਰਤ ਫੈਲਾਉਣ ਕਾਰਨ ਬਹੁਤ ਸਾਰੀਆਂ ਮੁਸਲਿਮ ਸੰਸਥਾਵਾਂ ਨੇ ਹਿੰਦੁਸਤਾਨ ਦੇ ਮਿਨੋਰਟੀ ਕਮਿਸ਼ਨ ਕੋਲ ਸ਼ਿਕਾਇਤ ਕੀਤੀ ਤਾਂ ਕਿਤੇ ਜਾ ਕੇ ਟੀਵੀ ਚੈਨਲਾਂ ਵੱਲੋਂ ਫੈਲਾਈ ਜਾ ਰਹੀ ਫਿਰਕੂ ਨਫ਼ਰਤ ਕੁਝ ਘੱਟ ਸਕੀ.

ਪਰ, ਅਫਸੋਸ ਇਸ ਗੱਲ ਦਾ ਸੀ ਕਿ ਹਿੰਦੁਸਤਾਨ ਸਰਕਾਰ ਦੇ ਸਿਹਤ ਵਿਭਾਗ ਦੇ ਬੁਲਾਰੇ ਵੀ ਟੈਲੀਵੀਜ਼ਨ ਉੱਤੇ ਬੋਲਦਿਆਂ ਫਿਰਕੂ ਨਫ਼ਰਤ ਦਾ ਪ੍ਰਚਾਰ ਕਰਦੇ ਹੀ ਨਜ਼ਰ ਆਉਂਦੇ ਸਨ.

ਉਹ ਵੀ, ਹਿੰਦੁਸਤਾਨ ਵਿੱਚ, ਕਰੋਨਾਵਾਇਰਸ ਦੇ ਫੈਲਾਅ ਲਈ ਮੁਸਲਿਮ ਧਰਮ ਨਾਲ ਸਬੰਧਿਤ ਤਬਲੀਗੀ ਜਮਾਤ ਨੂੰ ਹੀ ਜ਼ਿੰਮੇਵਾਰ ਠਹਿਰਾਉਂਦੇ ਸਨ.

ਸਲੀਮ ਮੁਹੰਮਦ, ਅੱਜ, ਬੌਲੀਵੁੱਡ ਰੈਸਟੋਰੈਂਟ ਵਿੱਚ ਆਉਂਦਿਆਂ ਹੀ, ਗੋਦੀ ਮੀਡੀਆ ਬਾਰੇ ਚਰਚਾ ਛੇੜਦਿਆਂ ਬੋਲਿਆ : "ਜੀਹਨੇ ਅੱਜ ਅਜੇ ਤੱਕ ਟੀਵੀ ਦੀਆਂ ਖਬਰਾਂ ਨਹੀਂ ਸੁਣੀਆਂ ਉਹ ਪੜ੍ਹ ਲਵੇ ਅੱਜ ਦੀਆਂ ਅਖਬਾਰਾਂ ਦੀਆਂ ਸੁਰਖੀਆਂ. ਉਹ ਵੀ ਪੜ੍ਹ ਲੈਣ ਅੱਖਾਂ ਖੋਹਲ੍ਹ ਕੇ ਜਿਹੜੇ ਟੀਵੀ ਚੈਨਲਾਂ ਉੱਤੇ ਉੱਛਲ ਉੱਛਲ ਕੇ ਚਾਂਗਰਾਂ ਮਾਰ ਰਹੇ ਸਨ 'ਇਨ ਤਬਲੀਗੀ ਗਦਾਰੋਂ ਕੋ ਗੋਲੀ ਮਾਰ ਦੇਣੀ ਚਾਹੀਏ'."

ਪ੍ਰੋ. ਰਜਨੀਸ਼ ਸ਼ਰਮਾ ਬੋਲਿਆ : "ਕੁਝ ਦੱਸੇਂਗਾ ਵੀ ਕਿ ਐਵੇਂ ਰਿਪਬਲਿਕ ਭਾਰਤ ਟੀਵੀ ਚੈਨਲ ਦੇ ਅਰਨਬ ਗੋਸਵਾਮੀ ਵਾਂਗ ਸ਼ੋਰ ਹੀ ਪਾਂਦਾ ਰਹੇਂਗਾ?"

ਸਲੀਮ ਮੁਹੰਮਦ ਬੋਲਿਆ : "ਆਹ ਵੇਖ, ਕਿਵੇਂ ਮੁੰਬਈ ਹਾਈ ਕੋਰਟ ਨੇ ਗੋਦੀ ਮੀਡੀਆ ਨੂੰ ਅਤੇ ਭਾਜਪਾ ਹਕੂਮਤ ਨੂੰ ਲਾਹਨਤਾਂ ਪਾਈਐਂ. ਬੰਬਈ ਹਾਈ ਕੋਰਟ ਨੇ ਕਿਹਾ ਕਿ ਹਾਲਾਤ ਇਹੀ ਦੱਸਦੇ ਜਾਪਦੇ ਹਨ ਕਿ ਇਹ ਤਬਲੀਗੀ ਬਦੇਸ਼ੀਆਂ ਨੂੰ ਬਲੀ ਦੇ ਬੱਕਰੇ ਬਨਾਉਣ ਲਈ ਚੁਣਿਆ ਗਿਆ."

ਪ੍ਰੋ. ਰਜਨੀਸ਼ ਸ਼ਰਮਾ ਬੋਲਿਆ : "ਉਹ ਕਿਵੇਂ?"

ਸਲੀਮ ਮੁਹੰਮਦ ਬੋਲਿਆ : "ਦਿੱਲੀ ਦੀ ਨਿਜ਼ਾਮੁਦੀਨ ਮਸਜਿਦ ਵਿੱਚ ਤਬਲੀਗੀ ਜਮਾਤ ਵੱਲੋਂ ਕੀਤੇ ਗਏ ਇਕੱਠ ਉੱਤੇ ਪੁਲਿਸ ਨੇ ਇਹ ਦੋਸ਼ ਲਗਾ ਕੇ ਕਿ ਇਨ੍ਹਾਂ ਲੋਕਾਂ ਨੇ ਕੋਵਿਡ-19 ਸਬੰਧੀ ਲੱਗੀਆਂ ਹੋਈਆਂ ਪਾਬੰਧੀਆਂ ਦੀ ਉਲੰਘਣਾ ਕੀਤੀ ਹੈ 29 ਬਦੇਸ਼ੀ ਤਬਲੀਗੀਆਂ ਉੱਤੇ ਐਫਆਈਆਰ ਦਰਜ ਕਰ ਦਿੱਤੀਆਂ ਸਨ. ਬੰਬਈ ਹਾਈ ਕੋਰਟ ਨੇ ਉਹ ਸਾਰੀਆਂ ਹੀ ਐਫਆਈਆਰ ਰੱਦ ਕਰ ਦਿੱਤੀਆਂ ਹਨ ਕਿ ਜਦੋਂ ਵੀ ਕੋਈ ਮਹਾਮਾਰੀ ਜਾਂ ਕੁਦਰਤੀ ਆਫਤ ਆਉਂਦੀ ਹੈ ਤਾਂ ਇੱਕ ਰਾਜਨੀਤਕ ਸਰਕਾਰ ਬਲੀ ਦਾ ਬੱਕਰਾ ਲੱਭਣ ਦੀ ਕੋਸ਼ਿਸ਼ ਕਰਦੀ ਹੈ. ਹਾਲਾਤ ਇਹੀ ਦੱਸ ਰਹੇ ਹਨ ਕਿ ਸੰਭਵ ਹੈ ਕਿ ਇਨ੍ਹਾਂ ਬਦੇਸ਼ੀਆਂ ਨੂੰ ਵੀ ਬਲੀ ਦੇ ਬੱਕਰੇ ਬਨਾਉਣ ਲਈ ਚੁਣਿਆ ਗਿਆ."

ਪ੍ਰੋ. ਰਜਨੀਸ਼ ਸ਼ਰਮਾ ਬੋਲਿਆ : "ਬੰਬਈ ਹਾਈ ਕੋਰਟ ਵੱਲੋਂ ਦਿੱਤੀ ਗਈ ਇਸ ਦਲੀਲ ਵਿੱਚ ਮੈਨੂੰ ਵੀ ਵਜ਼ਨ ਲੱਗਦਾ."

ਸਲੀਮ ਮੁਹੰਮਦ ਬੋਲਿਆ : "ਬੰਬਈ ਹਾਈ ਕੋਰਟ ਨੇ ਇਸੇ ਹੀ ਸਿਲਸਿਲੇ ਵਿੱਚ ਪੁਲਿਸ ਵੱਲੋਂ 6 ਹੋਰ ਹਿੰਦੁਸਤਾਨੀ ਨਾਗਰਿਕਾਂ ਅਤੇ ਮਸਜਿਦ ਦੇ ਟਰੱਸਟੀਆਂ ਵਿਰੁੱਧ ਦਾਇਰ ਕੀਤੀਆਂ ਗਈਆਂ ਐਫਆਈਆਰ ਵੀ ਰੱਦ ਕਰ ਦਿੱਤੀਆਂ. ਇੰਨਾ ਹੀ ਨਹੀਂ ਅਦਾਲਤ ਨੇ ਪ੍ਰਿੰਟ ਮੀਡੀਆ ਅਤੇ ਇਲੈਕਟਰੋਨਿਕ ਮੀਡੀਆ ਦੀ ਵੀ ਚੰਗੀ ਝਾੜ-ਝੰਬ ਕੀਤੀ ਹੈ ਜੋ ਕਿ ਤਬਲੀਗੀ ਜਮਾਤ ਦੇ ਵਿਰੁੱਧ ਬਹੁਤ ਜ਼ਹਿਰ ਉਗਲ ਰਹੇ ਸਨ."

ਪ੍ਰੋ. ਰਜਨੀਸ਼ ਸਰਮਾ ਬੋਲਿਆ : "ਚਲੋ, ਦੇਸ਼ ਦੀ ਕੋਈ ਤਾਂ ਅਦਾਲਤ ਹੈ ਜਿਸ ਉੱਤੇ ਲੋਕ ਭਰੋਸਾ ਕਰ ਸਕਦੇ ਹਨ."

ਸਲੀਮ ਮੁਹੰਮਦ ਬੋਲਿਆ : "ਅਦਾਲਤ ਨੇ ਸਰਕਾਰ ਦੀ ਇਸ ਗੱਲ ਲਈ ਵੀ

ਝਾੜ–ਝੰਬ ਕੀਤੀ ਕਿ ਜਦੋਂ ਤੁਸੀਂ ਕਿਸੀ ਬਦੇਸ਼ੀ ਨੂੰ ਇੰਡੀਆ ਆਉਣ ਲਈ ਵੀਜ਼ਾ ਦਿੰਦੇ ਹੋ ਤਾਂ ਇੰਡੀਆ ਦੇ ਕਾਂਸਟੀਚੀਊਸ਼ਨ ਅਨੁਸਾਰ ਤੁਸੀਂ ਉਸ ਵਿਅਕਤੀ ਨੂੰ ਇੰਡੀਆ ਵਿੱਚ ਆਪਣੀਆਂ ਧਾਰਮਿਕ ਰਹੁ–ਰੀਤਾਂ ਦੀ ਪਾਲਣਾ ਕਰਨ ਦੀ ਵੀ ਆਜ਼ਾਦੀ ਦਿੰਦੇ ਹੋ ਅਤੇ ਬੋਲਣ ਦੀ ਵੀ ਆਜ਼ਾਦੀ ਦਿੰਦੇ ਹੋ. ਫਿਰ ਸਰਕਾਰ ਨੂੰ ਸਮੱਸਿਆ ਕੀ ਹੈ?"

ਪ੍ਰੋ. ਰਜਨੀਸ਼ ਸ਼ਰਮਾ ਬੋਲਿਆ : "ਮੂਲ ਮਸਲਾ ਤਾਂ ਇਹੀ ਸੀ ਕਿ ਜੇਕਰ ਕੋਵਿਡ–19 ਕਾਰਨ ਦਿੱਲੀ ਵਿੱਚ ਇੱਕ ਦਮ ਲੌਕਡਾਊਨ ਦੀਆਂ ਪਾਬੰਧੀਆਂ ਲਾਗੂ ਨ ਹੋ ਜਾਂਦੀਆਂ ਤਾਂ ਤਬਲੀਗੀ ਜਮਾਤ ਨਾਲ ਸਬੰਧਤ ਬਦੇਸ਼ੀ ਲੋਕਾਂ ਨੇ ਨਿਜ਼ਾਮੂਦੀਨ ਮਸਜਿਦ ਵਿੱਚ ਹੋਰ ਸਮੇਂ ਲਈ ਰੁਕਣਾ ਹੀ ਨਹੀਂ ਸੀ? ਉਨ੍ਹਾਂ ਨੇ ਤਾਂ ਆਪਣੇ ਮੁਲਕਾਂ ਨੂੰ ਵਾਪਿਸ ਮੁੜ ਹੀ ਜਾਣਾ ਸੀ?"

ਕਰੋਨਾ ਮਹਾਮਾਰੀ ਦੌਰਾਨ ਭੌਂਕੂ ਮੀਡੀਆ/ਗੋਦੀ ਮੀਡੀਆ ਦੀ ਭੂਮਿਕਾ ਬਸ ਏਨੀ ਕੁ ਹੀ ਸੀ ਕਿ ਹਿਜ਼ ਮਾਸਟਰਜ਼ ਵਾਇਸ ਵਾਂਗੂੰ ਨੇਤਾ ਜੀ ਅਤੇ ਉਨ੍ਹਾਂ ਦੀ ਸੱਤਾਧਾਰੀ ਪਾਰਟੀ ਦੀ ਫਿਰਕੂ–ਨਫ਼ਰਤੀ ਵਿਚਾਰਧਾਰਾ ਨੂੰ ਹੋਰ ਲਾਊਡ ਅਤੇ ਜ਼ਹਿਰੀਲੀ ਕਰਕੇ ਦੇਸ਼ ਦੇ ਕੋਨੇ ਕੋਨੇ ਵਿੱਚ ਵਸਦੀ ਹਿੰਦੁਸਤਾਨੀ ਜਨਤਾ ਤੱਕ ਪਹੁੰਚਾਉਣਾ.

# 7.

ਹਿੰਦੁਸਤਾਨ ਦੇ ਟੈਲੀਵੀਜ਼ਨ ਚੈਨਲ ਉੱਤੇ ਭੀੜ ਵੱਲੋਂ ਨਾਹਰੇ ਲੱਗ ਰਹੇ ਸਨ :

'ਮੋਦੀ ਹੈ ਤੋ ਸਭ ਕੁਛ ਮੁਮਕਿਨ ਹੈ'

'ਮੋਦੀ ਹੀ ਹਿੰਦੁਸਤਾਨ ਹੈ'

ਆਪਣੇ ਘਰ ਦੇ ਡਰਾਇੰਗ ਰੂਮ ਵਿੱਚ, ਆਪਣੇ ਦੋਸਤਾਂ ਨਾਲ, ਬੈਠੀ ਨੀਟਾ ਗੁਪਤਾ ਤੋਂ ਇਹ ਸਭ ਕੁਝ ਦੇਖ-ਸੁਣ ਕੇ ਚੁੱਪ ਨ ਰਿਹਾ ਗਿਆ. ਉਹ ਬੋਲੀ : "ਬਿਲਕੁਲ, ਸਭ ਕੁਝ ਮੁਮਕਿਨ ਹੈ. ਕੁਝ ਲੋਕਾਂ ਨੂੰ ਤਾਂ ਕੋਈ ਸ਼ਰਮ ਹਯਾ ਹੀ ਨਹੀਂ ਹੁੰਦੀ. ਦੇਖੋ! ਕਰੋਨਾ ਮਹਾਮਾਰੀ ਸੰਕਟ ਦੌਰਾਨ ਵੀ ਇਹ ਕਰੋਨਾ ਮਾਫ਼ੀਆ ਹਿਮਾਚਲ ਵਿੱਚ ਭ੍ਰਿਸ਼ਟਾਚਾਰ ਕਰਨ ਤੋਂ ਬਾਜ਼ ਨਹੀਂ ਆਇਆ. ਹਿਮਾਚਲ ਵਿੱਚ ਭਾਜਪਾ ਦਾ ਮੁਖੀ ਡਾ. ਰਾਜੀਵ ਬਿੰਦਲ ਵੈਂਟੀਲੇਟਰਾਂ, ਸੈਨੇਟਾਈਜ਼ਰਾਂ, ਪੀਪੀਈ ਕਿਟਸ ਦੀ ਖਰੀਦੋ-ਫਰੋਖਤ ਕਰਨ ਵਿੱਚ ਹੀ ਲੱਖਾਂ ਹੀ ਰੁਪਏ ਹੜੱਪ ਗਿਆ. ਹੁਣ ਮੀਡੀਆ ਵਿੱਚ ਇਸ ਮਾਫ਼ੀਆ ਦੀ ਇੱਕ ਵੀਡੀਓ ਵਾਇਰਲ ਹੋ ਗਈ ਤਾਂ ਹਿਮਾਚਲ ਪ੍ਰਦੇਸ਼ ਦੀ ਭਾਜਪਾ ਵਿੱਚ ਭੂਚਾਲ ਆਇਆ ਹੋਇਆ ਹੈ."

ਪ੍ਰੋ. ਸ਼ਿਵ ਸ਼ੰਕਰ ਬੋਲਿਆ : "ਹਿੰਦੁਸਤਾਨ ਵਿੱਚ ਤਾਂ ਬੇੜਾ ਹੀ ਡੁੱਬਿਆ ਪਿਆ. ਸੂਰਤ ਵਿੱਚ ਪੁਲਿਸ ਨੇ ਦਵਾਈ ਮਾਫ਼ੀਆ ਨਾਲ ਸਬੰਧਤ ਕੁਝ ਲੋਕ ਗ੍ਰਿਫਤਾਰ ਕੀਤੇ ਹਨ. ਉੱਥੇ ਤੋਸੀਲੀਜੁਮਾਬ ਨਾਮ ਦੀ ਇੱਕ ਦਵਾਈ ਜਿਸ ਦੀ ਕੀਮਤ 50,000 ਰੁਪਏ ਸੀ ਉਹ ਬਲੈਕ ਮਾਰਕਿਟ ਵਿੱਚ 100,000 ਰੁਪਏ ਵਿੱਚ ਵੇਚੀ ਜਾ ਰਹੀ ਸੀ."

ਗੁਰਮੀਤ ਸਿੰਘ ਬੋਲਿਆ : "ਇਹ ਚੋਰ ਬਜ਼ਾਰੀ ਕਿੱਥੇ ਨਹੀਂ ਹੋ ਰਹੀ? ਬਦੇਸ਼ਾਂ ਵਿੱਚ ਫਸੇ ਹਿੰਦੁਸਤਾਨੀ ਲੋਕਾਂ ਨੂੰ ਹਿੰਦੁਸਤਾਨ ਵਾਪਿਸ ਲੈ ਕੇ ਆਉਣ ਦੇ ਨਾਮ ਉੱਤੇ 'ਏਅਰ ਇੰਡੀਆ' ਏਅਰ ਲਾਈਨਜ਼ ਵਾਲੇ ਹਿੰਦੁਸਤਾਨ ਸਰਕਾਰ ਵੱਲੋਂ ਚਲਾਈ ਜਾ ਰਹੀ 'ਵੰਦੇ ਮਾਤਰਮ' ਸਕੀਮ ਅਧੀਨ ਲੋੜਵੰਦ ਸਵਾਰੀਆਂ ਕੋਲੋਂ ਤਿੰਨ-ਤਿੰਨ ਗੁਣਾਂ ਹਵਾਈ ਕਿਰਾਏ ਵਸੂਲ ਰਹੇ ਹਨ. ਕਰੋਨਾ ਮਹਾਮਾਰੀ ਸੰਕਟ ਦੌਰਾਨ ਪਹਿਲਾਂ ਹੀ ਦੁਖੀ ਲੋਕਾਂ ਨੂੰ ਆਰਥਿਕ ਤੌਰ ਉੱਤੇ ਸਰਕਾਰੀ ਅਦਾਰੇ ਵੀ ਲੁੱਟ ਰਹੇ ਹਨ."

ਮੁਹੰਮਦ ਸਲੀਮ ਬੋਲਿਆ: "ਟੈਕਸ ਮਾਫ਼ੀਏ ਨੇ ਹੁਣ ਲੋਕਾਂ ਉੱਤੇ ਕਰੋਨਾ ਟੈਕਸ ਲਗਾ ਦਿੱਤਾ. ਦੇਖੋ! ਸਰਕਾਰ ਕਿੰਨ੍ਹੀ ਬੇਰਹਿਮ ਹੈ. ਆਮ ਆਦਮੀ ਤਾਂ ਪਹਿਲਾਂ ਹੀ ਸਾਰੇ ਦੇਸ਼ ਵਿੱਚ ਲੰਬੇ ਸਮੇਂ ਤੋਂ ਚੱਲੇ ਆ ਰਹੇ ਲੌਕਡਾਊਨ ਕਾਰਨ ਆਰਥਿਕ ਤੌਰ ਉੱਤੇ ਕੰਗਾਲ ਹੋ ਚੁੱਕਾ ਹੈ, ਫੈਕਟਰੀਆਂ ਬੰਦ ਪਈਆਂ, ਹਰ ਤਰ੍ਹਾਂ ਦਾ ਵਿਉਪਾਰ ਲੱਗ-ਪੱਗ ਬੰਦ ਪਿਆ, ਕਰੋੜਾਂ ਲੋਕ ਬੇਰੁਜ਼ਗਾਰ ਹਨ ਅਤੇ ਉੱਤੋਂ ਜ਼ਿੰਦਗੀ ਨਾਲ ਸਬੰਧਤ ਹਰ ਖੇਤਰ ਵਿੱਚ ਹੀ ਹਿੰਦੁਸਤਾਨ ਸਰਕਾਰ ਵੱਲੋਂ ਕਰੋਨਾ ਟੈਕਸ ਠੋਕ ਦਿੱਤਾ ਗਿਆ."

ਸੁਰਿੰਦਰ ਕੌਰ ਬੋਲੀ : "ਮੈਨੂੰ ਤਾਂ ਇਸ ਗੱਲ ਵਿੱਚ ਯਕੀਨ ਹੁੰਦਾ ਜਾ ਰਿਹਾ

ਕਿ ਕਰੋਨਾ ਮਹਾਮਾਰੀ ਸੰਕਟ ਵੀ ਕਰੋਨਾ ਮਾਫ਼ੀਆ ਦੀ ਹੀ ਇੱਕ ਸਾਜ਼ਿਸ਼ ਹੈ. ਜਿਸ ਵਿੱਚ ਅਮੀਰ ਹੋਰ ਅਮੀਰ ਹੋ ਰਿਹਾ ਅਤੇ ਗਰੀਬ ਹੋਰ ਗਰੀਬ. ਦੇਖੋ! ਕਰੋਨਾ ਲੈਬਾਂ ਵਿੱਚ ਵੀ ਝੂਠੇ ਕਰੋਨਾ ਟੈਸਟ ਹੋ ਰਹੇ ਹਨ. ਲੋਕਾਂ ਨੂੰ ਐਵੇਂ ਹੀ ਕਰੋਨਾ ਪੌਜ਼ਿਟਿਵ ਕਹਿ ਕੇ ਹਸਪਤਾਲਾਂ ਵਿੱਚ ਭਰਤੀ ਕਰ ਦਿੱਤਾ ਜਾਂਦਾ ਅਤੇ ਫਿਰ ਉਨ੍ਹਾਂ ਨੂੰ ਲੱਖਾਂ ਰੁਪਏ ਦੇ ਮੈਡੀਕਲ ਬਿੱਲ ਫੜਾ ਦਿੱਤੇ ਜਾਂਦੇ ਹਨ ਕਿ ਹਸਪਤਾਲ ਨੇ ਉਨ੍ਹਾਂ ਨੂੰ ਬਹੁਤ ਹੀ ਖਤਰਨਾਕ ਬੀਮਾਰੀ ਕਰੋਨਾ ਮਹਾਮਾਰੀ ਨਾਲ ਮਰਦੇ ਮਰਦੇ ਬਚਾਇਆ ਹੈ.''

ਨੀਟਾ ਗੁਪਤਾ ਬੋਲੀ : ''ਦੇਖੋ! ਹਿੰਦੁਸਤਾਨ ਵਿੱਚ ਸਭ ਤੋਂ ਵੱਡਾ ਕਰੋਨਾ ਮਾਫ਼ੀਆ ਤਾਂ ਹਿੰਦੁਸਤਾਨ ਦਾ ਟੈਲੀਵੀਜ਼ਨ ਮੀਡੀਆ ਹੀ ਹੈ. ਜਿਸਨੇ ਕਰੋਨਾ ਦੇ ਨਾਮ ਉੱਤੇ ਇੰਨੀ ਦਹਿਸ਼ਤ ਫੈਲਾਈ ਹੈ. ਹਿੰਦੁਸਤਾਨ ਵਿੱਚ ਵਧੇਰੇ ਲੋਕ ਕਰੋਨਾ ਦੀ ਦਹਿਸ਼ਤ ਨਾਲ ਹੀ ਮਰਨਗੇ. ਜਿਵੇਂ ਕਿ ਇੱਕ ਆਮ ਕਹਾਵਤ ਹੈ ਕਿ ਬੰਦਾ ਸੱਪ ਦੀ ਜ਼ਹਿਰ ਨਾਲ ਨਹੀਂ ਮਰਦਾ. ਉਹ ਇਸ ਗੱਲ ਦੀ ਦਹਿਸ਼ਤ ਨਾਲ ਮਰਦਾ ਕਿ ਉਸਨੂੰ ਜ਼ਹਿਰੀ ਸੱਪ ਨੇ ਡੱਸਿਆ.''

ਸਪਨਾ ਮੁਕਰਜੀ ਬੋਲੀ : ''ਧਾਰਮਿਕ ਕੱਟੜਵਾਦੀ ਕਰੋਨਾ ਮਾਫ਼ੀਆ ਦੀ ਕਿਸੀ ਨੇ ਗੱਲ ਨਹੀਂ ਕੀਤੀ. ਕੋਲਕੱਤਾ ਦੇ ਕੋਲ ਟੇਲਿਨੀਮਾਰਾ ਨਾਮ ਦੇ ਇੱਕ ਸ਼ਹਿਰ ਵਿੱਚ ਰਮਾਦਾਨ ਵਾਲੇ ਦਿਨ ਕਿਸੀ ਨੇ ਇਹ ਖਬਰ ਫੈਲਾ ਦਿੱਤੀ ਕਿ ਸੈਂਕੜੇ ਮੁਸਲਮਾਨਾਂ ਨੂੰ ਕਰੋਨਾ ਹੋ ਗਿਆ ਅਤੇ ਉਹ ਹਿੰਦੂਆਂ ਨੂੰ ਕਰੋਨਾ ਦੀ ਲਾਗ ਲਗਾਉਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ. ਇਹ ਗੱਲ ਸੁਣਦਿਆਂ ਹੀ ਧਾਰਮਿਕ ਕੱਟੜਵਾਦੀ ਹਿੰਦੂਆਂ ਦੇ ਟੋਲੇ ਨੇ ਮੁਸਲਮਾਨਾਂ ਦੇ ਘਰਾਂ ਉੱਤੇ ਪੈਟਰੋਲ ਬੰਬਾਂ ਨਾਲ ਹਮਲਾ ਕਰ ਦਿੱਤਾ ਅਤੇ ਅਨੇਕਾਂ ਘਰ ਫੂਕ ਦਿੱਤੇ.''

ਮੁਹੰਮਦ ਸਲੀਮ ਬੋਲਿਆ : ''ਸੱਤਾ ਨਾਲ ਸਬੰਧਤ ਰਾਜਨੀਤਕ ਮਾਫ਼ੀਆ ਦੇਸ਼ ਦੇ ਆਮ ਲੋਕਾਂ ਵਿੱਚ ਕਰੋਨਾ ਦਹਿਸ਼ਤ ਫੈਲਾਉਣ ਲਈ ਬਾਰ ਬਾਰ ਕਰੋਨਾ ਦੇ ਫੈਲਣ ਦੀ ਦੁਹਾਈ ਦੇ ਕੇ ਦੇਸ਼ ਦੇ ਕੋਨੇ ਕੋਨੇ ਵਿੱਚ ਲੌਕਡਾਊਨ ਜਾਂ ਕਰਫਿਊ ਲਗਾ ਦਿੰਦਾ. ਪਰ ਕੁੰਭ ਮੇਲੇ ਵਰਗੀਆਂ ਥਾਵਾਂ ਉੱਤੇ ਗੰਗਾ ਦਰਿਆ ਦੇ ਕੰਢੇ 50-50 ਲੱਖ ਲੋਕਾਂ ਨੂੰ ਇਕੱਠੇ ਹੋਣ ਦੀ ਇਜਾਜ਼ਤ ਦੇ ਕੇ ਸਭ ਕਾਨੂੰਨਾਂ ਦੀਆਂ ਧੱਜੀਆਂ ਉਡਾ ਦਿੰਦਾ.''

ਨੀਟਾ ਗੁਪਤਾ ਬੋਲੀ : ''ਸੱਤਾ ਨਾਲ ਜੁੜਿਆ ਰਾਜਨੀਤਕ ਮਾਫ਼ੀਆ ਤਾਂ ਦੇਸ਼ ਦੇ ਕੋਨੇ ਕੋਨੇ ਵਿੱਚ ਲੱਖਾਂ ਲੋਕਾਂ ਦੀਆਂ ਚੋਣ ਰੈਲੀਆਂ ਕਰਕੇ ਵੀ ਤਾਂ ਕਰੋਨਾ ਨਾਲ ਸਬੰਧਤ ਸਭ ਕਾਨੂੰਨ ਗੰਗਾ ਦੇ ਪਾਣੀਆਂ ਵਿੱਚ ਵਹਾ ਦਿੰਦਾ. ਇਸ ਬਾਰੇ ਦੇਸ ਦੀ ਸੁਪਰੀਮ ਕੋਰਟ ਵੀ ਕੋਈ ਸ਼ਬਦ ਆਪਣੇ ਮੂੰਹੋਂ ਨਹੀਂ ਬੋਲਦੀ.''

ਕਰੋਨਾ ਮਹਾਮਾਰੀ ਦੀ ਆੜ ਵਿੱਚ ਉੱਭਰੇ ਕਰੋਨਾ ਮਾਫ਼ੀਆ ਵੱਲੋਂ ਸਮੁੱਚੇ ਦੇਸ਼ ਵਿੱਚ ਹੀ ਭ੍ਰਿਸ਼ਟਾਚਾਰ ਦਾ ਬੋਲਬਾਲਾ ਸੀ ਅਤੇ ਸੱਤਾ ਨਾਲ ਸਬੰਧਤ ਰਾਜਨੀਤਕ ਮਾਫ਼ੀਆ ਦੀ ਇਸ ਭ੍ਰਿਸ਼ਟਾਚਾਰ ਵਿੱਚ ਭਰਪੂਰ ਸ਼ਮੂਲੀਅਤ ਸੀ; ਪਰ ਨੇਤਾ ਜੀ ਇਸ ਬਾਰੇ ਕਦੀ ਆਪਣੀ ਜ਼ੁਬਾਨ ਨਹੀਂ ਖੋਹਲਣਗੇ. ਕਿਉਂਕਿ, ਚੋਣਾਂ ਵੇਲੇ ਰਾਜਨੀਤਕ

ਮਾਫ਼ੀਏ ਨੇ ਹੀ ਤਾਂ ਨੇਤਾ ਜੀ ਅਤੇ ਉਨ੍ਹਾਂ ਦੀ ਰਾਜਨੀਤਕ ਪਾਰਟੀ ਨੂੰ ਵੱਡੇ ਵੱਡੇ ਗੱਫੇ ਦੇ ਕੇ ਨਿਹਾਲ ਕਰਨਾ ਹੁੰਦਾ ਹੈ.

# 8.

ਕੋਵਿਡ-19 ਨੇ ਅਨੇਕਾਂ ਤਰ੍ਹਾਂ ਨਾਲ ਵਿਸ਼ਵ ਰਾਜਨੀਤੀ ਉੱਤੇ ਪ੍ਰਭਾਵ ਪਾਇਆ ਹੈ ਅਤੇ ਪ੍ਰਭਾਵ ਪਾਵੇਗਾ.

ਯੂਨੀਵਰਸਿਟੀ ਕੌਫੀ ਹਾਊਸ ਵਿੱਚ ਆਉਂਦਿਆਂ ਹੀ ਪ੍ਰੋ. ਸ਼ਿਵ ਸ਼ੰਕਰ ਅਤੇ ਡਾ. ਸੁਖਦੇਵ ਦਰਮਿਆਨ ਇਸ ਵਿਸ਼ੇ ਨੂੰ ਲੈ ਕੇ ਤਿੱਖੀ ਬਹਿਸ ਛਿੜ ਪਈ.

ਪ੍ਰੋ. ਸ਼ਿਵ ਸ਼ੰਕਰ ਬੋਲਿਆ: "ਅਮਰੀਕਾ ਦੇ ਪ੍ਰਧਾਨ ਡੋਨਲਡ ਟਰੰਪ ਨੇ ਕੋਵਿਡ-19 ਨੂੰ 'ਚਾਈਨਾ ਵਾਇਰਸ' ਕਹਿ ਕੇ ਚੀਨ ਉੱਤੇ ਸਿੱਧਾ ਹਮਲਾ ਕਰ ਦਿੱਤਾ. ਕੋਵਿਡ-19 ਮਹਾਮਾਰੀ ਆਉਣ ਨਾਲ ਵਿਸ਼ਵ ਭਰ ਵਿੱਚ ਹੋਈ ਤਬਾਹੀ ਲਈ ਉਹ ਚੀਨ ਨੂੰ ਜ਼ਿੰਮੇਵਾਰ ਠਹਿਰਾ ਰਿਹਾ."

ਡਾ. ਸੁਖਦੇਵ ਬੋਲਿਆ : "ਇਸ ਦੇ ਉੱਤਰ ਵਿੱਚ ਚੀਨ ਸਰਕਾਰ ਨੇ ਵੀ ਅਮਰੀਕਾ ਉੱਤੇ ਜਵਾਬੀ ਹਮਲਾ ਕਰਦਿਆਂ ਕਹਿ ਦਿੱਤਾ ਕਿ ਕੋਵਿਡ-19 ਦੇ ਪਾਸਾਰ ਲਈ ਅਮਰੀਕਾ ਦੀਆਂ ਫੌਜਾਂ ਹੀ ਜ਼ਿੰਮੇਵਾਰ ਹਨ."

ਕੋਵਿਡ-19 ਬਾਰੇ ਚੱਲ ਰਹੀ ਇਸ ਬਹਿਸ ਵਿੱਚ ਸ਼ਾਮਿਲ ਹੁੰਦਿਆਂ ਨੀਟਾ ਗੁਪਤਾ ਬੋਲੀ : "ਇਸ ਵਿੱਚ ਕੋਈ ਸ਼ੱਕ ਨਹੀਂ ਕਿ ਕੋਵਿਡ-19 ਵਰਤਾਰਾ ਵਿਸ਼ਵ ਰਾਜਨੀਤੀ ਨੂੰ ਪ੍ਰਭਾਵਿਤ ਕਰ ਰਿਹਾ ਅਤੇ ਭਵਿੱਖ ਵਿੱਚ ਵੀ ਪ੍ਰਭਾਵਿਤ ਕਰੇਗਾ."

ਪ੍ਰੋ. ਸ਼ਿਵ ਸ਼ੰਕਰ ਬੋਲਿਆ : "ਕੋਲਡ ਵਾਰ ਵਾਲਾ ਹੀ ਮਾਹੌਲ ਇੱਕ ਵਾਰ ਫਿਰ ਬਨਣਾ ਸ਼ੁਰੂ ਹੋ ਗਿਆ. ਅਮਰੀਕਾ ਦੇ ਪ੍ਰਧਾਨ ਡੋਨਲਡ ਟਰੰਪ ਨੂੰ ਤਾਂ ਚੀਨ ਵਿੱਚ ਕਮਿਊਨਿਸਟ ਪਾਰਟੀ ਦੀ ਸਰਕਾਰ ਹੋਣ ਕਰਕੇ ਵੀ ਚਿੜ੍ਹ ਹੈ."

ਸਪਨਾ ਮੁਕਰਜੀ ਬੋਲੀ : "ਮੈਨੂੰ ਤਾਂ ਲੱਗਦਾ ਕਿ ਵਿਸ਼ਵ ਰਾਜਨੀਤੀ ਵਿੱਚ ਹੁਣ ਦੋ ਤਰ੍ਹਾਂ ਦੀਆਂ ਧੜੇਬੰਦੀਆਂ ਉਭਰਣਗੀਆਂ. ਇੱਕ ਪਾਸੇ ਤਾਂ ਇਸ ਵਿਚਾਰਧਾਰਾ ਨੂੰ ਮੰਨਣ ਵਾਲੇ ਦੇਸ਼ ਜੁੜਣਗੇ ਕਿ ਸਾਨੂੰ ਸਭ ਨੂੰ ਇੱਕ ਦੂਜੇ ਦੀ ਮੱਦਦ ਕਰਦੇ ਹੋਏ ਕੋਵਿਡ-19 ਦਾ ਮੁਕਾਬਲਾ ਕਰਨਾ ਚਾਹੀਦਾ ਅਤੇ ਇਹੋ ਜਿਹੇ ਮੈਡੀਕਲ ਸਿਸਟਮ ਡਿਵੈਲਪ ਕਰਨੇ ਚਾਹੀਦੇ ਕਿ ਅਸੀਂ ਭਵਿੱਖ ਵਿੱਚ ਆਉਣ ਵਾਲੀਆਂ ਮਹਾਮਾਰੀਆਂ ਦਾ ਵੀ ਮੁਕਾਬਲਾ ਕਰਨ ਦੀ ਸ਼ਕਤੀ ਰੱਖਦੇ ਹੋਈਏ. ਦੂਜੇ ਪਾਸੇ ਉਹ ਦੇਸ਼ ਹੋਣਗੇ ਜੋ ਕਿ ਅਮਰੀਕਾ ਦੇ ਪ੍ਰਧਾਨ ਡੋਨਲਡ ਟਰੰਪ ਦੇ ਵਿਚਾਰਾਂ ਨਾਲ ਸਹਿਮਤੀ ਪ੍ਰਗਟਾਉਂਦੇ ਹੋਏ ਕੋਵਿਡ-19 ਨੂੰ 'ਚਾਈਨਾ ਵਾਇਰਸ' ਅਤੇ ਕੋਵਿਡ-19 ਕਾਰਨ ਹੋਈ ਹਰ ਤਰ੍ਹਾਂ ਦੀ ਤਬਾਹੀ ਲਈ ਚੀਨ ਸਰਕਾਰ ਨੂੰ ਹੀ ਦੋਸ਼ੀ ਠਹਿਰਾਉਣਗੇ."

ਸੁਰਿੰਦਰ ਕੌਰ ਬੋਲੀ : "ਕੋਵਿਡ-19 ਵਰਤਾਰੇ ਨੇ ਯੋਰਪੀਅਨ ਦੇਸ਼ਾਂ ਦੇ ਆਪਸੀ ਸਬੰਧਾਂ ਦੀ ਰਾਜਨੀਤੀ ਨੂੰ ਵੀ ਜੱਗ ਜਾਹਿਰ ਕਰ ਦਿੱਤਾ . ਇਟਲੀ, ਫਰਾਂਸ, ਬੈਲਜੀਅਮ, ਗਰੀਸ, ਪੁਰਤਗਾਲ, ਸਪੇਨ, ਆਇਰਲੈਂਡ ਅਤੇ ਸਲੋਵੇਨੀਆ ਨੇ ਇਹ

ਸਾਂਝਾ ਵਿਚਾਰ ਪੇਸ਼ ਕੀਤਾ ਕਿ ਕੋਵਿਡ-19 ਮਹਾਮਾਰੀ ਦਾ ਮੁਕਾਬਲਾ ਕਰਨ ਲਈ ਅਸੀਂ 'ਕਰੋਨਾ ਬਾਂਡਜ਼' ਸ਼ੁਰੂ ਕਰੀਏ ਤਾਂ ਕਿ ਅਸੀਂ ਯੋਰਪੀਅਨ ਦੇਸ਼ ਇਸ ਸੰਕਟ ਸਮੇਂ ਇੱਕ ਦੂਜੇ ਦੀ ਮੱਦਦ ਕਰ ਸਕੀਏ. ਪਰ ਜਰਮਨੀ, ਅਸਟਰੀਆ, ਫਿਨਲੈਂਡ ਅਤੇ ਨੀਦਰਲੈਂਡ ਨੇ ਇਸ ਵਿਚਾਰ ਦੀ ਵਿਰੋਧਤਾ ਕੀਤੀ."

ਡਾ. ਸੁਖਦੇਵ ਬੋਲਿਆ : "ਕੋਵਿਡ-19 ਨਾਲ ਸਬੰਧਤ ਵਿਸ਼ਵ ਰਾਜਨੀਤੀ ਦਾ ਇਹ ਹਾਲ ਹੋਇਆ ਪਿਆ ਕਿ ਅਮਰੀਕਾ ਵਰਗੇ ਦੇਸ਼ਾਂ ਦੀ ਇਹ ਹਾਲਤ ਹੋ ਚੁੱਕੀ ਕਿ ਜੇਕਰ ਉਹ ਵੈਕਸੀਨ ਤਿਆਰ ਕਰਨ ਤਾਂ ਉਸ ਉੱਤੇ ਅਮਰੀਕਾ ਦਾ ਹੀ ਅਧਿਕਾਰ ਹੋਵੇ ਕਿ ਉਸਨੇ ਵੈਕਸੀਨ ਕਿਸ ਦੇਸ ਨੂੰ ਵੇਚਣੀ ਹੈ ਅਤੇ ਕਿਸ ਦੇਸ ਨੂੰ ਨਹੀਂ."

ਪ੍ਰੋ. ਸ਼ਿਵ ਸ਼ੰਕਰ ਬੋਲਿਆ : "ਕੋਵਿਡ-19 ਨਾਲ ਸਬੰਧਤ ਹੋਰ ਵੀ ਕਈ ਪਹਿਲੂਆਂ ਤੋਂ ਅਮਰੀਕਾ ਬਹੁਤ ਹੀ ਘਟੀਆ ਵਿਸ਼ਵ ਰਾਜਨੀਤੀ ਖੇਡ ਕੇ ਕਈ ਦੇਸ਼ਾਂ ਵੱਲੋਂ ਖਰੀਦੇ ਗਏ ਮੈਡੀਕਲ ਇਕਿਉਪਮੈਂਟ ਉੱਤੇ ਵੀ ਜਬਰਦਸਤੀ ਕਬਜਾ ਕਰਦਾ ਰਿਹਾ."

ਨੀਟਾ ਗੁਪਤਾ ਬੋਲੀ : "ਦਰਅਸਲ, ਕਰੋਨਾ ਮਹਾਮਾਰੀ ਸੰਕਟ ਨੇ ਵਿਸ਼ਵ ਪੱਧਰ ਉੱਤੇ ਆਮ ਲੋਕਾਂ ਵਿੱਚ ਇਸ ਵਿਸ਼ੇ ਨੂੰ ਲੈ ਕੇ ਤਿੱਖੀ ਬਹਿਸ ਛੇੜ ਦਿੱਤੀ ਕਿ ਕਿਸ ਤਰ੍ਹਾਂ ਦੀਆਂ ਸਰਕਾਰਾਂ ਵਧੀਆ ਹੁੰਦੀਆਂ ਹਨ. ਜਿਹੜੀਆਂ ਸਰਕਾਰਾਂ ਹਮੇਸ਼ਾ ਆਪਣੇ ਹੀ ਨਫ਼ੇ ਨੁਕਸਾਨ ਬਾਰੇ ਸੋਚਦੀਆਂ ਰਹਿਣ ਜਾਂ ਕਿ ਉਹ ਸਰਕਾਰਾਂ ਚੰਗੀਆਂ ਹਨ ਜੋ ਕਿ ਮੁਸੀਬਤ ਸਮੇਂ ਆਮ ਲੋਕਾਂ ਦੇ ਜਨ ਕਲਿਆਨ ਬਾਰੇ ਸੋਚਣ?"

ਕਰੋਨਾ ਮਹਾਮਾਰੀ ਦੀ ਆੜ ਵਿੱਚ ਕਮਿਊਨਿਸਟ ਦੇਸ਼ ਚੀਨ ਦੇ ਵਿਰੁੱਧ ਬਣ ਰਹੇ ਸਾਮਰਾਜੀ ਗਰੋਹ ਅਮਰੀਕਾ, ਜਾਪਾਨ, ਅਸਟਰੇਲੀਆ ਨਾਲ ਮਿਲ ਕੇ ਹਿੰਦੁਸਤਾਨ ਨੇ ਵੀ ਸਮੁੰਦਰ ਵਿੱਚ ਫੌਜੀ ਮਸ਼ਕਾਂ ਕਰਨੀਆਂ ਸ਼ੁਰੂ ਕਰ ਦਿੱਤੀਆਂ. ਜਿਸ ਕਾਰਨ ਦੁਨੀਆਂ ਦੇ ਸਿਰ ਉੱਤੇ ਤੀਜੇ ਵਿਸ਼ਵ ਯੁੱਧ ਦਾ ਖਤਰਾ ਮੰਡਰਾਉਣ ਲੱਗਾ.

ਨੇਤਾ ਜੀ ਵੀ ਮੌਕੇ ਦਾ ਲਾਭ ਉਠਾ ਕੇ, ਵਿਸ਼ਵ-ਪੱਧਰ ਉੱਤੇ, ਆਪਣੀ ਚੌਧਰ ਚਮਕਾਉਣ ਲਈ ਕਮਿਊਨਿਸਟ ਦੇਸ਼ ਚੀਨ ਵਿਰੁੱਧ ਇਕੱਠੀਆਂ ਹੋ ਰਹੀਆਂ ਜੰਗਬਾਜ਼ ਸਾਮਰਾਜੀ ਤਾਕਤਾਂ ਵਾਲੀ ਬੋਲੀ ਬੋਲਣ ਲੱਗੇ.

# 9.

ਸਵੇਰ ਤੋਂ ਹੀ ਸਾਰੇ ਟੈਲੀਵੀਜ਼ਨ ਚੈਨਲ ਬਾਰ ਬਾਰ ਇਹ ਸੂਚਨਾ ਪ੍ਰਸਾਰਿਤ ਕਰ ਰਹੇ ਸਨ:

"ਨੇਤਾ ਜੀ, ਅੱਜ ਰਾਤ ਨੂੰ ਠੀਕ 8 ਵਜੇ, ਟੈਲੀਵੀਜ਼ਨ ਰਾਹੀਂ ਦੇਸ ਦੀ ਜਨਤਾ ਨੂੰ ਮੁਖਾਤਿਬ ਹੋਣਗੇ"

ਨੀਟਾ ਗੁਪਤਾ ਨੇ ਵੀ ਉਤਸੁਕਤਾ ਨਾਲ ਰਾਤ ਦੇ 8 ਵਜੇ ਤੋਂ ਕੁਝ ਸਮਾਂ ਪਹਿਲਾਂ ਹੀ ਆਪਣਾ ਟੀਵੀ ਚਾਲੂ ਕਰ ਲਿਆ ਸੀ.

ਰਾਤ ਦੇ ਠੀਕ 8 ਵਜੇ, ਪੂਰੀ ਤਰ੍ਹਾਂ ਸੱਜ ਧੱਜ ਨਾਲ, ਨੇਤਾ ਜੀ ਨੇ ਟੀਵੀ ਪਰਦੇ ਉੱਤੇ ਅਵਤਾਰ ਧਾਰਿਆ ਅਤੇ ਦੇਸ ਦੀ ਜਨਤਾ ਨੂੰ ਮੁਖਾਤਿਬ ਹੋਣ ਲੱਗੇ :

"ਪਿਆਰੇ ਭੈਣੋਂ ਅਤੇ ਭਰਾਵੋ !
ਅੱਜ ਨੌਂ ਬਾਹਾਂ ਵਾਲੀ ਦੇਵੀ ਮਾਤਾ ਦਾ ਦਿਨ ਹੈ.
ਸਭ ਨੂੰ ਵਧਾਈ ਹੋਵੇ.
ਰਾਤ ਦੇ ਠੀਕ 9 ਵਜੇ, ਆਪਣੇ ਘਰਾਂ ਦੀਆਂ
ਬੱਤੀਆਂ ਬੁਝਾ ਕੇ, ਘਰਾਂ ਦੀਆਂ ਬਾਲਕੋਨੀਆਂ
ਵਿੱਚ ਦੀਵੇ, ਮੋਮਬੱਤੀਆਂ ਜਗਾਓ.
ਦੇਵੀ ਮਾਤਾ ਦੀ ਕਿਰਪਾ ਹੋਵੇਗੀ.
ਦੇਵੀ ਮਾਤਾ ਦੇ ਅਸ਼ੀਰਵਾਦ ਨਾਲ ਅਸੀਂ
ਦੇਸ਼ 'ਚੋਂ ਕਰੋਨਾ ਨੂੰ ਭਜਾ ਸਕਣ ਵਿੱਚ ਕਾਮਿਯਾਬ ਹੋਵਾਂਗੇ.
ਜੈ ਹਿੰਦ !"

ਨੀਟਾ ਗੁਪਤਾ ਨੇ ਘਰ ਦੀ ਬਾਲਕੋਨੀ ਵਿੱਚ ਆ ਕੇ ਦੇਖਿਆ ਲੋਕਾਂ ਨੇ ਨੇਤਾ ਜੀ ਦਾ ਕਿਹਾ ਮੰਨ ਕੇ ਰਾਤ ਦੇ ਠੀਕ 9 ਵਜੇ ਘਰਾਂ ਦੀਆਂ ਬੱਤੀਆਂ ਬੁਝਾ ਦਿੱਤੀਆਂ ਸਨ.

ਸਾਰਾ ਸ਼ਹਿਰ ਹਨ੍ਹੇਰੇ ਵਿੱਚ ਡੁੱਬ ਗਿਆ ਸੀ.

ਲੋਕ ਆਪਣੇ ਘਰਾਂ ਦੀਆਂ ਬਾਲਕੋਨੀਆਂ ਵਿੱਚ ਆ ਕੇ ਦੀਵੇ, ਮੋਮਬੱਤੀਆਂ, ਜਗਾ ਰਹੇ ਸਨ.

ਬਹੁਤ ਸਾਰੇ ਲੋਕ ਘਰਾਂ ਤੋਂ ਬਾਹਰ ਨਿਕਲ ਸੜਕ ਉੱਤੇ ਆ ਕੇ ਭੰਗੜਾ ਪਾ ਰਹੇ ਸਨ.

ਕੁਝ ਲੋਕ ਉੱਚੀ ਆਵਾਜ਼ ਵਿੱਚ ਗਾ ਰਹੇ ਸਨ :

"ਨੌਂ ਭੁਜਾਵਾਂ ਵਾਲੀ
ਦੇਵੀ ਮਾਤਾ ਆਵੇਗੀ
ਕਰੋਨਾ ਨੂੰ ਭਜਾਵੇਗੀ"

ਕੁਝ ਲੋਕ ਜਲੂਸ ਦੀ ਸ਼ਕਲ ਵਿੱਚ ਸੜਕ ਉੱਤੇ ਜਾ ਰਹੇ ਸਨ ਅਤੇ ਨਾਹਰੇ ਲਗਾ ਰਹੇ ਸਨ :

"ਕਰੋਨਾ ਗੋ ਬੈਕ, ਗੋ ਬੈਕ
ਕਰੋਨਾ ਗੋ ਬੈਕ, ਗੋ ਬੈਕ"

ਨੀਟਾ ਗੁਪਤਾ ਤਰੱਕੀਪਸੰਦ ਵਿਚਾਰਾਂ ਦੀ ਔਰਤ ਸੀ. ਉਸ ਨੂੰ ਇਹ ਸਭ ਕੁਝ ਬੜਾ ਅਜੀਬ ਲੱਗਿਆ. ਉਸ ਨੂੰ ਜਾਪਿਆ ਜਿਵੇਂ ਨੇਤਾ ਜੀ ਦੇਸ ਵਿੱਚ ਫੈਲ ਰਹੀ ਕਰੋਨਾ ਮਹਾਮਾਰੀ ਦੀ ਰੋਕਥਾਮ ਲਈ ਕੋਈ ਵਿਗਿਆਨਕ ਤੱਥਾਂ ਉੱਤੇ ਆਧਾਰਤ ਗੱਲ ਕਰਨ ਦੀ ਥਾਂ ਲੋਕਾਂ ਵਿੱਚ ਅੰਧਵਿਸ਼ਵਾਸ ਫੈਲਾ ਰਹੇ ਹਨ ਕਿ ਨੌਂ ਭੁਜਾਵਾਂ ਵਾਲੀ ਦੇਵੀ ਮਾਤਾ ਕਰੋਨਾ ਮਹਾਮਾਰੀ ਨੂੰ ਹਿੰਦੁਸਤਾਨ ਵਿੱਚੋਂ ਭਜਾ ਦੇਵੇਗੀ.

ਜਿਹੜੇ ਲੋਕ 'ਕਰੋਨਾ ਗੋ ਬੈਕ, ਗੋ ਬੈਕ' ਦੇ ਨਾਹਰੇ ਲਗਾ ਰਹੇ ਸਨ ਉਨ੍ਹਾਂ ਉੱਤੇ ਨੀਟਾ ਨੂੰ ਕੁਝ ਹਾਸਾ ਵੀ ਆਇਆ ਅਤੇ ਤਰਸ ਵੀ. ਕਰੋਨਾ ਮਹਾਮਾਰੀ ਕੋਈ ਅੰਗਰੇਜ਼ ਸਰਕਾਰ ਵੱਲੋਂ ਭੇਜਿਆ ਗਿਆ 'ਸਾਈਮਨ ਕਮਿਸ਼ਨ' ਸੀ? ਜਿਸ ਨੂੰ ਹਿੰਦੁਸਤਾਨ ਤੋਂ ਵਾਪਸ ਚਲੇ ਜਾਣ ਲਈ ਕਿਹਾ ਜਾ ਰਿਹਾ ਸੀ.

ਰਾਮ ਨੌਮੀ ਦੇ ਤਿਓਹਾਰ ਤੱਕ ਕਰੋਨਾ ਮਹਾਮਾਰੀ ਨਾਲ ਹਿੰਦੁਸਤਾਨ ਵਿੱਚ 50 ਮੌਤਾਂ ਹੋ ਚੁੱਕੀਆਂ ਸਨ ਅਤੇ ਤਕਰੀਬਨ 1965 ਲੋਕ ਕਰੋਨਾਵਾਇਰਸ ਨਾਲ ਪੀੜਤ ਹੋਣ ਦੀਆਂ ਖਬਰਾਂ ਆ ਰਹੀਆਂ ਸਨ.

ਦੇਸ ਵਿੱਚ 24 ਮਾਰਚ ਨੂੰ ਨੇਤਾ ਜੀ ਵੱਲੋਂ ਲਗਾਇਆ ਗਿਆ ਲੌਕਡਾਊਨ ਵੀ ਚੱਲ ਰਿਹਾ ਸੀ.

ਅੱਜ ਕੱਲ੍ਹ ਦੇਸ ਦੀਆਂ ਟੀਵੀ ਚੈਨਲਾਂ ਉੱਤੇ ਇੱਕ ਹੋਰ ਘਟਨਾ ਵੀ ਬਹੁਤ ਚਰਚਾ ਦਾ ਵਿਸ਼ਾ ਬਣੀ ਹੋਈ ਸੀ.

ਨੇਤਾ ਜੀ ਵੱਲੋਂ ਦੇਸ ਭਰ ਵਿੱਚ ਲੌਕਡਾਊਨ ਲਾਗੂ ਕਰਨ ਤੋਂ ਪਹਿਲਾਂ ਦੇਸ ਦੀ ਰਾਜਧਾਨੀ ਦਿੱਲੀ ਵਿੱਚ ਇੱਕ ਮਹੱਤਵ-ਪੂਰਨ ਘਟਨਾ ਵਾਪਰੀ ਸੀ.

ਦਿੱਲੀ ਦੀ ਨਿਜ਼ਾਮੂਦੀਨ ਮਸਜਿਦ ਵਿੱਚ ਮੁਸਲਮਾਨਾਂ ਦੀ ਇੱਕ ਧਾਰਮਿਕ ਸੰਸਥਾ 'ਤਬਲੀਗੀ ਜਮਾਤ' ਦਾ ਸਾਲਾਨਾ ਇਕੱਠ ਹੋਇਆ ਸੀ. ਜਿਸ ਵਿੱਚ ਦੇਸ-ਬਦੇਸ ਤੋਂ ਆਏ ਤਕਰੀਬਨ 3,000 ਤਬਲੀਗੀਆਂ ਨੇ ਹਿੱਸਾ ਲਿਆ ਸੀ. ਪਰ ਦਿੱਲੀ ਸਰਕਾਰ ਵੱਲੋਂ 24 ਮਾਰਚ ਤੋਂ ਹੀ ਦਿੱਲੀ ਵਿੱਚ ਲੌਕਡਾਊਨ ਵਰਗੀਆਂ ਸ਼ਰਤਾਂ ਲਾਗੂ ਕਰ ਦਿੱਤੇ ਜਾਣ ਕਾਰਨ ਬਹੁਤ ਸਾਰੇ ਮੁਸਲਿਮ ਤਬਲੀਗੀ ਨਿਜ਼ਾਮੂਦੀਨ ਮਸਜਿਦ ਤੋਂ ਆਪਣੇ ਘਰਾਂ ਲਈ ਜਾਣ ਵਾਸਤੇ ਰਵਾਨਾ ਨਹੀਂ ਹੋ ਸਕੇ ਸਨ. ਕਿਉਂਕਿ, ਦਿੱਲੀ ਵਿੱਚ ਆਉਣ-ਜਾਣ ਦੇ ਸਭ ਸਾਧਨਾਂ ਉੱਤੇ ਬੰਦਿਸ਼ ਲਗਾ ਦਿੱਤੀ ਗਈ ਸੀ.

ਇਸ ਸਮੇਂ ਦੌਰਾਨ ਦੇਸ ਭਰ ਦੇ ਟੀਵੀ ਚੈਨਲਾਂ ਉੱਤੇ ਇਸ ਗੱਲ ਦਾ ਸ਼ੋਰ ਮਚ ਗਿਆ ਸੀ ਕਿ ਨਿਜ਼ਾਮੂਦੀਨ ਮਸਜਿਦ ਵਿੱਚ 1,000 ਤੋਂ ਵੀ ਵੱਧ ਤਬਲੀਗੀ ਮੌਜੂਦ ਹਨ. ਜਿਨ੍ਹਾਂ ਵਿੱਚ ਕੁਝ ਲੋਕ ਕਰੋਨਾ ਮਹਾਮਾਰੀ ਨਾਲ ਪੀੜਤ ਸਨ. ਜਦੋਂ ਕਿ ਦਿੱਲੀ ਸਰਕਾਰ

ਕਿਸੀ ਵੀ ਪਬਲਿਕ ਥਾਂ ਉੱਤੇ 50 ਤੋਂ ਵੱਧ ਲੋਕਾਂ ਦੇ ਇਕੱਠੇ ਹੋਣ ਉੱਤੇ ਪਾਬੰਧੀ ਲਗਾ ਚੁੱਕੀ ਸੀ.

ਇਸ ਘਟਨਾ ਨੂੰ ਬਹਾਨਾ ਬਣਾ ਕੇ ਭਾਜਪਾ ਦੀ ਵਿਚਾਰਧਾਰਾ ਦੇ ਸਮਰਥੱਕ ਟੀਵੀ ਚੈਨਲਾਂ ਨੇ ਇਸ ਗੱਲ ਦਾ ਸ਼ੌਰ ਮਚਾਣਾ ਸ਼ੁਰੂ ਕਰ ਦਿੱਤਾ ਕਿ ਇਹ ਮੁਸਲਿਮ ਤਬਲੀਗੀ ਲੋਕ ਕਿਸੀ ਸਾਜ਼ਿਸ਼ ਅਧੀਨ ਹਿੰਦੁਸਤਾਨ ਵਿੱਚ ਕਰੋਨਾ ਮਹਾਮਾਰੀ ਫੈਲਾਉਣ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਨਿਜ਼ਾਮੂਦੀਨ ਮਸਜਿਦ ਵਿੱਚ ਇਕੱਠੇ ਹੋਏ ਸਨ.

ਕਈ ਹਿੰਦੂਵਾਦੀ ਕੱਟੜਵਾਦੀਆਂ ਨੇ ਤਾਂ ਸ਼ਰੇਆਮ ਟੈਲੀਵੀਜ਼ਨ ਚੈਨਲਾਂ ਉੱਤੇ ਕਹਿਣਾ ਸ਼ੁਰੂ ਕਰ ਦਿੱਤਾ ਸੀ :

"ਇਨ ਗੱਦਾਰ ਮੁਸਲਿਮ ਤਬਲੀਗੀਓਂ ਕੋ ਗੋਲੀ ਮਾਰ ਦੇਣੀ ਚਾਹੀਏ. ਯੇ ਲੋਗ ਦੇਸ ਮੇਂ ਕਿਸੀ ਗਹਿਰੀ ਸਾਜ਼ਿਸ਼ ਕੇ ਅਧੀਨ ਕਰੋਨਾ ਮਹਾਮਾਰੀ ਫੈਲਾ ਰਹੇ ਹੈਂ"

ਕਰੋਨਾ ਮਹਾਮਾਰੀ ਦਾ ਜਿਉਂ ਜਿਉਂ ਦੇਸ਼ ਵਿੱਚ ਜ਼ੋਰ ਵੱਧ ਰਿਹਾ ਸੀ ਉਸੇ ਰਫਤਾਰ ਨਾਲ ਹੀ ਰਾਜਨੀਤੀਵਾਨਾਂ ਵੱਲੋਂ ਧਾਰਮਿਕ ਕੱਟੜਤਾ ਦਾ ਪ੍ਰਚਾਰ ਕਰਨ ਉੱਤੇ ਵੀ ਜ਼ੋਰ ਵੱਧਣ ਲੱਗਾ ਕਿ ਦੇਵੀ ਦੇਵਤੇ ਹੀ ਜਨਤਾ ਨੂੰ ਕਰੋਨਾ ਮਹਾਮਾਰੀ ਤੋਂ ਬਚਾ ਸਕਦੇ ਹਨ.

ਨੇਤਾ ਜੀ ਨੇ ਵੀ ਕਰੋਨਾ ਮਹਾਮਾਰੀ ਦੀ ਆੜ ਵਿੱਚ ਦੇਸ਼ ਦੀ ਜਨਤਾ ਨੂੰ ਧਾਰਮਿਕ ਅੰਧ-ਵਿਸ਼ਵਾਸ ਦੀਆਂ ਹਨ੍ਹੇਰੀਆਂ ਗੁਫ਼ਾਵਾਂ ਵੱਲ ਧੱਕਣ ਦਾ ਕੰਮ ਪੂਰੀ ਰਫਤਾਰ ਨਾਲ ਕਰਨਾ ਸ਼ੁਰੂ ਕਰ ਦਿੱਤਾ.

# 10.

ਪਿਛਲੇ ਸੌ ਸਾਲਾਂ ਵਿੱਚ, ਸ਼ਾਇਦ, ਹੋਰ ਕਿਸੇ ਵੀ ਮਹਾਮਾਰੀ ਨੇ ਮਨੁੱਖੀ ਰਿਸ਼ਤਿਆਂ ਨੂੰ ਇੰਨਾ ਜ਼ਿਆਦਾ ਪ੍ਰਭਾਵਿਤ ਨਹੀਂ ਕੀਤਾ ਜਿੰਨਾ ਕਿ ਕਰੋਨਾਵਾਇਰਸ ਮਹਾਮਾਰੀ ਨੇ ਕੀਤਾ ਹੈ.

ਕਿਸੀ ਡਾਕਟਰ ਵੱਲੋਂ, ਮਹਿਜ਼, ਇੰਨਾ ਹੀ ਕਹਿਣ ਨਾਲ ਕਿ ਕਿਸੇ ਵਿਅਕਤੀ ਦੀ ਮੌਤ ਕਰੋਨਾਵਾਇਰਸ ਮਹਾਮਾਰੀ ਨਾਲ ਹੋਈ ਹੈ ਤਾਂ ਉਸ ਵਿਅਕਤੀ ਦਾ ਕੋਈ ਵੀ ਰਿਸ਼ਤੇਦਾਰ ਉਸ ਵਿਅਕਤੀ ਦੀ ਲਾਸ਼ ਦੇ ਨੇੜੇ ਵੀ ਨਹੀਂ ਆਵੇਗਾ. ਭਾਵੇਂ ਮਰਨ ਵਾਲਾ ਵਿਅਕਤੀ ਕਿਸੀ ਦਾ ਪਿਓ, ਮਾਂ, ਭਰਾ, ਭੈਣ, ਪੁੱਤਰ ਜਾਂ ਧੀ ਵੀ ਕਿਉਂ ਨ ਹੋਵੇ.

ਚੰਗੇ ਸਮਿਆਂ ਵਿੱਚ ਲੋਕ, ਅਕਸਰ, ਇੱਕ ਦੂਜੇ ਨੂੰ ਗਿਲ੍ਹਾ ਕਰਿਆ ਕਰਦੇ ਸਨ 'ਯਾਰ! ਤੂੰ ਤਾਂ ਕਦੀ ਮਿਲਦਾ ਹੀ ਨਹੀਂ? ਬਹੁਤ ਬਿਜ਼ੀ ਹੋ ਗਿਆ ਹੈਂ?' ਪਰ ਹੁਣ, ਲੋਕ ਇੱਕ ਦੂਜੇ ਨੂੰ ਮਿਲਣ ਤੋਂ ਕਤਰਾਂਦੇ ਹਨ ਅਤੇ ਕਿਸੀ ਜ਼ਰੂਰੀ ਕੰਮ ਹੋਣ ਉੱਤੇ ਵੀ ਕਹਿ ਦਿੰਦੇ ਹਨ 'ਯਾਰ ! ਮਿਲੇ ਬਿਨ੍ਹਾਂ ਹੀ ਸਰ ਸਕਦਾ ਤਾਂ ਫੋਨ ਉੱਤੇ ਹੀ ਮੈਨੂੰ ਦਸ ਦੇ ਕਿ ਤੈਨੂੰ ਕੀ ਕੰਮ ਹੈ?'

ਪੰਜਾਬ ਵਿੱਚ ਵਾਪਰੀ ਇੱਕ ਘਟਨਾ ਨੇ ਸਭ ਦਾ ਧਿਆਨ ਖਿੱਚਿਆ.

ਪਦਮ ਸ੍ਰੀ ਸਨਮਾਨ ਪ੍ਰਾਪਤ ਕਰਨ ਵਾਲੇ ਪੰਜਾਬ ਦੇ ਇੱਕ ਪ੍ਰਸਿੱਧ ਸੰਗੀਤਕਾਰ ਭਾਈ ਨਿਰਮਲ ਸਿੰਘ ਦੀ ਕਰੋਨਾ ਮਹਾਮਾਰੀ ਕਾਰਨ ਮੌਤ ਹੋ ਗਈ.

ਭਾਵੇਂ ਕਿ ਭਾਈ ਨਿਰਮਲ ਸਿੰਘ ਗੁਰੂਘਰ ਦਾ ਪ੍ਰਸਿੱਧ ਕੀਰਤਨੀਆ ਸੀ ਅਤੇ ਪੰਜਾਬ ਵਿੱਚ ਇੱਕ ਜਾਣੀ-ਪਹਿਚਾਣੀ ਸ਼ਖਸੀਅਤ ਸੀ; ਪਰ ਤਾਂ ਵੀ ਕਰੋਨਾਵਾਇਰਸ ਦੀ ਦਹਿਸ਼ਤ ਕਾਰਨ ਉਸ ਦੀ ਅਰਥੀ ਨਾਲ ਕੋਈ ਵੀ ਸ਼ਾਮਿਲ ਨ ਹੋਇਆ. ਉਸ ਦੇ ਜਿਸਮ ਨੂੰ ਅਗਨ ਭੇਟ ਕਰਨ ਵੇਲੇ ਕੇਵਲ ਸਿਹਤ ਵਿਭਾਗ ਦੇ ਤਿੰਨ ਵਿਅਕਤੀ ਹੀ ਮੌਜੂਦ ਸਨ.

ਪੰਜਾਬੀ ਕਮਿਊਨਿਟੀ ਵਿੱਚ ਅੱਜ ਹਰ ਪਾਸੇ ਇਹੀ ਗੱਲ ਚਰਚਾ ਦਾ ਵਿਸ਼ਾ ਬਣੀ ਹੋਈ ਸੀ.

ਜੱਥੇਦਾਰ ਜੁਗਿੰਦਰ ਸਿੰਘ ਨੇ ਗੋਲਡਨ ਟੈਂਪਲ ਦੇ ਬਾਹਰ ਖੜ੍ਹੇ ਜੱਥੇਦਾਰ ਕਿੱਕਰ ਸਿੰਘ ਨਾਲ ਗੱਲ ਕਰਦਿਆਂ ਕਿਹਾ : "ਭਾਊ, ਇਹ ਸਾਡੇ ਲਈ ਮਰਨ ਵਾਲੀ ਗੱਲ ਜੇ ਸਾਡੀ ਕਮਿਊਨਿਟੀ ਦੇ ਏਨੇ ਨਾਮਵਰ ਕੀਰਤੀਨੀਏ ਭਾਈ ਨਿਰਮਲ ਸਿੰਘ ਹੋਰਾਂ ਦੀ ਅਰਥੀ ਨਾਲ ਸ਼ਮਸ਼ਾਨ ਭੂਮੀ ਤੱਕ ਸਾਡਾ ਕੋਈ ਵੱਡਾ ਲੀਡਰ ਨਹੀਂ ਗਿਆ. ਉਹੀ ਹੈਲਥ ਡਿਪਾਰਟਮੈਂਟ ਦੇ ਹੀ ਤਿੰਨ ਬੰਦੇ ਸਨ ਜਿੰਨਾਂ ਅਰਥੀ ਨੂੰ ਅੱਗ ਲਾਈ ਊ."

ਜੱਥੇਦਾਰ ਕਿੱਕਰ ਸਿੰਘ ਬੋਲਿਆ : "ਜੱਥੇਦਾਰਾ, ਵਾਕਿਆ ਹੀ ਸਾਡੇ ਲਈ ਬੜੀ ਨਮੋਸ਼ੀ ਵਾਲੀ ਗੱਲ ਈ. ਕਿੱਥੇ ਮਰ ਗਏ ਉਹ ਸਾਰੇ ਕਾਲੀ ਦਲ ਵਾਲੇ ਘੜੰਮ ਚੌਧਰੀ? ਜਿਹੜੇ ਨਿੱਤ ਖੇਹ ਖਾਣ ਤੁਰੇ ਰਹਿੰਦੇ ਈ ਅੱਜ ਸ਼ਰੋਮਣੀ ਗੁਰਦੁਆਰਾ ਕਮੇਟੀ

ਦੀ ਚੋਣ ਈ ਤੇ ਕਦੀ ਅੱਜ ਕੋਈ ਹੋਰ ਚੋਣ ਈ? ਦੇਖ ਲੈ, ਸਭ ਪੈਸੇ ਦੇ ਯਾਰ ਈ. ਕੋਈ ਨੀਂ ਪੁੱਛਦਾ ਕਿਸੀ ਨੂੰ."

ਕੋਲ ਹੀ ਖੜ੍ਹਾ ਜੱਥੇਦਾਰ ਨਿਹਾਲ ਸਿੰਘ ਬੋਲਿਆ : "ਚੰਗੇ ਸਮਿਆਂ ਵਿੱਚ ਕਿਸੇ ਵੀ ਵਿਅਕਤੀ ਨਾਲ ਹੱਥ ਮਿਲਾਉਣ ਤੋਂ ਬਾਹਦ ਜਾਂ ਗਲੇ ਲੱਗਣ ਤੋਂ ਬਾਹਦ ਹਰ ਕੋਈ ਚੰਗਾ ਚੰਗਾ ਮਹਿਸੂਸ ਕਰਦਾ ਸੀ. ਪਰ ਹੁਣ ਹਰ ਕੋਈ ਇੱਕ ਦੂਜੇ ਤੋਂ ਛੇ ਫੁੱਟ ਦੀ ਦੂਰੀ ਉੱਤੇ ਰਹਿ ਕੇ ਗੱਲ ਕਰਦਿਆਂ ਹੋਇਆਂ ਵੀ ਸੋਚਦਾ ਰਹਿੰਦਾ ਕਿ ਕਿਤੇ ਦੂਜੇ ਵਿਅਕਤੀ ਕੋਲੋਂ ਮੈਨੂੰ ਕਰੋਨਾਵਾਇਰਸ ਮਹਾਮਾਰੀ ਦੀ ਲਾਗ ਨ ਲੱਗ ਜਾਵੇ."

ਜੱਥੇਦਾਰਾਂ ਦੇ ਨਾਲ ਹੀ ਗੋਲਡਨ ਟੈਂਪਲ ਦੇ ਦਰਸ਼ਨ ਕਰਨ ਆਈ ਹੋਈ ਮਾਸਟਰਨੀ ਸੁਰਿੰਦਰ ਕੌਰ ਬੋਲੀ : "ਹੁਣ ਤਾਂ ਜਿਵੇਂ ਸਮੇਂ ਹੀ ਕੁਝ ਇਹੋ ਜਿਹੇ ਚੰਦਰੇ ਆ ਗਏ ਕਿ ਭਾਵੇਂ ਕਿਸੇ ਵੀ ਦਫਤਰ ਵਿੱਚ ਚਲੇ ਜਾਓ, ਕਿਸੀ ਬੈਂਕ ਵਿੱਚ ਚਲੇ ਜਾਓ-ਹਰ ਜਗਾਹ ਜਾ ਕੇ ਇੰਜ ਮਹਿਸੂਸ ਹੁੰਦਾ ਜਿਵੇਂ ਸ਼ੀਸ਼ੇ ਦੀ ਕੰਧ ਪਿੱਛੇ ਬੈਠੇ ਕਿਸੇ ਕੈਦੀ ਅਤੇ ਉਸਦੇ ਮੁਲਾਕਾਤੀ ਦੀ ਜੇਹਲ ਵਿੱਚ ਗੱਲਬਾਤ ਹੋ ਰਹੀ ਹੋਵੇ."

ਯੂਨੀਵਰਸਿਟੀ ਵਿੱਚ ਪੜ੍ਹਦਾ ਸੁਰਿੰਦਰ ਕੌਰ ਦਾ ਪੁੱਤਰ ਨਰਿੰਦਰ ਸਿੰਘ ਆਪਣੀ ਮਾਂ ਦੀ ਗੱਲ ਨੂੰ ਅੱਗੇ ਤੋਰਦਾ ਹੋਇਆ ਬੋਲਿਆ : "ਮੰਮੀ, ਕਰੋਨਾਵਾਇਰਸ ਮਹਾਮਾਰੀ ਨੇ ਸਭ ਤੋਂ ਵੱਧ ਨੁਕਸਾਨ ਸਾਡੀ ਇੱਕ ਦੂਜੇ ਵਿੱਚ ਵਿਸ਼ਵਾਸ ਦੀ ਭਾਵਨਾ ਨੂੰ ਖਤਮ ਕਰਕੇ ਕੀਤਾ. ਹਰ ਕਿਸੀ ਵਿੱਚ ਆਪਣੀ ਹੋਂਦ ਬਚਾਈ ਰੱਖਣ ਦੀ ਦੌੜ ਪੈਦਾ ਕਰ ਦਿੱਤੀ. ਕਰੋਨਾ ਮਹਾਮਾਰੀ ਨੇ ਲੋਕਾਂ ਨੂੰ ਲੋਕ-ਸਮਾਰੋਹਾਂ/ਜਾਂ ਜਨਤਕ ਇਕੱਠਾਂ ਵਿੱਚ ਸ਼ਮੂਲੀਅਤ ਕਰਨ ਦੀ ਥਾਂ ਆਪਣੇ ਆਪਣੇ ਘਰਾਂ ਤੀਕ ਸੀਮਤ ਕਰਕੇ ਰੱਖ ਦਿੱਤਾ. ਜਨਤਕ ਸਮਾਰੋਹਾਂ ਵਿੱਚ ਲੋਕ ਇਕੱਠੇ ਹੁੰਦੇ ਸਨ ਤਾਂ ਲੋਕਾਂ ਦਰਮਿਆਨ ਕਿਸੀ ਵੀ ਵਿਸ਼ੇ ਉੱਤੇ ਸੰਵਾਦ ਤੁਰਨ ਦੀ ਸੰਭਾਵਨਾ ਹੁੰਦੀ ਸੀ; ਹੁਣ ਪੈਦਾ ਹੋ ਰਹੇ ਕਰੋਨਾ ਸਭਿਆਚਾਰ ਵਿੱਚ ਵਰਚੂਅਲ ਡਿਵਾਈਸਸ ਰਾਹੀਂ ਸਿਰਫ ਇੱਕ ਬੁਲਾਰਾ ਬੋਲੇਗਾ ਅਤੇ ਬਾਕੀ ਲੋਕ ਉਸ ਦਾ ਭਾਸ਼ਨ ਸੁਨਣਗੇ."

ਸੁਰਿੰਦਰ ਕੌਰ ਬੋਲੀ : "ਬਿਲਕੁਲ. ਇਸ ਮਹਾਮਾਰੀ ਕਾਰਨ ਲੋਕਾਂ ਵਿੱਚ ਇਕੱਲਤਾ (ਲੋਨਲੀਨੈੱਸ) ਵੀ ਵਧੀ ਹੈ. ਖਾਸ ਤੌਰ ਉੱਤੇ ਵੱਡੀ ਉਮਰ ਦੇ ਲੋਕਾਂ ਵਿੱਚ, ਜਿਨ੍ਹਾਂ ਲਈ ਤੁਰਨ-ਫਿਰਨ ਦੀਆਂ ਸਰੀਰਕ ਸਮੱਸਿਆਵਾਂ ਕਾਰਨ ਘਰਾਂ ਤੋਂ ਬਾਹਰ ਜਾਣਾ-ਆਉਣਾ ਪਹਿਲਾਂ ਹੀ ਮੁਸ਼ਕਿਲ ਸੀ ਹੁਣ ਹੋਰ ਵੀ ਵੱਧ ਮੁਸ਼ਕਿਲ ਹੋ ਗਿਆ."

ਨਰਿੰਦਰ ਸਿੰਘ ਬੋਲਿਆ : "ਮੰਮੀ ਜੀ, ਜਿਹੜੇ ਲੋਕਾਂ ਦੇ ਵੱਡੇ ਵੱਡੇ ਪ੍ਰਵਾਰ ਸਨ ਪਰ ਉਨ੍ਹਾਂ ਦੇ ਘਰ ਛੋਟੇ ਛੋਟੇ ਸਨ, ਉਨ੍ਹਾਂ ਲੋਕਾਂ ਲਈ ਕਰੋਨਾਵਾਇਰਸ ਨੇ ਘਰੇਲੂ ਤਣਾਓ ਵਾਲੀਆਂ ਸਥਿਤੀਆਂ ਵਿੱਚ ਵਾਧਾ ਕੀਤਾ. ਜਿਸ ਕਾਰਨ, ਵਿਸ਼ੇਸ਼ ਕਰਕੇ, ਔਰਤਾਂ ਉੱਤੇ ਹਿੰਸਾ ਵਧੀ ਹੈ."

ਸੁਰਿੰਦਰ ਕੌਰ ਦਾ ਪਤੀ ਗੁਰਮੀਤ ਸਿੰਘ ਵੀ ਇਸ ਗੱਲਬਾਤ ਵਿੱਚ ਹਿੱਸਾ ਲੈਣ ਤੋਂ ਰਹਿ ਨ ਸਕਿਆ.

ਗੁਰਮੀਤ ਸਿੰਘ ਥੋੜਾ ਫਿਲਾਸਫਰਾਂ ਵਾਂਗ ਬੋਲਿਆ : "ਦੇਖੋ, ਕਰੋਨਾ ਮਹਾਮਾਰੀ ਨੇ ਲੋਕਾਂ ਵਿੱਚ ਇੱਕ-ਦੂਜੇ ਪ੍ਰਤੀ ਅਜਨਬੀਪਨ ਦੀ ਭਾਵਨਾ ਵੀ ਪੈਦਾ ਕੀਤੀ. ਲੋਕਾਂ ਦੀਆਂ ਬੱਚਿਆਂ ਵੱਲ ਭਾਵਨਾਵਾਂ ਵਿੱਚ ਵੱਡੀਆਂ ਤਬਦੀਲੀਆਂ ਵਾਪਰੀਆਂ. ਬੱਚਾ ਚਾਹੇ ਕਿਸੀ ਦਾ ਆਪਣਾ ਹੋਵੇ ਅਤੇ ਚਾਹੇ ਕਿਸੇ ਅਜਨਬੀ ਦਾ- ਬੱਚੇ ਨੂੰ ਦੇਖ ਕੇ ਹਰ ਕੋਈ ਬੱਚੇ ਵੱਲ ਪਿਆਰ ਦੀ ਭਾਵਨਾ ਦਿਖਾਂਦਾ- ਬੱਚੇ ਨੂੰ ਚੁੰਮਿਆ ਜਾਂਦਾ ਜਾਂ ਗਲੇ ਲਗਾਇਆ ਜਾਂਦਾ. ਪਰ ਇਸ ਡਰ ਕਾਰਨ ਕਿ ਕਿਤੇ ਬੱਚੇ ਨੂੰ ਕਰੋਨਾਵਾਇਰਸ ਦੀ ਲਾਗ ਨ ਲੱਗ ਜਾਵੇ, ਹੁਣ ਹਰ ਕੋਈ ਬੱਚਿਆਂ ਨੂੰ ਇੱਕ ਫਾਸਲੇ ਉੱਤੇ ਰਹਿਕੇ ਹੀ ਪਿਆਰ ਦਿੰਦਾ. ਕਰੋਨਾਵਾਇਰਸ ਮਹਾਮਾਰੀ ਨੇ ਮਨੁੱਖਾਂ ਵਿੱਚ ਇੱਕ ਦੂਜੇ ਪ੍ਰਤੀ ਨ ਸਿਰਫ ਦਿਲਾਂ ਦੇ ਫਾਸਲੇ ਹੀ ਵਧਾਏ ਹਨ; ਬਲਕਿ, ਜਿਸਮਾਂ ਦੇ ਫਾਸਲੇ ਵੀ ਵਧਾਏ ਹਨ."

ਕਰੋਨਾ ਮਹਾਮਾਰੀ ਦਾ ਜਿਉਂ ਜਿਉਂ ਜ਼ੋਰ ਵੱਧ ਰਿਹਾ ਸੀ ਮਨੁੱਖੀ ਰਿਸ਼ਤਿਆਂ ਵਿੱਚ ਵੀ ਦਰਾੜ ਵੱਧ ਰਹੀ ਸੀ.

ਨੇਤਾ ਜੀ ਨੇ ਵੀ ਆਪਣੇ ਸਹਿਯੋਗੀਆਂ ਰਾਹੀਂ ਕਰੋਨਾ ਮਹਾਮਾਰੀ ਸੰਕਟ ਦੌਰਾਨ ਵੱਖੋ ਵੱਖ ਧਾਰਮਿਕ ਕਮਿਊਨਿਟੀਆਂ ਦੇ ਆਪਸੀ ਮਨੁੱਖੀ ਰਿਸ਼ਤਿਆਂ ਵਿੱਚ ਤਰੇੜਾਂ ਪਾਉਣ ਅਤੇ ਨਫ਼ਰਤ ਪੈਦਾ ਕਰਨ ਦੀਆਂ ਸਾਜ਼ਿਸ਼ਾਂ ਰਚਨੀਆਂ ਜਾਰੀ ਰੱਖੀਆਂ.

ਜਿਸ ਕਾਰਨ, ਅਨੇਕਾਂ ਵਾਰ, ਦੇਸ਼ ਦੇ ਅਨੇਕਾਂ ਹਿੱਸਿਆਂ ਵਿੱਚ, ਵੱਖੋ ਵੱਖ ਧਾਰਮਿਕ ਕਮਿਊਨਿਟੀਆਂ ਦਰਮਿਆਨ ਤਨਾਓ ਵੱਧ ਜਾਣ ਤੋਂ ਬਾਹਦ ਇੱਕ ਦੂਜੇ ਵੱਲ, ਇੱਟਾਂ, ਪੱਥਰ ਵੀ ਚੱਲਦੇ ਰਹੇ-ਕਿਤੇ ਕਿਤੇ ਸਾੜ ਫੂਕ ਅਤੇ ਕਤਲੋਗਾਰਦ ਦੀਆਂ ਘਟਨਾਵਾਂ ਵੀ ਵਾਪਰਦੀਆਂ ਰਹੀਆਂ.

# 11.

ਕਰੋਨਾ ਮਹਾਮਾਰੀ ਸਭਿਆਚਾਰ ਨੇ ਅਜੋਕੇ ਸਮਿਆਂ ਵਿੱਚ ਪ੍ਰਚਲਿਤ ਹਰ ਤਰ੍ਹਾਂ ਦੇ ਸਭਿਆਚਾਰ ਨੂੰ ਹੀ ਖੇਰੂੰ ਖੇਰੂੰ ਕਰ ਦਿੱਤਾ.

ਜ਼ਿੰਦਗੀ ਨਾਲ ਸਬੰਧਿਤ ਕਿਸੀ ਵੀ ਖੇਤਰ ਦੀ ਕੋਈ ਵੀ ਸਰਗਰਮੀ ਕਰੋਨਾ ਮਹਾਮਾਰੀ ਸਭਿਆਚਾਰ ਦੀ ਦਹਿਸ਼ਤ ਦਾ ਸ਼ਿਕਾਰ ਹੋਣ ਤੋਂ ਬਚ ਨਹੀਂ ਸਕੀ.

ਕਰੋਨਾ ਮਹਾਮਾਰੀ ਸਭਿਆਚਾਰ ਦੇ ਦੋ ਹੀ ਮੁੱਖ ਨਿਯਮ ਹਨ : ਹਰ ਕੋਈ ਆਪਣਾ ਨੱਕ ਮੂੰਹ ਢਕ ਕੇ ਰੱਖੇ ਅਤੇ ਹਰ ਕੋਈ ਇੱਕ ਦੂਜੇ ਤੋਂ ਛੇ ਫੁੱਟ ਦੀ ਦੂਰੀ ਬਣਾ ਕੇ ਰੱਖੇ.

ਇਨ੍ਹਾਂ ਦੋ ਨਿਯਮਾਂ 'ਚੋਂ ਕਿਸੇ ਇੱਕ ਨਿਯਮ ਦੀ ਵੀ ਉਲੰਘਣਾ ਕਰਨ ਵਾਲੇ ਮਨੁੱਖ ਨੂੰ ਕਰੋਨਾ ਸਭਿਆਚਾਰ ਸਖਤ ਤੋਂ ਸਖਤ ਸਜ਼ਾ ਵੀ ਦੇ ਸਕਦਾ ਹੈ. ਇੰਨੀ ਸਖਤ ਸਜ਼ਾ ਕਿ ਤੁਹਾਡੇ ਮਰਨ ਤੋਂ ਬਾਹਦ ਵੀ ਕੋਈ ਤੁਹਾਡੇ ਨੇੜੇ ਆਉਣ ਦੀ ਹਿੰਮਤ ਨਹੀਂ ਕਰੇਗਾ.

ਖੇਡ ਸਭਿਆਚਾਰ ਵਿੱਚ ਵਧੇਰੇ ਖੇਡਾਂ ਅਜਿਹੀਆਂ ਹੀ ਹਨ ਜਿਨ੍ਹਾਂ ਵਿੱਚ ਦੋ ਵਿਰੋਧੀ ਟੀਮਾਂ ਦੇ ਖਿਡਾਰੀਆਂ ਨੇ ਆਪਸ ਵਿੱਚ ਇੱਕ ਦੂਜੇ ਦੇ ਜਿਸਮਾਂ ਨੂੰ ਛੂਹਣਾ ਹੁੰਦਾ ਹੈ ਜਾਂ ਇੱਕ ਦੂਜੇ ਨਾਲ ਧੱਕਮ-ਧੱਕਾ ਹੋਣਾ ਹੁੰਦਾ ਹੈ. ਫੁੱਟਬਾਲ, ਆਈਸ ਹਾਕੀ, ਫੀਲਡ ਹਾਕੀ, ਬਾਸਕਟਬਾਲ, ਕਬੱਡੀ, ਬਾਕਸਿੰਗ, ਜੁੱਡੋ ਆਦਿ ਖੇਡਾਂ ਤਾਂ ਇੱਕ-ਦੂਜੇ ਦੀ ਸਰੀਰਕ ਛੋਹ ਤੋਂ ਬਿਨ੍ਹਾਂ ਹੋ ਹੀ ਨਹੀਂ ਸਕਦੀਆਂ. ਖੇਡ ਸਭਿਆਚਾਰ ਦਾ ਹੀ ਹਿੱਸਾ ਹੁੰਦੇ ਹਨ ਖੇਡ ਟੂਰਨਾਮੈਂਟ. ਜਿੱਥੇ ਹਜ਼ਾਰਾਂ ਲੋਕ ਆਉਂਦੇ ਹਨ. ਉਨ੍ਹਾਂ ਟੂਰਨਾਮੈਂਟਾਂ ਉੱਤੇ ਵੀ ਪਾਬੰਧੀ ਲੱਗ ਗਈ.

ਫੂਡ ਇੰਡਸਟਰੀ ਸਭਿਆਚਾਰ ਵੀ ਕਰੋਨਾ ਮਹਾਮਾਰੀ ਤੋਂ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ. ਰੈਸਟੋਰੈਂਟ ਜਾਂ ਸ਼ਰਾਬਖਾਨੇ ਵਿੱਚ ਲੋਕਾਂ ਨੇ ਇੱਕ-ਦੂਜੇ ਦੇ ਨੇੜੇ ਬੈਠ ਕੇ ਅਤੇ ਨੰਗੇ ਮੂੰਹ ਨਾਲ ਹੀ ਖਾਣਾ/ਪੀਣਾ ਹੁੰਦਾ ਹੈ. ਜਿਸ ਕਾਰਨ ਰੈਸਟੋਰੈਂਟਾਂ ਵਿੱਚ ਕਰੋਨਾ ਮਹਾਮਾਰੀ ਸਭਿਆਚਾਰ ਦੇ ਨਿਯਮਾਂ ਦੀ ਸਭ ਤੋਂ ਵੱਧ ਉਲੰਘਣਾ ਹੁੰਦੀ ਹੈ. ਇਸੀ ਲਈ ਜਦੋਂ ਵੀ ਕਰੋਨਾ ਮਹਾਮਾਰੀ ਦਾ ਪ੍ਰਕੋਪ ਕਿਸੀ ਪਾਸੇ ਵਧਦਾ ਹੈ ਤਾਂ ਰੈਸਟੋਰੈਂਟਾਂ ਅੰਦਰ ਬੈਠਕੇ ਖਾਣ ਉੱਤੇ ਪਾਬੰਧੀ ਲੱਗ ਜਾਂਦੀ ਹੈ.

ਕਲਾ, ਸੰਗੀਤ, ਨਾਟਕ, ਸਿਨਮਾ ਸਭਿਆਚਾਰ ਨੂੰ ਵੀ ਕਰੋਨਾ ਮਹਾਮਾਰੀ ਸਭਿਆਚਾਰ ਨੇ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ. ਸੱਭਿਆਚਾਰ ਦੇ ਇਹ ਪੱਖ ਜਨਤਕ ਇਕੱਠਾਂ ਨਾਲ ਜੁੜੇ ਹੋਏ ਹਨ. ਸਰੋਤਿਆਂ ਜਾਂ ਦਰਸ਼ਕਾਂ ਦੀ ਭੀੜ ਦਾ ਇਕੱਠਿਆਂ ਹੋਣਾ ਕਲਾਤਮਿਕ ਸਮਾਰੋਹਾਂ ਦੀ ਪੇਸ਼ਕਾਰੀ ਨਾਲ ਜੁੜਿਆ ਹੋਇਆ ਹੈ. ਭੀੜ ਹੋਵੇਗੀ ਤਾਂ ਕਰੋਨਾ ਮਹਾਮਾਰੀ ਸਭਿਆਚਾਰ ਦੇ ਨਿਯਮਾਂ ਦੀ ਤਾਂ ਉਲੰਘਣਾ ਹੋਵੇਗੀ ਹੀ. ਜਿਸ ਕਾਰਨ

ਅਜਿਹੇ ਸਭਿਆਚਾਰਕ ਸਮਾਰੋਹਾਂ ਦੀਆਂ ਜਨਤਕ ਪੇਸ਼ਕਾਰੀਆਂ ਨੂੰ ਹੀ ਬੰਦ ਕਰਨਾ ਪਿਆ. ਜਿਸ ਦੀ ਥਾਂ, ਮਹਿਜ਼, ਵਰਚੂਅਲ ਕਲਾਤਮਿਕ ਸਭਿਆਚਾਰਕ ਪੇਸ਼ਕਾਰੀਆਂ ਹੀ ਰਹਿ ਗਈਆਂ.

ਪਰਿਵਾਰਕ ਸਭਿਆਚਾਰਕ ਰੀਤੀ-ਰਿਵਾਜਾਂ ਨੂੰ ਵੀ ਕਰੋਨਾ ਮਹਾਮਾਰੀ ਨੇ ਬਹੁਤ ਪ੍ਰਭਾਵਿਤ ਕੀਤਾ ਹੈ. ਵਿਸ਼ੇਸ਼ ਤੌਰ ਉੱਤੇ ਵਿਆਹਾਂ ਨਾਲ ਸਬੰਧਿਤ ਰੀਤੀ-ਰਿਵਾਜ ਤਾਂ ਇੱਕ ਦੂਜੇ ਨੂੰ ਛੋਹੇ ਬਿਨ੍ਹਾਂ ਪੂਰੇ ਹੀ ਨਹੀਂ ਹੁੰਦੇ. ਅਜੋਕੀਆਂ ਹਾਲਤਾਂ ਵਿੱਚ ਅਜਿਹੇ ਰੀਤੀ-ਰਿਵਾਜਾਂ ਦੀ ਪੂਰਤੀ ਕੀਤੇ ਬਿਨ੍ਹਾਂ ਹੀ ਕੰਮ ਸਾਰਿਆ ਜਾ ਰਿਹਾ ਹੈ.

ਕਰੋਨਾ ਮਹਾਮਾਰੀ ਸਭਿਆਚਾਰ ਨੇ ਟਰਾਂਸਪੋਰਟ ਕਲਚਰ ਨੂੰ ਵੀ ਕਾਫੀ ਪ੍ਰਭਾਵਿਤ ਕੀਤਾ ਹੈ. ਹਵਾਈ ਜਹਾਜ਼, ਗੱਡੀਆਂ, ਬੱਸਾਂ ਵਿੱਚ ਚੜ੍ਹਣ ਵੇਲੇ ਸਵਾਰੀਆਂ ਦਾ ਤਾਪਮਾਨ ਦੇਖਿਆ ਜਾਂਦਾ ਹੈ ਅਤੇ ਸਵਾਰੀਆਂ ਨੂੰ ਵੀ ਇੱਕ ਦੂਜੇ ਦੇ ਨੇੜੇ ਬੈਠਣ ਦੀ ਇਜਾਜ਼ਤ ਨਹੀਂ ਹੁੰਦੀ.

ਕੈਨੇਡਾ ਵਿੱਚ ਤਾਂ ਗੱਡੀਆਂ/ਬੱਸਾਂ ਵਿੱਚ ਹਰ ਦੂਜੀ ਸੀਟ ਖਾਲੀ ਰੱਖਣ ਦਾ ਸਰਕਾਰੀ ਹੁਕਮ ਦੂਜੀ ਸੀਟ ਉੱਤੇ ਲਿਖਿਆ ਹੁੰਦਾ ਹੈ.

ਕਰੋਨਾ ਮਹਾਮਾਰੀ ਨੇ ਕਾਰਪੋਰੇਟ ਕਲਚਰ ਨੂੰ ਵੀ ਬਹੁਤ ਪ੍ਰਭਾਵਿਤ ਕੀਤਾ ਹੈ. ਕਾਰਪੋਰੇਸ਼ਨਾਂ ਨੂੰ ਵੀ ਆਪਣੇ ਕੰਮ ਪਹਿਲਾਂ ਜਿੰਨੀ ਹੀ ਫੁਰਤੀ ਨਾਲ ਕਰਨ ਲਈ ਆਧੁਨਿਕ ਔਨ ਲਾਈਨ ਟੈਕਨਾਲੋਜੀ ਦੀ ਵਰਤੋਂ ਕਰਨੀ ਪੈ ਰਹੀ ਹੈ. ਤਾਂ ਕਿ ਕਿਸੀ ਵੀ ਕਾਰਪੋਰੇਸ਼ਨ ਲਈ ਕੰਮ ਕਰਨ ਵਾਲੇ ਆਪਣੇ ਘਰਾਂ ਵਿੱਚ ਬੈਠ ਕੇ ਔਨ ਲਾਈਨ ਕੰਮ ਕਰਦੇ ਹੋਏ ਵੀ ਕਾਰਪੋਰੇਸ਼ਨ ਦੇ ਹਰ ਵਿਭਾਗ ਨਾਲ ਪੂਰੀ ਤਰ੍ਹਾਂ ਜੁੜੇ ਰਹਿਣ.

ਕਰੋਨਾ ਮਹਾਮਾਰੀ ਨੇ ਵਿੱਦਿਅਕ ਸਭਿਆਚਾਰ ਨੂੰ ਵੀ ਅਨੇਕਾਂ ਤਰ੍ਹਾਂ ਨਾਲ ਪ੍ਰਭਾਵਿਤ ਕੀਤਾ ਹੈ. ਕਰੋਨਾ ਮਹਾਮਾਰੀ ਦੇ ਦੌਰ ਵਿੱਚ ਔਨ ਲਾਈਨ ਐਜੂਕੇਸ਼ਨ-ਐਜੂਕੇਸ਼ਨ ਸਿਸਟਮ ਦਾ ਇੱਕ ਮਹੱਤਵਪੂਰਨ ਅੰਗ ਬਣ ਗਈ ਹੈ. ਉਮੀਦ ਕੀਤੀ ਜਾ ਸਕਦੀ ਹੈ ਕਿ ਕਰੋਨਾ ਮਹਾਮਾਰੀ ਦੌਰ ਖਤਮ ਹੋ ਜਾਣ ਤੋਂ ਬਾਹਦ ਵੀ ਹੁਣ ਔਨਲਾਈਨ ਐਜੂਕੇਸ਼ਨ ਸਿਸਟਮ ਐਜੂਕੇਸ਼ਨ ਕਲਚਰ ਦਾ ਇੱਕ ਅਨਿੱਖੜਵਾਂ ਅੰਗ ਬਣ ਜਾਏਗਾ.

ਕਰੋਨਾ ਮਹਾਮਾਰੀ ਨੇ ਮੀਡੀਆ ਕਲਚਰ ਉੱਤੇ ਵੀ ਜ਼ਿਕਰਯੋਗ ਪ੍ਰਭਾਵ ਪਾਇਆ ਹੈ. ਪਹਿਲਾਂ ਲੋਕ ਕਾਗਜ਼ ਉੱਤੇ ਛਪੇ ਅਖਬਾਰ, ਮੈਗਜ਼ੀਨ, ਕਿਤਾਬਾਂ ਪੜ੍ਹਣੇ ਪਸੰਦ ਕਰਦੇ ਸਨ. ਪਰ ਕਰੋਨਾ ਲੌਕਡਾਊਨ ਦੇ ਦੌਰ ਨੇ ਲੋਕਾਂ ਨੂੰ ਔਨਲਾਈਨ ਅਖਬਾਰ, ਮੈਗਜ਼ੀਨ, ਕਿਤਾਬਾਂ ਪੜ੍ਹਣ ਦੀ ਆਦਤ ਪਾ ਦਿੱਤੀ ਹੈ.

ਨਿਰਸੰਦੇਹ, ਕਰੋਨਾ ਮਹਾਮਾਰੀ ਨੇ ਮਨੁੱਖ ਦਾ ਰੁਝਾਨ ਡਿਜੀਟਲ ਕਲਚਰ ਵੱਲ ਮੋੜ ਦਿੱਤਾ ਹੈ.

ਰਾਣੀ ਮੁਕਰਜੀ ਨੇ ਆਪਣੀ ਮੰਮੀ ਸਪਨਾ ਮੁਕਰਜੀ ਨੂੰ ਅੱਜ ਇੱਕ ਅਜੀਬ ਕਿਸਮ ਦਾ ਸਵਾਲ ਪੁੱਛ ਲਿਆ : "ਮੰਮੀ, ਕਰੋਨਾ ਮਹਾਮਾਰੀ ਪਤਾ ਨਹੀਂ ਕਦੋਂ ਤੱਕ ਚੱਲਣੀ ਹੈ. ਕੀ ਸਾਨੂੰ ਹੁਣ ਹਮੇਸ਼ਾ ਘਰ ਬੈਠ ਕੇ ਹੀ ਔਨ ਲਾਈਨ ਸਟੱਡੀ ਕਰਨੀ ਪਿਆ

ਕਰੇਗੀ? ਮੇਰਾ ਤਾਂ ਬਿਲਕੁਲ ਹੀ ਦਿਲ ਨਹੀਂ ਲੱਗਦਾ ਸਕੂਲ ਜਾਏ ਬਿਨ੍ਹਾਂ. ਸਕੂਲ ਦੀਆਂ ਫਰੈਂਡਜ਼ ਨਾਲ ਸਕੂਲ ਵਿੱਚ ਅਸੀਂ ਕਿੰਨੀਆਂ ਗੱਲਾਂ ਕਰਦੇ ਸੀ? ਹਰ ਵੇਲੇ ਘਰ ਬੈਠੇ ਕੰਮਪੀਊਟਰ ਉੱਤੇ ਬੈਠ ਕੇ ਪੜ੍ਹੀ ਜਾਓ. ਇਟਸ ਬੋਰਿੰਗ ਮਾਮ. ਇਟਸ ਰੀਅਲੀ ਬੋਰਿੰਗ?"

ਸਪਨਾ ਮੁਕਰਜੀ ਆਪਣੀ ਗਿਆਰਾਂ ਕੁ ਸਾਲਾਂ ਦੀ ਧੀ ਰਾਣੀ ਮੁਕਰਜੀ ਦੀਆਂ ਗੱਲਾਂ ਸੁਣਕੇ ਬਸ ਉਸਦੇ ਉਦਾਸ ਚਿਹਰੇ ਵੱਲ ਵੇਖਦੀ ਰਹੀ.

ਆਖਿਰ, ਇਸ ਮੁਸ਼ਕਿਲ ਸਵਾਲ ਦਾ ਸਪਨਾ ਮੁਕਰਜੀ ਆਪਣੀ ਧੀ ਨੂੰ ਉੱਤਰ ਵੀ ਕੀ ਦਿੰਦੀ?

ਉਹ ਤਾਂ ਆਪ ਵੀ ਘਰ ਬੈਠ ਬੈਠ ਕੇ ਬੋਰ ਹੋਈ ਪਈ ਸੀ. ਨ ਘਰ ਤੋਂ ਬਾਹਰ ਜਾ ਕੇ ਕਿਸੀ ਰੈਸਟੋਰੈਂਟ ਵਿੱਚ ਬੀਅਰ ਹੀ ਕਦੀ ਪੀਤੀ ਜਾ ਸਕਦੀ ਸੀ ਅਤੇ ਨ ਹੀ ਕਦੀ ਆਪਣਾ ਮਨਪਸੰਦ ਫੂਡ ਫਿਸ਼ ਐਂਡ ਚਿਪਸ ਖਾਣ ਲਈ ਹੀ ਕਿਤੇ ਜਾ ਸਕਦੀ ਸੀ. ਪਹਿਲਾਂ ਘੱਟ ਤੋਂ ਘੱਟ ਹਰ ਵੀਕਐਂਡ ਤੇ ਤਾਂ ਸਕੁਏਅਰ ਵੰਨ ਪਲਾਜ਼ੇ ਦਾ ਇਸ ਬਹਾਨੇ ਚੱਕਰ ਲੱਗ ਹੀ ਜਾਂਦਾ ਸੀ.

ਹੁਣ, ਤਾਂ, ਲਾਈਫ ਬਿਲਕੁਲ ਹੀ ਬੋਰਿੰਗ ਹੋਈ ਪਈ ਸੀ.

ਕਰੋਨਾ ਮਹਾਮਾਰੀ ਨੇ ਹਰ ਤਰ੍ਹਾਂ ਦੇ ਸਭਿਆਚਾਰ ਨੂੰ ਖੇਰੂੰ ਖੇਰੂੰ ਕਰ ਦਿੱਤਾ; ਪਰ ਨੇਤਾ ਜੀ ਅਤੇ ਉਨ੍ਹਾਂ ਦੀ ਹਕੂਮਤ ਕਰ ਰਹੀ ਰਾਜਨੀਤਿਕ ਪਾਰਟੀ ਦਾ ਤਾਂ ਸਭਿਆਚਾਰ ਹੀ ਲੋਕਾਂ ਨੂੰ ਖੇਰੂੰ ਖੇਰੂੰ ਕਰਨਾ ਸੀ.

# 12.

ਅੱਜ ਸਵੇਰ ਤੋਂ ਹੀ ਦੇਸ਼ ਦੇ ਸਾਰੇ ਹੀ ਟੈਲੀਵੀਜ਼ਨ ਚੈਨਲ ਬਾਰ ਬਾਰ ਇਹ ਸੂਚਨਾ ਪ੍ਰਸਾਰਿਤ ਕਰ ਰਹੇ ਸਨ :

'ਅੱਜ ਠੀਕ ਰਾਤ ਦੇ 9 ਵਜੇ ਨੇਤਾ ਜੀ
ਕੌਮ ਦੇ ਨਾਮ ਇੱਕ ਵਿਸ਼ੇਸ਼ ਸੰਦੇਸ਼ ਦੇਣਗੇ'

ਪ੍ਰੋ. ਸ਼ਿਵ ਸ਼ੰਕਰ ਨੂੰ ਦੇਸ਼ ਦੀ ਰਾਜਨੀਤੀ ਵਿੱਚ ਵਿਸ਼ੇਸ਼ ਦਿਲਚਸਪੀ ਹੋਣ ਕਰਕੇ, ਉਹ ਨੇਤਾ ਜੀ ਦਾ ਹਰ ਭਾਸ਼ਨ ਜਰੂਰ ਸੁਣਦਾ ਸੀ. ਤਾਂ ਕਿ ਉਸ ਨੂੰ ਪਤਾ ਲੱਗ ਸਕੇ ਕਿ ਦੇਸ਼ ਕਿਸ ਦਿਸ਼ਾ ਵੱਲ ਜਾ ਰਿਹਾ ਹੈ.

ਠੀਕ 9 ਵਜੇ ਟੀਵੀ ਚਾਲੂ ਕਰਕੇ ਪ੍ਰੋ. ਸ਼ਿਵ ਸ਼ੰਕਰ ਬੇਸਬਰੀ ਨਾਲ ਟੀਵੀ ਪਰਦੇ ਉੱਤੇ ਨੇਤਾ ਜੀ ਦੇ ਅਵਤਾਰ ਧਾਰਣ ਦੀ ਉਡੀਕ ਕਰਨ ਲੱਗਾ.

ਅਚਾਨਕ, ਬਗਲੇ ਵਾਂਗ, ਚਿੱਟੇ ਦੁੱਧ ਧੋਤੇ ਕੱਪੜੇ ਪਾਈ ਨੇਤਾ ਜੀ ਨੇ ਟੀਵੀ ਪਰਦੇ ਉੱਤੇ ਅਵਤਾਰ ਧਾਰਿਆ ਅਤੇ ਬੋਲਣ ਲੱਗੇ :

"ਪਿਆਰੇ ਭੈਣੋਂ ਤੇ ਭਰਾਵੋ !
ਮੈਂ ਤੁਹਾਡੇ ਨਾਲ ਅੱਜ ਮਨ ਦੀ ਬਾਤ ਕਰਨ ਆਇਆ ਹਾਂ.
ਦੇਸ਼ ਬੜੇ ਸੰਕਟ ਦੀ ਘੜੀ ਵਿੱਚੋਂ ਗੁਜ਼ਰ ਰਿਹਾ ਹੈ.
ਮੇਰੀ ਸਰਕਾਰ ਨਾਲ ਸਬੰਧਤ ਹਰ ਵਿਅਕਤੀ ਤਨ, ਮਨ, ਧੰਨ ਨਾਲ ਦੇਸ਼ਵਾਸੀਆਂ ਦੀ ਸੇਵਾ ਕਰਨ ਲਈ ਪ੍ਰਯਤਨਸ਼ੀਲ ਹੈ.
ਪਵਨ ਪੁੱਤਰ ਹਨੂੰਮਾਨ ਜੀ ਨੇ ਜਿਸ ਤਰ੍ਹਾਂ ਦੁਸ਼ਟ ਰਾਵਣ ਦੀ ਲੰਕਾ ਉੱਤੇ ਜਿੱਤ ਪ੍ਰਾਪਤ ਕੀਤੀ ਸੀ.
ਇਸੀ ਤਰ੍ਹਾਂ ਅਸੀਂ ਵੀ ਚੀਨ ਵੱਲੋਂ ਭੇਜੇ ਗਏ ਕਰੋਨਾਵਾਇਰਸ ਦੀ ਲੰਕਾ ਉੱਤੇ ਵਿਜੈ ਪ੍ਰਾਪਤ ਕਰਾਂਗੇ.
ਦੇਸ਼ ਵਿੱਚ ਜਲਦੀ ਹੀ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਲੋਕਾਂ ਦੀ ਗਿਣਤੀ 1 ਕਰੋੜ ਹੋ ਜਾਵੇਗੀ
ਅਤੇ ਮਰਨ ਵਾਲਿਆਂ ਦੀ ਗਿਣਤੀ 5 ਲੱਖ ਹੋ ਜਾਵੇਗੀ.
ਕਰੋਨਾਵਾਇਰਸ ਦਾ ਮੁਕਾਬਲਾ ਕਰਨ ਲਈ ਦੇਸ਼ ਨੂੰ ਬਹੁਤ ਪੈਸੇ ਦੀ ਲੋੜ ਹੈ.
ਮੇਰੀ ਸਰਕਾਰ ਦੇਖ ਰਹੀ ਹੈ ਕਿ ਦੇਸ਼ ਦੇ ਬਹੁਤ ਸਾਰੇ ਖੇਤਰ ਆਪਣੇ ਖਰਚਿਆਂ ਦਾ ਭਾਰ ਨਹੀਂ ਝੱਲ ਸਕਦੇ.
ਇਸ ਲਈ ਮੇਰੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਦੇਸ਼ ਦੇ ਸਭ ਹਵਾਈ ਅੱਡੇ, ਸਭ ਰੇਲਵੇ ਸਟੇਸ਼ਨ,
ਸਭ ਬਸ ਅੱਡੇ, ਪਰਾਈਵੇਟ ਕੰਪਨੀਆਂ ਨੂੰ ਵੇਚ ਦਿੱਤੇ ਜਾਣ.

ਅਮੀਰ ਵਿਉਪਾਰੀਆਂ ਨੂੰ ਉਤਸ਼ਾਹਿਤ ਕੀਤਾ ਜਾਵੇ ਕਿ ਉਹ ਕਿਸਾਨਾਂ ਦੀਆਂ ਜ਼ਮੀਨਾਂ ਖ਼੍ਰੀਦ ਲੈਣ ਤਾਂ ਜੁ ਉਨ੍ਹਾਂ ਖੇਤਾਂ ਵਿੱਚ ਸਰਕਾਰ ਦੀ ਮਰਜ਼ੀ ਨਾਲ ਫਸਲਾਂ ਉਗਾਈਆਂ ਜਾ ਸਕਣ ਅਤੇ ਸਰਕਾਰ ਦੀ ਮਰਜ਼ੀ ਨਾਲ ਹੀ ਫਸਲਾਂ ਵੇਚੀਆਂ ਜਾ ਸਕਣ.

ਜੈ ਹਿੰਦ !''

ਟੀਵੀ ਚੈਨਲਾਂ ਉੱਤੇ ਨੇਤਾ ਜੀ ਦਾ ਭਾਸ਼ਨ ਪ੍ਰਸਾਰਿਤ ਹੋਣ ਦੇ ਕੁਝ ਘੰਟਿਆਂ ਬਾਹਦ ਹੀ ਸਾਰੇ ਦੇਸ਼ ਵਿੱਚ ਮਜ਼ਦੂਰ ਸਰਕਾਰ ਦੇ ਇਨ੍ਹਾਂ ਫੈਸਲਿਆਂ ਵਿਰੁੱਧ ਰੋਸ ਮੁਜਾਹਰੇ ਕਰਨ ਲਈ ਸੜਕਾਂ ਉੱਤੇ ਨਿਕਲ ਪਏ.

ਰੋਸ ਮੁਜਾਹਰੇ ਕਰਨ ਵਾਲਿਆਂ ਦੀ ਗਿਣਤੀ ਹੌਲੀ ਹੌਲੀ ਸੈਂਕੜਿਆਂ ਤੋਂ ਵੱਧਦੀ ਵੱਧਦੀ ਹਜ਼ਾਰਾਂ, ਲੱਖਾਂ ਵਿੱਚ ਵੱਧ ਗਈ.

ਮੁਜਾਹਰਾਕਾਰੀਆਂ ਦੇ ਹੱਥਾਂ ਵਿੱਚ ਫੱਟੀਆਂ ਅਤੇ ਬੈਨਰ ਫੜੇ ਹੋਏ ਸਨ.

ਜਿਨ੍ਹਾਂ ਉੱਤੇ ਲਿਖਿਆ ਹੋਇਆ ਸੀ :

'ਭ੍ਰਿਸ਼ਟ ਜਨਤਾ ਪਾਰਟੀ
ਮੁਰਦਾਬਾਦ'
'ਭੁੱਖੀ ਜਨਤਾ ਪਾਰਟੀ
ਮੁਰਦਾਬਾਦ'
'ਬਲਾਤਕਾਰੀ ਜਨਤਾ ਪਾਰਟੀ
ਮੁਰਦਾਬਾਦ'

ਕਈਆਂ ਦੇ ਹੱਥਾਂ ਵਿੱਚ ਇਸ ਤਰ੍ਹਾਂ ਦੇ ਬੈਨਰ ਵੀ ਫੜੇ ਹੋਏ ਸਨ :

'ਸ਼ਹੀਦ ਭਗਤ ਸਿੰਘ ਦੇ ਸੁਫ਼ਨੇ
ਮਰਨ ਨਹੀਂ ਦਿਆਂਗੇ'
'ਸ਼ਹੀਦ ਚੰਦਰ ਸ਼ੇਖਰ ਆਜ਼ਾਦ ਦੇ ਸੁਫ਼ਨੇ
ਮਰਨ ਨਹੀਂ ਦਿਆਂਗੇ'
'ਇਨਕਲਾਬ
ਜ਼ਿੰਦਾਬਾਦ'
'ਮਜ਼ਦੂਰ-ਕਿਸਾਨ
ਜ਼ਿੰਦਾਬਾਦ'

ਕੁਝ ਲੋਕ ਇਹੋ ਜਿਹੇ ਨਾਹਰੇ ਵੀ ਲਗਾ ਰਹੇ ਸਨ:

'ਮੋਦੀ, ਯੋਗੀ ਕੀ ਜਾਗੀਰ ਨਹੀਂ
ਯੇ ਹਿੰਦੁਸਤਾਨ ਹਮਾਰਾ ਹੈ'
'ਹਮਾਰੇ ਪਿਤਾ ਪੁਰਖੋਂ ਕਾ
ਯਹਾਂ ਖ਼ੂਨ ਬਹਾ ਹੈ

ਯੇ ਹਿੰਦੁਸਤਾਨ ਹਮਾਰਾ ਹੈ'

ਦੇਸ਼ ਦੇ ਤਕਰੀਬਨ ਹਰ ਵੱਡੇ ਸ਼ਹਿਰ ਦੀਆਂ ਸੜਕਾਂ ਉੱਤੇ ਗੁੱਸੇ ਵਿੱਚ ਆਏ ਲੋਕਾਂ ਦੀ ਭੀੜ ਵੱਧਦੀ ਹੀ ਜਾ ਰਹੀ ਸੀ.

ਕੁਝ ਲੋਕਾਂ ਨੇ ਤਾਂ ਗੁੱਸੇ ਵਿੱਚ ਆ ਕੇ ਵੱਡੇ ਵੱਡੇ ਬਿਜ਼ਨਸ ਘਰਾਂ ਦੇ ਸ਼ੋਅ ਰੂਮਾਂ ਦੇ ਵੱਡੇ ਵੱਡੇ ਸ਼ੀਸ਼ੇ ਲੋਹੇ ਦੀਆਂ ਰਾਡਾਂ ਮਾਰ ਮਾਰ ਭੰਨਣੇ ਵੀ ਸ਼ੁਰੂ ਕਰ ਦਿੱਤੇ ਸਨ.

ਪੁਲਿਸ ਦੀਆਂ ਗੱਡੀਆਂ ਦੇ ਹੂਟਰਾਂ ਦੀ ਆਵਾਜ਼ ਵੀ ਆਉਣੀ ਸ਼ੁਰੂ ਹੋ ਗਈ ਸੀ.

ਪ੍ਰੋ. ਸ਼ਿਵ ਸ਼ੰਕਰ ਨੇ ਦੇਸ਼ ਦੀ ਵਿਗੜਦੀ ਜਾ ਰਹੀ ਸਥਿਤੀ ਬਾਰੇ ਫਿਕਰਮੰਦੀ ਜ਼ਾਹਿਰ ਕਰਦਿਆਂ ਆਪਣੇ ਆਪਨੂੰ ਹੀ ਕਿਹਾ :

'ਕਦੇ ਤਾਂ ਦੇਸ਼ ਦੇ ਲੋਕਾਂ ਨੂੰ ਕੁੰਭਕਰਨੀ ਨੀਂਦ 'ਚੋਂ ਜਾਗਣਾ ਹੀ ਪਵੇਗਾ'

ਨੇੜੇ ਹੀ ਬੈਠੀ ਨੀਟਾ ਗੁਪਤਾ ਬੋਲੀ : "ਦੇਸ ਦੇ ਲੋਕਾਂ ਨੇ ਕੀ ਸਵਾਹ ਜਾਗਣਾ? ਜਦੋਂ ਇਨ੍ਹਾਂ ਧਾਰਮਿਕ ਕੱਟੜਪੰਥੀ ਰਾਜਨੀਤੀਵਾਨਾਂ ਨੇ ਦੇਸ਼ ਦਾ ਚੰਗੀ ਤਰ੍ਹਾਂ ਬੇੜਾ ਡੋਬ ਦਿੱਤਾ ਇਨ੍ਹਾਂ ਨੂੰ ਉਦੋਂ ਹੀ ਕੋਈ ਅਕਲ ਆਵੇਗੀ. ਅਜੇ ਤਾਂ ਇਨ੍ਹਾਂ ਉੱਤੇ ਗਊ ਮਾਤਾ ਦਾ ਮੂਤਰ ਪੀਣ ਅਤੇ ਗਊ ਮਾਤਾ ਦਾ ਗੋਹਾ ਖਾਹ ਖਾਹ ਕੇ ਹੀ ਕਰੋਨਾ ਮਹਾਮਾਰੀ ਦਾ ਇਲਾਜ ਕਰਨ ਦਾ ਭੂਤ ਸਵਾਰ ਹੋਇਆ ਹੋਇਆ ਹੈ."

ਸਪਨਾ ਮੁਕਰਜੀ ਵੀ ਆਪਣੀ ਗੱਲ ਕਹਿਣ ਤੋਂ ਨ ਰਹਿ ਸਕੀ, ਸਪਨਾ ਮੁਕਰਜੀ ਬੋਲੀ : "ਕਰੋਨਾ ਮਹਾਮਾਰੀ ਦੀ ਰੋਕਥਾਮ ਕਰਨ ਵੱਲ ਤਾਂ ਏਨਾਂ ਦਾ ਧਿਆਨ ਹੈ ਹੀ ਨਹੀਂ. ਇਨ੍ਹਾਂ ਦਾ ਤਾਂ ਸਾਰਾ ਧਿਆਨ ਬਾਬਰੀ ਮਸਜਿਦ ਦੀ ਥਾਂ ਰਾਮ ਮੰਦਰ ਦੀ ਉਸਾਰੀ ਕਰਨ ਵੱਲ ਹੀ ਲੱਗਾ ਹੋਇਆ ਹੈ."

ਕਰੋਨਾ ਮਹਾਮਾਰੀ ਦੀ ਆੜ ਵਿੱਚ ਹੋਰਨਾਂ ਪੂੰਜੀਵਾਦੀ ਦੇਸ਼ਾਂ ਦੇ ਨੇਤਾਵਾਂ ਵਾਂਗ ਨੇਤਾ ਜੀ ਵੀ, ਨਿੱਤ, ਦੇਸ਼ ਨੂੰ ਸਰਮਾਇਦਾਰਾਂ ਕੋਲ ਵੇਚਣ ਦੀਆਂ ਸਾਜ਼ਿਸ਼ਾਂ ਘੜਦੇ ਰਹਿੰਦੇ.

# 13.

ਯੂਨੀਵਰਸਿਟੀ ਕੌਫੀ ਹਾਊਸ ਵਿੱਚ ਅੱਜ ਫਿਰ ਇਸ ਵਿਸ਼ੇ ਉੱਤੇ ਚਰਚਾ ਛਿੜ ਗਈ ਸੀ ਕਿ ਹਿੰਦੁਸਤਾਨ ਕਰੋਨਾਵਾਇਰਸ ਮਹਾਮਾਰੀ ਸੰਕਟ ਨਾਲ ਨਜਿੱਠਣ ਵਿੱਚ ਬੁਰੀ ਤਰ੍ਹਾਂ ਅਸਫਲ ਹੋਇਆ ਹੈ.

ਨੀਟਾ ਗੁਪਤਾ ਬਹਿਸ ਵਿੱਚ ਦਖਲ ਦਿੰਦਿਆਂ ਬੋਲੀ : "ਦੋਸਤੋ, ਪਹਿਲਾਂ ਨੇਤਾ ਜੀ ਦਾ ਭਾਸ਼ਨ ਸੁਣੋ."

ਇੰਨਾ ਕਹਿ, ਨੀਟਾ ਗੁਪਤਾ ਨੇ ਆਪਣੇ ਸੈੱਲ ਫੋਨ ਵਿੱਚ ਰਿਕਾਰਡ ਕੀਤਾ ਹੋਇਆ ਨੇਤਾ ਜੀ ਦਾ ਭਾਸ਼ਨ ਸੁਨਾਉਣਾ ਸ਼ੁਰੂ ਕਰ ਦਿੱਤਾ :

"ਭੈਣੋਂ ਅਤੇ ਭਰਾਵੋ!

ਮਹਾਂਭਾਰਤ ਦਾ ਯੁੱਧ 18 ਦਿਨ ਚੱਲਿਆ ਸੀ.

ਤੁਸੀਂ 21 ਦਿਨ ਲਈ ਆਪਣੇ ਘਰ ਤੋਂ ਬਾਹਰ ਦੀ ਦੁਨੀਆਂ ਨੂੰ ਭੁੱਲ ਜਾਓ.

ਤੁਸੀਂ ਮੰਨ ਲਓ ਕਿ ਤੁਹਾਡੇ ਘਰ ਦੀ ਦਹਿਲੀਜ਼ ਉੱਤੇ ਲਛਮਣ ਰੱਖਾ ਵਾਹੀ ਹੋਈ ਹੈ.

ਅੱਜ ਰਾਤ ਦੇ ਠੀਕ 12 ਵਜੇ ਤੋਂ ਸਾਰੇ ਦੇਸ਼ ਵਿੱਚ ਲੌਕਡਾਊਨ ਲਾਗੂ ਹੋ ਜਾਏਗਾ.

ਅਸੀਂ ਸੁਦਰਸ਼ਨ ਚੱਕਰ ਚਲਾਉਣਾ ਵੀ ਜਾਣਦੇ ਹਾਂ.

ਅਸੀਂ ਚੀਨ ਵੱਲੋਂ ਭੇਜੇ ਕਰੋਨਾਵਾਇਰਸ ਨਾਲ ਯੁੱਧ ਵੀ ਜਿੱਤ ਲਵਾਂਗੇ.

ਜੈ ਹਿੰਦ!"3

ਪ੍ਰੋ. ਸ਼ਿਵ ਸ਼ੰਕਰ ਬੋਲਿਆ : "ਮੈਂ ਇਸ ਗੱਲ ਨਾਲ ਤਾਂ ਸਹਿਮਤ ਹਾਂ ਕਿ ਦੇਸ਼ ਵਿੱਚ ਲੌਕਡਾਊਨ ਲਗਾਉਣਾ ਠੀਕ ਸੀ. ਜਿਵੇਂ ਕਿ ਹੋਰ ਵੀ ਅਨੇਕਾਂ ਦੇਸ਼ਾਂ ਦੀਆਂ ਹਕੂਮਤਾਂ ਨੇ ਆਪਣੇ ਆਪਣੇ ਦੇਸ਼ ਵਿੱਚ ਲੌਕਡਾਊਨ ਲਗਾਇਆ ਹੈ. ਪਰ ਮੈਂ ਇਸ ਗੱਲ ਨਾਲ ਸਹਿਮਤ ਨਹੀਂ ਕਿ ਹਿੰਦੁਸਤਾਨ ਦੀ ਹਕੂਮਤ ਨੇ ਠੀਕ ਸਮੇਂ ਉੱਤੇ ਦੇਸ਼ ਵਿੱਚ ਲੌਕਡਾਊਨ ਲਗਾਇਆ ਸੀ ਅਤੇ ਮੈਂ ਇਸ ਗੱਲ ਨਾਲ ਵੀ ਸਹਿਮਤ ਨਹੀਂ ਕਿ ਲੌਕਡਾਊਨ ਠੀਕ ਸਮੇਂ ਉੱਤੇ ਖਤਮ ਕੀਤਾ ਗਿਆ. ਮੈਂ ਤਾਂ ਇਹ ਵੀ ਕਹਾਂਗਾ ਕਿ ਸਮੁੱਚੇ ਦੇਸ਼ ਵਿੱਚ ਲੌਕਡਾਊਨ ਲਾਗੂ ਕਰਨ ਦੀ ਜ਼ਰੂਰਤ ਹੀ ਨਹੀਂ ਸੀ. ਸਿਰਫ ਉਨ੍ਹਾਂ ਕੁਝ ਕੁ ਇਲਾਕਿਆਂ ਵਿੱਚ ਲੌਕਡਾਊਨ ਲਗਾਇਆ ਜਾ ਸਕਦਾ ਸੀ ਜਿੱਥੇ ਜਿੱਥੇ ਕਰੋਨਾ ਮਹਾਮਾਰੀ ਦੇ ਕੁਝ ਮਰੀਜ਼ ਆਉਣੇ ਸ਼ੁਰੂ ਹੋਏ ਸਨ."

ਸੁਰਿੰਦਰ ਕੌਰ ਬੋਲੀ : "ਦੇਖੋ, ਹਿੰਦੁਸਤਾਨ ਵਿੱਚ ਜਿਸ ਸਮੇਂ ਅਜੇ ਸਿਰਫ 564 ਕਰੋਨਾਵਾਇਰਸ ਨਾਲ ਪੀੜਤ ਮਰੀਜ਼ ਸਨ ਅਤੇ ਸਮੁੱਚੇ ਦੇਸ਼ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਸਿਰਫ 10 ਮੌਤਾਂ ਹੀ ਹੋਈਆਂ ਸਨ ਤਾਂ ਨੇਤਾ ਜੀ ਨੇ ਸਮੁੱਚੇ ਦੇਸ਼ ਵਿੱਚ

ਲੌਕਡਾਊਨ ਲਾਗੂ ਕਰ ਦਿੱਤਾ. ਜਦੋਂ ਸਮੁੱਚੇ ਦੇਸ਼ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਹੋ ਚੁੱਕੇ ਲੋਕਾਂ ਦੀ ਗਿਣਤੀ 1,73,763 ਅਤੇ ਮਰਨ ਵਾਲਿਆਂ ਦੀ ਗਿਣਤੀ 4,971 ਹੋ ਗਈ ਤਾਂ ਨੇਤਾ ਜੀ ਨੇ ਲੌਕਡਾਊਨ ਵਿੱਚ ਢਿੱਲ ਦੇਣੀ ਸ਼ੁਰੂ ਕਰ ਦਿੱਤੀ. ਇਹ ਕਿੱਥੋਂ ਦੀ ਸਿਆਣਪ ਹੈ?"

ਨੀਟਾ ਗੁਪਤਾ ਬੋਲੀ : "ਹਿੰਦੁਸਤਾਨ ਵਿੱਚ ਲੌਕਡਾਊਨ ਅਸਫਲ ਹੋਣ ਦੇ ਹੋਰ ਵੀ ਕਾਰਨ ਹਨ. ਸਾਊਥ ਅਫਰੀਕਾ ਵਿੱਚ ਵੀ ਹਿੰਦੁਸਤਾਨ ਵਰਗਾ ਹੀ ਪੁਲਿਟੀਕਲ ਸਿਸਟਮ ਹੈ. ਪਰ ਉੱਥੇ ਲੌਕਡਾਊਨ ਸ਼ੁਰੂ ਕਰਨ ਤੋਂ ਪਹਿਲਾਂ ਸਾਊਥ ਅਫਰੀਕਾ ਦੀ ਸਰਕਾਰ ਨੇ ਲੋਕਾਂ ਨੂੰ ਪੂਰੇ ਚਾਰ ਦਿਨ ਦਿੱਤੇ ਸਨ. ਤਾਂ ਜੁ ਲੋਕ ਲੌਕਡਾਊਨ ਦੌਰਾਨ ਘਰਾਂ ਵਿੱਚ ਰਹਿਣ ਲਈ ਲੋੜੀਂਦੇ, ਹਰ ਤਰ੍ਹਾਂ ਦੇ, ਪ੍ਰਬੰਧ ਕਰ ਲੈਣ. ਇਨ੍ਹਾਂ ਚਾਰ ਦਿਨਾਂ ਦੌਰਾਨ ਸਾਊਥ ਅਫਰੀਕਾ ਵਿੱਚ ਆਵਾਜਾਈ ਦੇ ਸਭ ਸਾਧਨ, ਹਵਾਈ ਜਹਾਜ਼, ਗੱਡੀਆਂ, ਬੱਸਾਂ, ਟੈਕਸੀਆਂ ਆਦਿ ਵੀ ਚੱਲਦੇ ਰਹੇ ਸਨ; ਤਾਂ ਕਿ ਲੋਕ ਆਪਣੀ ਆਪਣੀ ਪਸੰਦ ਦੀ ਥਾਂ ਉੱਤੇ, ਬਿਨ੍ਹਾਂ ਕਿਸੀ ਤਕਲੀਫ ਦੇ, ਪਹੁੰਚ ਜਾਣ."

ਪ੍ਰੋ. ਸ਼ਿਵ ਸ਼ੰਕਰ ਬੋਲਿਆ : "ਸਮੁੱਚੇ ਦੇਸ਼ ਵਿੱਚ ਲੌਕਡਾਊਨ ਦੀਆਂ ਹਾਲਤਾਂ ਲਾਗੂ ਕਰਨ ਤੋਂ ਪਹਿਲਾਂ ਹਿੰਦੁਸਤਾਨ ਦੀ ਹਕੂਮਤ ਨੇ ਹਿੰਦੁਸਤਾਨ ਦੇ ਉਨ੍ਹਾਂ ਲੱਖਾਂ/ ਕਰੋੜਾਂ ਪ੍ਰਵਾਸੀ ਮਜ਼ਦੂਰਾਂ ਬਾਰੇ ਤਾਂ ਸੋਚਿਆ ਹੀ ਨਹੀਂ ਸੀ ਜੋ ਕਿ ਆਪਣੇ ਪ੍ਰਾਂਤਾਂ ਵਿੱਚ ਭੁੱਖ ਅਤੇ ਗਰੀਬੀ ਹੋਣ ਕਾਰਨ ਹਿੰਦੁਸਤਾਨ ਦੇ ਹੋਰਨਾਂ ਪ੍ਰਾਂਤਾਂ ਵਿੱਚ ਰੋਟੀ-ਰੋਜ਼ੀ ਦੀ ਭਾਲ ਵਿੱਚ ਮਿਹਨਤ-ਮਜ਼ਦੂਰੀ ਕਰਨ ਜਾਂਦੇ ਹਨ. ਵਿਸ਼ੇਸ਼ ਕਰਕੇ, ਜਿਹੜੇ ਦਿਹਾੜੀ ਮਜ਼ਦੂਰ ਹਰ ਦਿਨ ਨਿੱਕੇ ਨਿੱਕੇ ਕੰਮ ਕਰਦੇ ਹਨ ਅਤੇ ਸ਼ਾਮ ਨੂੰ ਮਿਹਨਤ-ਮਜ਼ਦੂਰੀ ਦੇ ਮਿਲੇ ਪੈਸਿਆਂ ਨਾਲ ਆਪਣਾ ਅਤੇ ਆਪਣੇ ਪਰਵਾਰ ਦਾ ਢਿੱਡ ਭਰਦੇ ਹਨ."

ਨੀਟਾ ਗੁਪਤਾ ਬੋਲੀ : "ਸਰਕਾਰ ਨੇ ਜਦੋਂ ਹਰ ਕੰਮ-ਧੰਦਾ ਬੰਦ ਕਰ ਦਿੱਤਾ ਤਾਂ ਅਜਿਹੇ ਲੱਖਾਂ/ਕਰੋੜਾਂ ਮਜ਼ਦੂਰਾਂ ਕੋਲ ਨ ਤਾਂ ਖਾਣ/ਪੀਣ ਲਈ ਹੀ ਕੋਈ ਵਸੀਲਾ ਰਹਿ ਗਿਆ ਅਤੇ ਨ ਹੀ ਰਹਿਣ ਲਈ ਕੋਈ ਰੈਣ-ਬਸੇਰਾ ਹੀ. ਪਰ ਸਰਕਾਰ ਨੇ ਨ ਤਾਂ ਸਮੇਂ ਸਿਰ ਉਨ੍ਹਾਂ ਲਈ ਕੋਈ ਅਜਿਹਾ ਢੁੱਕਵਾਂ ਰਹਿਣ-ਸਹਿਣ ਦਾ ਪ੍ਰਬੰਧ ਕੀਤਾ ਅਤੇ ਨ ਹੀ ਖਾਣ-ਪੀਣ ਦਾ. ਜਿਹੜੇ ਲੋਕ ਆਪਣੇ ਘਰਾਂ ਨੂੰ ਵਾਪਿਸ ਮੁੜਣਾ ਚਾਹੁੰਦੇ ਸਨ ਉਨ੍ਹਾਂ ਦੇ ਵਾਪਿਸ ਜਾਣ ਦਾ ਵੀ ਕੋਈ ਉਚਿਤ ਪ੍ਰਬੰਧ ਨ ਕੀਤਾ ਗਿਆ."

ਸੁਰਿੰਦਰ ਕੌਰ ਬੋਲੀ : "ਨੀਟਾ ਗੁਪਤਾ, ਬਿਲਕੁਲ ਸਹੀ ਕਹਿ ਰਹੀ ਹੈਂ. ਅਖੀਰ, ਜਦੋਂ ਲੋਕਾਂ ਕੋਲ ਕੋਈ ਹੋਰ ਚਾਰਾ ਹੀ ਨ ਰਿਹਾ ਤਾਂ ਲੋਕ ਤੰਗ ਆ ਕੇ ਪੈਦਲ ਜਾਂ ਸਾਈਕਲਾਂ ਉੱਤੇ ਹੀ ਆਪਣੇ ਘਰਾਂ ਵੱਲ ਨਿਕਲ ਪਏ. ਜਿਨ੍ਹਾਂ ਵਿੱਚੋਂ ਅਨੇਕਾਂ ਲੋਕ ਰਸਤਿਆਂ ਵਿੱਚ ਹੀ ਬੁਰੀ ਤਰ੍ਹਾਂ ਬੀਮਾਰ ਹੋ ਗਏ. ਪਰ ਸਰਕਾਰ ਨੇ ਉਨ੍ਹਾਂ ਵਿੱਚੋਂ ਰਸਤੇ ਵਿੱਚ ਬੀਮਾਰ ਹੋਏ ਲੋਕਾਂ ਨੂੰ ਕੋਈ ਢੁੱਕਵੀਆਂ ਸਿਹਤ ਸੇਵਾਵਾਂ ਦੇਣ ਦਾ ਪ੍ਰਬੰਧ ਨ ਕੀਤਾ."

ਨੀਟਾ ਗੁਪਤਾ ਬੋਲੀ : "ਉਹ ਬੀਮਾਰ ਲੋਕ, ਭੁੱਖੇ-ਭਾਣੇ, ਆਪਣੇ ਪਿੰਡਾਂ ਤੱਕ

ਕਿਸੀ-ਨ-ਕਿਸੀ ਤਰ੍ਹਾਂ ਪਹੁੰਚ ਤਾਂ ਗਏ; ਪਰ ਉਨ੍ਹਾਂ ਨੇ ਆਪਣੇ ਪਿੰਡਾਂ ਵਿੱਚ ਪਹੁੰਚ ਕੇ ਅਨੇਕਾਂ ਲੋਕਾਂ ਨੂੰ ਕਰੋਨਾਵਾਇਰਸ ਦੀ ਲਾਗ ਵੀ ਲਗਾ ਦਿੱਤੀ. ਇੰਝ ਕਰੋਨਾ ਹਿੰਦੁਸਤਾਨ ਦੇ ਦੂਰ-ਦੁਰਾਡੇ ਪਿੰਡਾਂ ਤੱਕ ਵੀ ਪਹੁੰਚ ਗਿਆ."

ਮੁਹੰਮਦ ਸਲੀਮ ਬੋਲਿਆ : "ਸ਼ਾਇਦ, ਕਰੋਨਾਵਾਇਰਸ ਮਹਾਮਾਰੀ ਨਾਲ ਨਜਿੱਠਣ ਦੀ ਹਿੰਦੁਸਤਾਨ ਦੀ ਅਜਿਹੀ ਅਸਫਲਤਾ ਦਾ ਮੂਲ ਕਾਰਨ ਖ਼ੁਦ ਨੇਤਾ ਜੀ ਹੀ ਸਨ. ਜੋ ਕਿ ਸਮੁੱਚੇ ਦੇਸ਼ ਦੀ ਜਨਤਾ ਨੂੰ ਪ੍ਰਭਾਵਿਤ ਕਰਨ ਵਾਲੇ ਸਭ ਫੈਸਲੇ ਵੀ ਇਕੱਲੇ ਆਪ ਹੀ ਕਰੀ ਜਾਂਦੇ ਸਨ. ਤਾਂ ਕਿ ਦੇਸ਼ ਦੇ ਸਮੁੱਚੇ ਮੀਡੀਆ ਵਿੱਚ ਨੇਤਾ ਜੀ ਦਾ ਹੀ ਨਾਮ ਚਮਕੇ. ਮਹਿਜ਼, ਕੁਝ ਕੁ, ਚਮਚੇ ਕਿਸਮ ਦੇ ਲੋਕਾਂ ਨਾਲ ਉਹ ਘਿਰੇ ਹੋਏ ਸਨ. ਜੋ ਕਿ ਨੇਤਾ ਜੀ ਦੀ ਹਰ ਗੱਲ ਵਿੱਚ ਹਾਂ ਨਾਲ ਹਾਂ ਮਿਲਾਂਦੇ ਸਨ. ਨੇਤਾ ਜੀ ਕਿਸੀ ਵਿਰੋਧੀ ਵਿਚਾਰ ਵਾਲੇ ਦੀ ਕੋਈ ਗੱਲ ਸੁਨਣ ਲਈ ਵੀ ਤਿਆਰ ਹੀ ਨਹੀਂ ਸਨ; ਭਾਵੇਂ ਉਹ ਵਿਅਕਤੀ ਦੇਸ਼ ਦੀ ਜਨਤਾ ਦੇ ਭਲੇ ਦੀ ਕਿੰਨ੍ਹੀ ਵੀ ਮਹੱਤਵਪੂਰਨ ਗੱਲ ਕਿਉਂ ਨ ਕਰ ਰਿਹਾ ਹੋਵੇ."

ਸਪਨਾ ਮੁਕਰਜੀ ਬੋਲੀ : "ਹਿੰਦੁਸਤਾਨ ਵਿੱਚ ਜਦੋਂ ਕਰੋਨਾਵਾਇਰਸ ਮਹਾਮਾਰੀ ਪਹੁੰਚ ਚੁੱਕੀ ਸੀ ਉਦੋਂ ਤੱਕ ਵੀ ਹਿੰਦੁਸਤਾਨ ਮੈਡੀਕਲ ਇਕਿਉਪਮੈਂਟ ਹੋਰਨਾਂ ਦੇਸ਼ਾਂ ਨੂੰ ਐਕਸਪੋਰਟ ਕਰੀ ਜਾ ਰਿਹਾ ਸੀ. WHO ਨੇ ਵੀ ਹਿੰਦੁਸਤਾਨ ਸਰਕਾਰ ਦਾ ਇਸ ਪਾਸੇ ਵੱਲ ਧਿਆਨ ਦੁਆਇਆ ਸੀ ਕਿ ਇਨ੍ਹਾਂ ਚੀਜ਼ਾਂ ਦੀ ਤੁਹਾਨੂੰ ਵੀ ਲੋੜ ਪੈ ਸਕਦੀ ਹੈ ਅਤੇ ਉਹੋ ਕੁਝ ਹੀ ਹੋਇਆ ਜਿਸ ਦੀ ਕਿ ਉਮੀਦ ਕੀਤੀ ਜਾ ਸਕਦੀ ਸੀ. ਜਦੋਂ ਹਿੰਦੁਸਤਾਨ ਦੇ ਕੋਨੇ ਕੋਨੇ ਵਿੱਚ ਕਰੋਨਾਵਾਇਰਸ ਮਹਾਮਾਰੀ ਦਾ ਜ਼ੋਰ ਪੈਣ ਲੱਗਾ ਤਾਂ ਹਿੰਦੁਸਤਾਨ ਸਰਕਾਰ ਨੂੰ ਭਾਜੜਾਂ ਪੈ ਗਈਆਂ. ਹਿੰਦੁਸਤਾਨ ਸਰਕਾਰ ਮੈਡੀਕਲ ਇਕਿਉਪਮੈਂਟ ਅਤੇ ਦਵਾਈਆਂ ਖ਼੍ਰੀਦਣ ਲਈ ਹੋਰਨਾਂ ਦੇਸ਼ਾਂ ਦੇ ਮਿੰਨਤਾਂ-ਤਰਲੇ ਕਰਨ ਲੱਗਾ. ਕਿਉਂਕਿ ਹਿੰਦੁਸਤਾਨ ਸਰਕਾਰ ਵਿੱਚ ਦੂਰ-ਅੰਦੇਸ਼ੀ ਦੀ ਘਾਟ ਸੀ."

ਨੀਟਾ ਗੁਪਤਾ ਬੋਲੀ : "ਲੌਕਡਾਊਨ ਲਗਾਉਣ ਦਾ ਅਸਲ ਮਕਸਦ ਹੁੰਦਾ ਹੈ ਕਿ ਹਕੂਮਤ ਨੂੰ ਸਿਹਤ ਸੇਵਾਵਾਂ ਸਮੇਤ ਹੋਰ ਹਰ ਤਰ੍ਹਾਂ ਦੇ ਪ੍ਰਬੰਧ ਕਰਨ ਦਾ ਸਮਾਂ ਮਿਲ ਜਾਂਦਾ ਹੈ. ਪਰ ਹਿੰਦੁਸਤਾਨ ਸਰਕਾਰ ਨੇ ਨ ਤਾਂ ਲੌਕਡਾਊਨ ਲਗਾਉਣ ਤੋਂ ਪਹਿਲਾਂ ਹੀ ਅਜਿਹੇ ਸਭ ਲੋੜੀਂਦੇ ਪ੍ਰਬੰਧ ਕਰਨ ਬਾਰੇ ਹੀ ਸੋਚਿਆ ਅਤੇ ਨ ਹੀ ਲੌਕਡਾਊਨ ਦੌਰਾਨ ਹੀ ਕੋਈ ਅਜਿਹੇ ਲੋੜੀਂਦੇ ਪ੍ਰਬੰਧ ਸਮੇਂ ਸਿਰ ਕੀਤੇ. ਜਿਸ ਤਰ੍ਹਾਂ ਕਾਹਲੀ ਵਿੱਚ ਲਗਾਏ ਗਏ ਲੌਕਡਾਊਨ ਨੇ ਦੇਸ਼ ਦੀ ਜਨਤਾ ਲਈ ਸਮੱਸਿਆਵਾਂ ਪੈਦਾ ਕੀਤੀਆਂ ਉਸੀ ਤਰ੍ਹਾਂ ਹੀ ਕਾਹਲੀ ਵਿੱਚ ਲੌਕਡਾਊਨ ਖੋਹਲੇ ਜਾਣ ਨਾਲ ਦੇਸ਼ ਦੀ ਜਨਤਾ ਲਈ ਗੰਭੀਰ ਆਰਥਿਕ, ਸਮਾਜਿਕ, ਸਭਿਆਚਾਰਕ ਸਮੱਸਿਆਵਾਂ ਪੈਦਾ ਹੋ ਗਈਆਂ."

ਪ੍ਰੋ. ਸ਼ਿਵ ਸ਼ੰਕਰ ਬੋਲਿਆ : "ਲੌਕਡਾਊਨ ਲਗਾਉਣ ਕਾਰਨ ਦੇਸ਼ ਦਾ ਵਿੱਦਿਅਕ ਢਾਂਚਾ ਵੀ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ. ਦੇਸ਼ ਦੀ ਆਰਥਿਕਤਾ ਵੀ ਡੂੰਘੇ ਖੂਹ ਵਿੱਚ ਡਿੱਗ ਪਈ ਅਤੇ ਕਰੋਨਾ ਮਹਾਮਾਰੀ ਵੀ ਕੰਟਰੋਲ ਤੋਂ ਬਾਹਰ ਹੋ ਗਈ. ਜਿਸ ਕਾਰਨ

ਸਮੁੱਚੇ ਦੇਸ਼ ਵਿੱਚ ਲੋਕ ਸਰਕਾਰ ਦੀਆਂ ਨੀਤੀਆਂ ਅਤੇ ਆਦੇਸ਼ਾਂ ਦਾ ਵਿਰੋਧ ਕਰਨ ਲੱਗੇ. ਲੋਕ ਸ਼ਰੇਆਮ ਕਹਿਣ ਲੱਗੇ ਕਿ ਭੁੱਖ-ਨੰਗ ਨਾਲ ਮਰਨ ਨਾਲੋਂ ਅਸੀਂ ਕਰੋਨਾਵਾਇਰਸ ਮਹਾਮਾਰੀ ਨਾਲ ਮਰਨ ਲਈ ਤਿਆਰ ਹਾਂ. ਜਿਸ ਕਾਰਨ ਅਨੇਕਾਂ ਸ਼ਹਿਰਾਂ ਵਿੱਚ ਵਿਉਪਾਰਕ ਅਦਾਰਿਆਂ ਉਪਰ ਖੁੱਲ੍ਹਣ ਅਤੇ ਬੰਦ ਕਰਨ ਦੀਆਂ ਬੰਦਿਸ਼ਾਂ ਲਾਗੂ ਕਰਨ ਆਏ ਸਰਕਾਰੀ ਮੁਲਾਜ਼ਮਾਂ ਅਤੇ ਪੁਲਿਸ ਉੱਤੇ ਲੋਕਾਂ ਨੇ ਹਮਲੇ ਵੀ ਕੀਤੇ.''

ਮੁਹੰਮਦ ਸਲੀਮ ਬੋਲਿਆ : ''ਕਰੋਨਾਵਾਇਰਸ ਮਹਾਮਾਰੀ ਉੱਤੇ ਕਾਬੂ ਪਾਉਣ ਵਿੱਚ ਹਿੰਦੁਸਤਾਨ ਸਰਕਾਰ ਦੀ ਅਸਫਲਤਾ ਹੁਣ ਕਿਸੀ ਤੋਂ ਲੁਕੀ ਛਿਪੀ ਨਹੀਂ ਰਹਿ ਗਈ. ਇੱਕ ਪਾਸੇ ਤਾਂ ਹਿੰਦੁਸਤਾਨ ਦੀ ਆਰਥਿਕਤਾ ਬੁਰੀ ਤਰ੍ਹਾਂ ਤਬਾਹ ਹੋ ਚੁੱਕੀ ਹੈ; ਦੂਜੇ ਪਾਸੇ, ਹੋਰ ਕੁਝ ਦਿਨਾਂ ਤੱਕ ਹਿੰਦੁਸਤਾਨ ਵਿਸ਼ਵ ਭਰ ਵਿੱਚ ਕਰੋਨਾਵਾਇਰਸ ਨਾਲ ਪੀੜਤ ਸਭ ਤੋਂ ਵੱਧ ਲੋਕਾਂ ਦਾ ਦੇਸ਼ ਬਣ ਜਾਵੇਗਾ. ਹਕੂਮਤ ਭਾਵੇਂ ਅਜੇ ਵੀ ਝੂਠੇ ਦਾਹਵੇ ਕਰੀ ਜਾਵੇ; ਪਰ ਇਹ ਇੱਕ ਹਕੀਕਤ ਹੈ ਕਿ ਹਿੰਦੁਸਤਾਨ ਕਰੋਨਾਵਾਇਰਸ ਮਹਾਮਾਰੀ ਨਾਲ ਨਜਿੱਠਣ ਵਿੱਚ ਬੁਰੀ ਤਰ੍ਹਾਂ ਅਸਫਲ ਹੋਇਆ ਹੈ. ਜਿਸਦੇ ਭਵਿੱਖ ਵਿੱਚ ਵੀ ਮਾੜੇ ਪ੍ਰਭਾਵ ਪੈਣਗੇ.''

ਸਪਨਾ ਮੁਕਰਜੀ ਬੋਲੀ : ''ਹਿੰਦੁਸਤਾਨ ਦੀ ਹਕੂਮਤ ਨੇ ਦੇਸ਼ ਵਿੱਚੋਂ ਕਰੋਨਾਵਾਇਰਸ ਨੂੰ ਭਜਾਉਣ ਲਈ ਸਭ ਦੇਵੀ-ਦੇਵਤਿਆਂ ਅੱਗੇ ਤਾਂ ਬਥੇਰੇ ਹੱਥ ਜੋੜ ਲਏ ਹਨ. ਕਿਸੀ ਨੇ ਵੀ ਉਨ੍ਹਾਂ ਦੀ ਮੱਦਦ ਨਹੀਂ ਕੀਤੀ. ਹੁਣ ਤਾਂ ਇੱਕੋ ਇੱਕ ਰਾਹ ਬਾਕੀ ਰਹਿ ਗਿਆ ਹੈ ਕਿ ਫਰਾਂਸ ਤੋਂ ਖਰੀਦੇ ਲੜਾਕੂ ਰਾਫ਼ੈਲ ਜਹਾਜ਼ਾਂ ਰਾਹੀਂ ਦੇਸ਼ ਵਿੱਚ ਨਿੰਬੂ ਅਤੇ ਹਰੀਆਂ ਮਿਰਚਾਂ ਦੇ ਰਸ ਦਾ ਛਿੜਕਾਅ ਕੀਤਾ ਜਾਵੇ. ਸ਼ਾਇਦ, ਇਸ ਤਰ੍ਹਾਂ ਕਰਨ ਨਾਲ ਚੀਨ ਵੱਲੋਂ ਭੇਜਿਆ ਗਿਆ ਕਰਨੋਵਾਇਰਸ ਹਿੰਦੁਸਤਾਨ ਵਿੱਚੋਂ ਭਜਾਇਆ ਜਾ ਸਕੇ.''

ਕਰੋਨਾ ਮਹਾਮਾਰੀ ਦੇ ਪਾਸਾਰ ਨੂੰ ਰੋਕਣ ਲਈ ਹਿੰਦੁਸਤਾਨ ਦੀ ਹਕੂਮਤ ਦੀ ਖੋਖਲੀ ਰਾਜਨੀਤੀ ਨੇ ਹਿੰਦੁਸਤਾਨ ਦੀ ਆਰਥਿਕਤਾ ਬੁਰੀ ਤਰ੍ਹਾਂ ਤਬਾਹ ਕਰ ਦਿੱਤੀ; ਪਰ ਨੇਤਾ ਜੀ ਦੇਸ਼ ਦੀ ਤਬਾਹ ਹੋ ਰਹੀ ਆਰਥਿਕਤਾ ਵੱਲ ਧਿਆਨ ਦੇਣ ਦੀ ਥਾਂ ਅਜਿਹੀਆਂ ਬੇਥਵੀਆਂ ਮਾਰਨ ਵਿੱਚ ਹੀ ਰੁੱਝੇ ਰਹੇ ਕਿ ਅਸੀਂ ਸੁਦਰਸ਼ਨ ਚੱਕਰ ਚਲਾਉਣਾ ਵੀ ਜਾਣਦੇ ਹਾਂ, ਅਸੀਂ ਚੀਨ ਵੱਲੋਂ ਭੇਜੇ ਕਰੋਨਾਵਾਇਰਸ ਨਾਲ ਵੀ ਯੁੱਧ ਜਿੱਤ ਲਵਾਂਗੇ.

# 14.

ਅੱਜ ਹੀ ਡਾਕ ਵਿੱਚ ਆਏ ਪੰਜਾਬੀ ਦੇ ਤ੍ਰੈਮਾਸਿਕ ਮੈਗਜ਼ੀਨ 'ਪਰਵਾਸ' ਵਿੱਚ ਛਪੀ ਇੱਕ ਨਜ਼ਮ 'ਨੱਬੇ ਹਜ਼ਾਰ ਪ੍ਰਵਾਸੀ' ਨੇ ਪ੍ਰੋ. ਸ਼ਿਵ ਸ਼ੰਕਰ ਦਾ ਧਿਆਨ ਖਿੱਚਿਆ ਸੀ. ਜਦ ਕਦੀ ਵੀ ਕੋਈ ਗੱਲ ਉਸਦਾ ਵਿਸ਼ੇਸ਼ ਧਿਆਨ ਖਿੱਚਦੀ ਤਾਂ ਉਹ ਯੂਨੀਵਰਸਿਟੀ ਵਿੱਚ ਉਸਦੇ ਹੀ ਵਿਭਾਗ ਵਿੱਚ ਪੜ੍ਹਾਂਦੀ ਨੀਟਾ ਗੁਪਤਾ ਨਾਲ ਜ਼ਰੂਰ ਗੱਲ ਕਰਦਾ.

ਉਸਨੇ ਝੱਟ ਨੀਟਾ ਗੁਪਤਾ ਦਾ ਨੰਬਰ ਡਾਇਲ ਕੀਤਾ ਅਤੇ ਨੀਟਾ ਗੁਪਤਾ ਵੱਲੋਂ ਫੋਨ ਚੁੱਕਦਿਆਂ ਹੀ ਬੋਲਿਆ : "ਨੀਟਾ, ਇੱਕ ਕਵਿਤਾ ਦੀਆਂ ਕੁਝ ਸਤਰਾਂ ਸੁਣ."

ਨੀਟਾ ਗੁਪਤਾ ਨੇ ਵੀ ਉਸੇ ਅੰਦਾਜ਼ ਵਿੱਚ ਹੀ ਕਿਹਾ : "ਆਉਣ ਦਿਓ."

ਪ੍ਰੋ. ਸ਼ਿਵ ਸ਼ੰਕਰ ਨੇ ਨਜ਼ਮ ਪੜ੍ਹਣੀ ਸ਼ੁਰੂ ਕੀਤੀ :

"ਪਰ, ਸਮਿਆਂ ਦੀ ਚਾਲ ਦੇਖੋ
ਹੁਣ, ਰੇਡੀਓ, ਟੀਵੀ, ਅਖਬਾਰ, ਦਿਨ ਰਾਤ
ਲੋਕਾਂ ਨੂੰ ਚੇਤੰਨ ਕਰ ਰਹੇ ਹਨ :
ਨੱਬੇ ਹਜ਼ਾਰ ਪ੍ਰਵਾਸੀਆਂ ਦੀ
ਹਕੂਮਤ ਨੂੰ ਤਲਾਸ਼ ਹੈ, ਕਿਸੀ ਨੂੰ
ਆਪਣੇ, ਆਂਢ-ਗੁਆਂਢ 'ਚ ਆਏ
ਕਿਸੀ ਪ੍ਰਵਾਸੀ ਬਾਰੇ ਪਤਾ ਹੋਵੇ, ਤਾਂ
ਹਕੂਮਤ ਨੂੰ ਇਸ ਦੀ ਫੋਰਨ ਖਬਰ ਦੇਵੇ
ਪੁਲਿਸ, ਸਿਹਤ ਵਿਭਾਗ, ਖੁਫ਼ੀਆ ਏਜ਼ਸੀਆਂ
ਘਰ, ਘਰ, ਗਲੀ, ਗਲੀ ਪਿੰਡ, ਪਿੰਡ, ਸ਼ਹਿਰ, ਸ਼ਹਿਰ
ਪ੍ਰਵਾਸੀਆਂ ਦੀ ਇੰਝ ਭਾਲ ਕਰਦੀਆਂ ਹਨ, ਜਿਵੇਂ ਕਿਤੇ
ਪਾਂਅ ਪਏ ਕੁੱਤੇ ਸ਼ਹਿਰ ਵਿੱਚ ਆ ਵੜ੍ਹੇ ਹੋਣ
ਚੋਰੀ, ਚੋਰੀ, ਜਿਨ੍ਹਾਂ ਤੋਂ
ਸ਼ਹਿਰਵਾਸੀਆਂ ਦੀਆਂ ਜਾਨਾਂ ਨੂੰ
ਭਾਰੀ ਖਤਰਾ ਹੋ ਗਿਆ ਹੋਵੇ"

ਨਜ਼ਮ ਸੁਣਦਿਆਂ ਹੀ ਨੀਟਾ ਗੁਪਤਾ ਬੋਲੀ : "ਬਿਲਕੁਲ, ਇੰਝ ਹੀ ਸਥਿਤੀ ਬਣੀ ਹੋਈ ਹੈ. ਜਿਵੇਂ ਹਿਟਲਰ ਦੀਆਂ ਨਾਜ਼ੀ ਫੌਜਾਂ ਜਰਮਨੀ ਵਿੱਚ ਘਰ ਘਰ ਯਹੂਦੀਆਂ ਨੂੰ ਲੱਭਦੀਆਂ ਫਿਰਦੀਆਂ ਸਨ."

ਪ੍ਰੋ. ਸ਼ਿਵ ਸ਼ੰਕਰ ਬੋਲਿਆ : "ਨੀਟਾ ਗੁਪਤਾ, ਪਤਾ ਨਹੀਂ ਇਹ ਦੇਸ਼ ਵਿੱਚ ਕਿਹੋ ਜਿਹੀ ਰਾਜਨੀਤੀ ਅੱਜਕੱਲ੍ਹ ਭਾਰੂ ਹੋ ਰਹੀ ਹੈ. ਕਰੋਨਾ ਮਹਾਮਾਰੀ ਨੇ ਪਤਾ ਨਹੀਂ ਲੋਕਾਂ ਦਾ ਖੂਨ ਹੀ ਚਿੱਟਾ ਕਰ ਦਿੱਤਾ ਹੈ. ਹਿੰਦੁਸਤਾਨ ਵਿੱਚ ਛੁੱਟੀਆਂ ਬਿਤਾਉਣ ਆਏ

ਆਪਣੇ ਹੀ ਬਦੇਸ਼ੀ ਨਾਗਰਿਕ ਰਿਸ਼ਤੇਦਾਰਾਂ ਵੱਲ ਲੋਕ ਹੁਣ ਇੰਝ ਘੂਰ ਘੂਰ ਕੇ ਦੇਖਦੇ ਹਨ, ਜਿਵੇਂ ਕਿਤੇ ਉਨ੍ਹਾਂ ਦੇ ਮੱਥਿਆਂ ਉੱਤੇ ਲਿਖਿਆ ਹੋਵੇ 'ਕਰੋਨਾਵਾਇਰਸ'."

ਨੀਟਾ ਗੁਪਤਾ ਬੋਲੀ : "ਪ੍ਰਵਾਸੀ ਹਿੰਦੁਸਤਾਨੀ ਹਿੰਦੁਸਤਾਨ ਦੀ ਆਰਥਿਕਤਾ ਵਿੱਚ ਕਿੰਨਾ ਵੱਡਾ ਹਿੱਸਾ ਪਾ ਰਹੇ ਹਨ. ਇਸ ਗੱਲ ਤੋਂ ਕੋਈ ਮੁਨਕਰ ਨਹੀਂ ਹੋ ਸਕਦਾ. ਪ੍ਰਵਾਸੀ ਹਿੰਦੁਸਤਾਨੀਆਂ ਨੇ ਆਪਣੇ ਆਪਣੇ ਪਿੰਡਾਂ ਦੀ ਤਰੱਕੀ ਵਿੱਚ ਕਿੰਨਾ ਵੱਡਾ ਆਰਥਿਕ ਯੋਗਦਾਨ ਪਾਇਆ ਹੈ. ਕਿੰਨੇ ਸਕੂਲਾਂ ਦੀ ਉਸਾਰੀ ਕਰਵਾਈ ਹੈ. ਜਦੋਂ ਵੀ ਉਹ ਹਿੰਦੁਸਤਾਨ ਆਉਂਦੇ ਹਨ ਤਾਂ ਹਿੰਦੁਸਤਾਨ ਵਿੱਚ ਕਿੰਨਾਂ ਪੈਸਾ ਖਰਚਦੇ ਹਨ. ਜਿਸ ਨਾਲ ਹਿੰਦੁਸਤਾਨ ਨੂੰ ਕਿੰਨ੍ਹੀ ਬਦੇਸ਼ੀ ਮੁਦਰਾ ਮਿਲਦੀ ਹੈ."

ਪ੍ਰੋ. ਸ਼ਿਵ ਸ਼ੰਕਰ ਬੋਲਿਆ : "ਨੀਟਾ ਗੁਪਤਾ, ਪਹਿਲਾਂ ਕਦੀ ਕਿਸੀ ਪ੍ਰਵਾਸੀ ਹਿੰਦੁਸਤਾਨੀ ਨੇ ਹਿੰਦੁਸਤਾਨ ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਉਣਾ ਤਾਂ ਸਾਰਾ ਗਲੀ-ਮੁਹੱਲਾ ਇਕੱਠਾ ਹੋ ਜਾਂਦਾ ਸੀ. ਹਰ ਕੋਈ ਪ੍ਰਵਾਸੀ ਨੂੰ ਆਪਣੇ ਘਰ ਦੁਪਹਿਰ ਜਾਂ ਰਾਤ ਦੇ ਖਾਣੇ ਦਾ ਸੱਦਾ ਦੇ ਕੇ ਜਾਂਦਾ. ਕਿੰਨਾ ਚਾਅ ਹੁੰਦਾ ਸੀ ਸਭ ਨੂੰ? ਕਰੋਨਾ ਸੰਕਟ ਦੌਰਾਨ ਤਾਂ ਹਰ ਕੋਈ ਪ੍ਰਵਾਸੀ ਹਿੰਦੁਸਤਾਨੀਆਂ ਨੂੰ ਇੰਝ ਲੱਭਦਾ ਫਿਰਦਾ ਹੈ ਜਿਵੇਂ ਕਿਤੇ ਕਿਸੀ ਦੁਸ਼ਮਣ ਦੇਸ਼ ਦੇ ਜਾਸੂਸ ਹਿੰਦੁਸਤਾਨ ਵਿੱਚ ਆ ਵੜ੍ਹੇ ਹੋਣ."

ਨੀਟਾ ਗੁਪਤਾ ਬੋਲੀ : "ਦੇਖੋ, ਇਸ ਗੱਲ ਤੋਂ ਕੋਈ ਮੁੱਕਰ ਨਹੀਂ ਸਕਦਾ ਕਿ ਬਾਹਰਲੇ ਦੇਸ਼ਾਂ ਤੋਂ ਆਏ ਕੁਝ ਗਿਣਤੀ ਦੇ ਪ੍ਰਵਾਸੀ ਹਿੰਦੁਸਤਾਨੀ ਹਿੰਦੁਸਤਾਨ ਵਿੱਚ ਆਪਣੇ ਨਾਲ ਕਰੋਨਾਵਾਇਰਸ ਦੀ ਲਾਗ ਲਿਆਏ ਹਨ. ਕਈਆਂ ਨੂੰ ਤਾਂ ਪਤਾ ਵੀ ਨਹੀਂ ਸੀ ਕਿ ਉਨ੍ਹਾਂ ਨੂੰ ਕਰੋਨਾਵਾਇਰਸ ਦੀ ਲਾਗ ਹੋ ਚੁੱਕੀ ਹੈ. ਪਰ ਹਿੰਦੁਸਤਾਨ ਵਿੱਚ ਜਿਹੜੇ ਲੱਖਾਂ ਦੀ ਗਿਣਤੀ ਵਿੱਚ ਲੋਕ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਹਨ ਉਨ੍ਹਾਂ ਦੇ ਬੀਮਾਰ ਹੋਣ ਲਈ ਤਾਂ ਗਿਣਤੀ ਦੇ ਕੁਝ ਕੁ ਕਰੋਨਾਵਾਇਰਸ ਪੀੜਤ ਪ੍ਰਵਾਸੀ ਹਿੰਦੁਸਤਾਨੀ ਕਦਾਚਿਤ ਜ਼ਿੰਮੇਵਾਰ ਨਹੀਂ ਹੋ ਸਕਦੇ?"

ਪ੍ਰੋ. ਸ਼ਿਵ ਸ਼ੰਕਰ ਬੋਲਿਆ : "ਇਸ ਵਿੱਚ ਕੋਈ ਸ਼ੱਕ ਨਹੀਂ ਕਿ ਹਿੰਦੁਸਤਾਨ ਵਿੱਚ ਕਰੋਨਾਵਾਇਰਸ ਮਹਾਮਾਰੀ ਦੀ ਸ਼ੁਰੂਆਤ ਜਨਵਰੀ 2020 ਵਿੱਚ ਵੂਹਾਨ ਤੋਂ ਮੁੜ ਕੇ ਆਏ ਤਿੰਨ ਵਿਦਿਆਰਥੀਆਂ ਨਾਲ ਹੀ ਹੋਈ ਸੀ. ਫਿਰ 4 ਮਾਰਚ ਨੂੰ ਇਟਲੀ ਤੋਂ ਆਏ ਹੋਏ ਟੂਰਿਸਟਾਂ ਵਿੱਚੋਂ 14 ਵਿਅਕਤੀ ਕਰੋਨਾਵਾਇਰਸ ਨਾਲ ਪੀੜਤ ਸਨ. 12 ਮਾਰਚ ਨੂੰ ਸਾਊਦੀ ਅਰਬ ਘੁੰਮ ਫਿਰ ਕੇ ਆਏ ਇੱਕ ਵਿਅਕਤੀ ਦੀ ਕਰੋਨਾਵਾਇਰਸ ਮਹਾਮਾਰੀ ਨਾਲ ਮੌਤ ਹੋ ਗਈ ਸੀ. ਹਿੰਦੁਸਤਾਨ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਹੋਈ ਇਹ ਪਹਿਲੀ ਮੌਤ ਸੀ."

ਨੀਟਾ ਗੁਪਤਾ ਬੋਲੀ : "ਬਿਲਕੁਲ. ਪੰਜਾਬ ਵਿੱਚ ਇਟਲੀ ਅਤੇ ਜਰਮਨੀ ਘੁੰਮਕੇ ਆਇਆ ਇੱਕ ਸਿੱਖ ਪ੍ਰਚਾਰਕ ਜਦੋਂ 10 ਤੋਂ 12 ਮਾਰਚ ਤੱਕ ਆਨੰਦਪੁਰ ਸਾਹਿਬ ਵਿੱਚ ਹੋਏ ਮੇਲੇ ਵਿੱਚ ਘੁੰਮ ਫਿਰਕੇ ਆਇਆ ਸੀ ਤਾਂ ਉਸਨੇ ਵੀ ਬਹੁਤ ਸਾਰੇ ਲੋਕਾਂ ਨੂੰ ਪੰਜਾਬ ਵਿੱਚ ਕਰੋਨਾਵਾਇਰਸ ਦੀ ਲਾਗ ਲਗਾਈ ਸੀ. 27 ਮਾਰਚ ਤੱਕ ਤਾਂ

ਪੰਜਾਬ ਵਿੱਚ 40,000 ਲੋਕਾਂ ਨੂੰ ਕੋਆਰਨਟੀਨ ਕਰ ਦਿੱਤਾ ਗਿਆ ਸੀ. ਵਿਸ਼ੇਸ਼ ਕਰਕੇ ਇਹ ਕੋਆਰਨਟੀਨ ਕੀਤੇ ਹੋਏ ਲੋਕ ਪ੍ਰਵਾਸੀ ਹੀ ਸਨ ਜੋ ਕਿ ਬਾਹਰਲੇ ਦੇਸ਼ਾਂ ਵਿੱਚ ਰਹਿ ਰਹੇ ਹਿੰਦੁਸਤਾਨੀ ਲੋਕ ਹੀ ਸਨ ਜੋ ਕਿ ਹਿੰਦੁਸਤਾਨ ਘੁੰਮਣ-ਫਿਰਨ ਆਏ ਹੋਏ ਸਨ."

ਪ੍ਰੋ. ਸ਼ਿਵ ਸ਼ੰਕਰ ਬੋਲਿਆ : "ਨੀਟਾ ਗੁਪਤਾ, 31 ਮਾਰਚ ਨੂੰ ਦਿੱਲੀ ਵਿੱਚ ਮੁਸਲਿਮ ਧਰਮ ਨਾਲ ਸਬੰਧਤ ਇੱਕ ਧਾਰਮਿਕ ਸੰਸਥਾ 'ਤਬਲੀਗੀ ਜਮਾਤ' ਦਾ ਸਲਾਨਾ ਸਮਾਰੋਹ ਹੋਇਆ ਸੀ. ਜਿਸ ਵਿੱਚ ਕੁਝ ਬਾਹਰਲੇ ਦੇਸ਼ਾਂ ਤੋਂ ਵੀ ਨੁਮਾਇੰਦੇ ਆਏ ਸਨ. ਮੀਡੀਆ ਵਿੱਚ ਆਈਆਂ ਰਿਪੋਰਟਾਂ ਅਨੁਸਾਰ ਇਨ੍ਹਾਂ ਨੁਮਾਇੰਦਿਆਂ ਵਿੱਚ ਸ਼ਾਮਿਲ ਹੋਏ ਕੁਝ ਕਰੋਨਾਵਾਇਰਸ ਪੀੜਤ ਲੋਕਾਂ ਤੋਂ ਲੱਗੀ ਲਾਗ ਨਾਲ 4,291 ਲੋਕ ਹੋਰ ਕਰੋਨਾਵਾਇਰਸ ਮਹਾਮਾਰੀ ਦਾ ਸ਼ਿਕਾਰ ਹੋ ਗਏ ਸਨ."

ਨੀਟਾ ਗੁਪਤਾ ਬੋਲੀ : "ਠੀਕ ਹੈ, ਮੰਨ ਲੈਂਦੇ ਹਾਂ ਕਿ ਬਾਹਰੋਂ ਆਏ ਪ੍ਰਵਾਸੀਆਂ ਦੀ ਲਾਗ ਨਾਲ 5-7,000 ਲੋਕ ਕਰੋਨਾਵਾਇਰਸ ਪੀੜਤ ਹੋ ਗਏ ਹੋਣਗੇ? ਪਰ ਹਿੰਦੁਸਤਾਨ ਵਿੱਚ ਇਸ ਵੇਲੇ ਕਰੋਨਾਵਾਇਰਸ ਪੀੜਤ ਲੋਕਾਂ ਦੀ ਗਿਣਤੀ ਜੋ 74 ਲੱਖ ਦੇ ਕਰੀਬ ਹੋ ਗਈ ਹੈ ਉਹ ਪ੍ਰਵਾਸੀ ਲੋਕਾਂ ਦੇ ਆਉਣ ਨਾਲ ਤਾਂ ਨਹੀਂ ਹੋ ਗਈ? ਪੰਜਾਬ ਅਤੇ ਹਰਿਆਣਾ ਪ੍ਰਾਂਤਾਂ ਵਿੱਚ ਤਾਂ ਸੁਣਿਆ ਸੀ ਕਿ ਜਿਹੜੇ ਘਰਾਂ ਵਿੱਚ ਪ੍ਰਵਾਸੀ ਰਹਿ ਰਹੇ ਸਨ ਉਨ੍ਹਾਂ ਘਰਾਂ ਦੇ ਬਾਹਰ ਸਿਹਤ ਵਿਭਾਗ ਵਾਲਿਆਂ ਨੇ ਲਿਖ ਕੇ ਲਗਾ ਦਿੱਤਾ ਸੀ ਕਿ ਇਸ ਘਰ ਵਿੱਚ ਬਦੇਸ਼ਾਂ ਤੋਂ ਆਏ ਹੋਏ ਪ੍ਰਵਾਸੀ ਲੋਕ ਰਹਿ ਰਹੇ ਹਨ. ਜਿਸ ਕਿਸੇ ਘਰ ਵਿੱਚ ਕੋਈ ਪ੍ਰਵਾਸੀ ਰਹਿ ਰਿਹਾ ਸੀ ਉਸ ਘਰ ਦੇ ਮਾਲਿਕ ਨੂੰ ਸਰਕਾਰ ਨੂੰ ਉਸ ਪ੍ਰਵਾਸੀ ਬਾਰੇ ਸਭ ਜਾਣਕਾਰੀ ਭੇਜਣੀ ਪੈਂਦੀ ਸੀ ਜਿਵੇਂ ਕੋਈ ਕਰਿਮਨਲ ਉਨ੍ਹਾਂ ਦੇ ਘਰ ਵਿੱਚ ਛੁਪਿਆ ਹੋਇਆ ਹੋਵੇ."

ਪ੍ਰੋ. ਸ਼ਿਵ ਸ਼ੰਕਰ ਬੋਲਿਆ : "ਹਿੰਦੁਸਤਾਨ ਵਿੱਚ ਆਏ ਪ੍ਰਵਾਸੀ ਲੋਕਾਂ ਨਾਲ ਹੋਏ ਇਸ ਤਰ੍ਹਾਂ ਦੇ ਮਾੜੇ ਵਰਤਾਓ ਪਿੱਛੇ ਮੈਨੂੰ ਤਾਂ ਕੋਈ ਗਹਿਰੀ ਰਾਜਨੀਤਕ ਸਾਜ਼ਿਸ਼ ਲੱਗਦੀ ਹੈ. ਪਹਿਲਾਂ ਕਦੀ ਕਿਸੀ ਰਿਸ਼ਤੇਦਾਰ ਜਾਂ ਦੋਸਤ ਨੇ ਕਿਸੀ ਬਾਹਰਲੇ ਦੇਸ਼ ਤੋਂ ਆਉਣਾ ਤਾਂ ਕਿਵੇਂ ਹਰ ਕਿਸੀ ਨੂੰ ਚਾਅ ਚੜ੍ਹ ਜਾਣਾ. ਕਿਤੇ ਕੁੱਕੜ ਭੁੰਨੇ ਜਾਂਦੇ, ਕਿੱਧਰੇ ਤਲੀ ਹੋਈ ਮੱਛੀ ਬਣ ਰਹੀ ਹੁੰਦੀ, ਕਿਧਰੇ ਬੱਕਰੇ ਦਾ ਮੀਟ ਬਣ ਰਿਹਾ ਹੋਣਾ. ਵਰ੍ਹੇ, ਛਿਮਾਹੀ ਮਿਲੇ ਰਿਸ਼ਤੇਦਾਰਾਂ, ਦੋਸਤਾਂ, ਨੇ ਵਿਸਕੀ ਦੀਆਂ ਬੋਤਲਾਂ ਖੋਹਲ ਲੈਣੀਆਂ. ਦੇਰ ਰਾਤ ਤੱਕ ਮਹਿਫ਼ਲਾਂ ਲੱਗੀਆਂ ਰਹਿਣੀਆਂ."

ਨੀਟਾ ਗੁਪਤਾ ਬੋਲੀ : "ਬਿਲਕੁਲ. ਹੁਣ, ਤਾਂ, ਕਰੋਨਾਵਾਇਰਸ ਸੰਕਟ ਦੌਰਾਨ ਲੱਗੇ ਲੌਕਡਾਊਨ ਸਮੇਂ ਪੁਲਿਸ ਵੀ ਪ੍ਰਵਾਸੀਆਂ ਨੂੰ ਇੰਝ ਲੱਭਦੀ ਫਿਰਦੀ ਸੀ ਜਿਵੇਂ ਕਿਤੇ ਉਹ ਪਾਕਿਸਤਾਨ ਦੇ ਜਾਸੂਸ ਹੋਣ. ਜਦੋਂ ਲੌਕਡਾਊਨ ਦੌਰਾਨ ਸਭ ਹੋਟਲ/ਮੋਟਲ ਬੰਦ ਹੋ ਗਏ ਤਾਂ ਅਨੇਕਾਂ ਪ੍ਰਵਾਸੀ ਟੂਰਿਸਟ ਦਰ-ਦਰ ਭਟਕ ਰਹੇ ਸਨ ਕਿ ਉਨ੍ਹਾਂ ਨੂੰ ਸਿਰ ਛੁਪਾਉਣ ਲਈ ਕੋਈ ਥਾਂ ਮਿਲ ਜਾਵੇ. ਲੋਕ ਆਪਣੀ ਹੀ ਮਾਤਰ-ਭੂਮੀ ਵਿੱਚ ਆ ਕੇ ਬੇਗਾਨੇ ਹੋ ਗਏ ਸਨ. ਕੁਝ ਕਮੀਨੇ ਕਿਸਮ ਦੇ ਲੋਕ ਤਾਂ ਅਜਿਹੇ ਮਾਹੌਲ ਦਾ ਲਾਭ ਉਠਾ

ਕੇ ਮੁਸੀਬਤ ਵਿੱਚ ਫਸੇ ਆਪਣੇ ਪ੍ਰਵਾਸੀ ਰਿਸ਼ਤੇਦਾਰਾਂ ਦੀਆਂ ਜਾਇਦਾਦਾਂ ਉੱਤੇ ਵੀ ਜਬਰੀ ਕਬਜ਼ੇ ਕਰ ਰਹੇ ਸਨ."

ਕਰੋਨਾ ਮਹਾਮਾਰੀ ਦਾ ਪਾਸਾਰ ਹੋਣ ਨਾਲ ਸਮੁੱਚੇ ਦੇਸ਼ ਵਿੱਚ ਹੀ ਪਰਵਾਸੀ ਲੋਕਾਂ ਦੀ ਆਮਦ ਨੂੰ ਸ਼ੱਕ ਦੀਆਂ ਨਜ਼ਰਾਂ ਨਾਲ ਦੇਖਿਆ ਜਾਣ ਲੱਗਾ. ਨੇਤਾ ਜੀ ਦੀ ਹਕੂਮਤ ਦੀ ਪੁਲਿਸ, ਖੁਫੀਆ ਏਜੰਸੀਆਂ, ਵੱਲੋਂ ਹਿੰਦੁਸਤਾਨ ਘੁੰਮਣ ਫਿਰਨ/ਆਪਣੇ ਰਿਸ਼ਤੇਦਾਰਾਂ ਨੂੰ ਮਿਲਣ ਆਏ ਹੋਏ ਹਜ਼ਾਰਾਂ ਪ੍ਰਵਾਸੀ ਹਿੰਦੁਸਤਾਨੀਆਂ ਨੂੰ ਇਸ ਤਰ੍ਹਾਂ ਸ਼ੱਕੀ ਅਤੇ ਘੋਖਵੀਆਂ ਨਜ਼ਰਾਂ ਨਾਲ ਦੇਖਿਆ ਜਾਣ ਲੱਗਾ ਜਿਵੇਂ ਕਿਤੇ ਸਾਰੇ ਹਿੰਦੁਸਤਾਨ ਵਿੱਚ ਫੈਲ ਰਹੀ ਕਰੋਨਾ ਮਹਾਮਾਰੀ ਲਈ ਉਹੀ ਲੋਕ ਹੀ ਜ਼ਿੰਮੇਵਾਰ ਹੋਣ.

# 15.

ਕਰੋਨਾ ਮਹਾਮਾਰੀ ਨੇ ਵਿਸ਼ਵ-ਵਿਆਪੀ ਪੱਧਰ ਉੱਤੇ ਪੁਲਿਟੀਕਲ ਸਿਸਟਮਾਂ ਨੂੰ ਨ ਸਿਰਫ ਪ੍ਰਭਾਵਿਤ ਹੀ ਕੀਤਾ; ਬਲਕਿ, ਕਈ ਹਾਲਤਾਂ ਵਿੱਚ, ਕਈ ਦੇਸ਼ਾਂ ਵਿੱਚ, ਪ੍ਰਚਲਿਤ ਸਿਸਟਮਾਂ ਦੀ ਕਾਰਗੁਜ਼ਾਰੀ ਉੱਤੇ ਸੁਆਲੀਆ ਚਿੰਨ੍ਹ ਵੀ ਲਗਾਏ ਹਨ.

ਅਨੇਕਾਂ ਦੇਸ਼ਾਂ ਵਿੱਚ ਲੋਕ ਇਸ ਗੱਲ ਨੂੰ ਲੈ ਕੇ ਬਹੁਤ ਹੀ ਗੰਭੀਰਤਾ ਨਾਲ ਸੋਚਣ ਲੱਗ ਪਏ ਕਿ ਉਨ੍ਹਾਂ ਦੇ ਦੇਸ਼ ਵਿੱਚ ਕਿਸ ਤਰ੍ਹਾਂ ਦਾ ਪੁਲਿਟੀਕਲ ਸਿਸਟਮ ਹੋਣਾ ਚਾਹੀਦਾ ਹੈ.

ਕਰੋਨਾ ਦੌਰ ਤੋਂ ਬਾਹਦ ਜੇਕਰ ਅਨੇਕਾਂ ਦੇਸ਼ਾਂ ਦੀਆਂ ਸਰਕਾਰਾਂ ਦੇ ਤਖਤੇ ਉਲਟ ਜਾਣ ਤਾਂ, ਸ਼ਾਇਦ, ਬਹੁਤੇ ਲੋਕਾਂ ਨੂੰ ਕੋਈ ਹੈਰਾਨੀ ਵੀ ਨਹੀਂ ਹੋਵੇਗੀ.

ਕਰੋਨਾ ਮਹਾਮਾਰੀ ਅਤੇ ਵਿਸ਼ਵ ਰਾਜਨੀਤੀ ਵਿਸ਼ੇ ਨੂੰ ਲੈ ਕੇ, ਅੱਜਕੱਲ੍ਹ, ਮੀਡੀਆ ਵਿੱਚ ਤਿੱਖੀ ਬਹਿਸ ਛਿੜੀ ਹੋਣ ਕਰਕੇ ਅਤੇ ਇਸ ਵਿਸ਼ੇ ਬਾਰੇ ਚਰਚਾ ਛੇੜਣ ਵਾਲੀਆਂ ਕੁਝ ਦਿਲਸਚਪ ਕਿਤਾਬਾਂ ਵੀ ਛਪ ਕੇ ਮਾਰਕਿਟ ਵਿੱਚ ਆ ਜਾਣ ਕਰਕੇ ਯੂਨੀਵਰਸਿਟੀ ਕੌਫੀ ਹਾਊਸ ਵਿੱਚ ਬੈਠੇ ਪ੍ਰੋ. ਸ਼ਿਵ ਸ਼ੰਕਰ, ਨੀਟਾ ਗੁਪਤਾ ਅਤੇ ਸਪਨਾ ਮੁਕਰਜੀ ਦਰਮਿਆਨ ਵੀ ਤਿੱਖੀ ਬਹਿਸ ਛਿੜ ਗਈ.

ਸਪਨਾ ਮੁਕਰਜੀ ਬੋਲੀ : "ਕਰੋਨਾ ਮਹਾਮਾਰੀ ਨੇ ਵਿਸ਼ਵ ਰਾਜਨੀਤੀ ਵਿੱਚ ਇੱਕ ਵਾਰ ਫਿਰ ਮਾਹੌਲ ਬਹੁਤ ਗਰਮ ਕਰ ਦਿੱਤਾ. ਲੋਕ ਫਿਰ ਤੀਜੇ ਵਿਸ਼ਵ-ਯੁੱਧ ਦੀਆਂ ਗੱਲਾਂ ਕਰਨ ਲੱਗ ਪਏ ਹਨ. ਅਮਰੀਕਾ ਅਤੇ ਉਸਦੇ ਕੁਝ ਪੂੰਜੀਪਤੀ ਸਾਥੀ ਦੇਸ਼ ਜੰਗੀ ਬੜ੍ਹਕਾਂ ਮਾਰਨ ਲੱਗ ਪਏ ਹਨ. ਇਸ ਵਾਰ ਪੂੰਜੀਪਤੀ ਦੇਸ਼ਾਂ ਦੀ ਇਸ ਜੁੰਡਲੀ ਵਿੱਚ ਹਿੰਦੁਸਤਾਨ ਵੀ ਸ਼ਾਮਿਲ ਹੋ ਗਿਆ."

ਨੀਟਾ ਗੁਪਤਾ ਬੋਲੀ : "ਕਰੋਨਾ ਮਹਾਮਾਰੀ ਨੇ ਵਿਸ਼ਵ-ਵਿਆਪੀ ਪੱਧਰ ਉੱਤੇ ਕਿਸੇ ਦੇਸ਼ ਦੀ ਸਰਦਾਰੀ ਦੇ ਅਰਥ ਹੀ ਬਦਲ ਦਿੱਤੇ ਹਨ. ਹੁਣ, ਇੱਕ ਵਾਰ ਫਿਰ ਵੱਡੀਆਂ ਫੌਜੀ ਤਾਕਤਾਂ ਦਰਮਿਆਨ ਹਥਿਆਰਾਂ ਦੀ ਦੌੜ ਸ਼ੁਰੂ ਹੋ ਗਈ ਹੈ. ਪਰ ਹੁਣ ਨਵੀਂ ਤਰ੍ਹਾਂ ਦੇ ਹਥਿਆਰ ਹੋਣਗੇ. ਹੁਣ ਰਾਫੈਲ ਜਹਾਜ਼ਾਂ, ਬਲਿਸਟਿਕ ਮਿਜ਼ਾਈਲਾਂ, ਪ੍ਰਮਾਣੂ ਬੰਬਾਂ, ਸਟਾਰ ਵਾਰ ਡਿਫੈਂਸ ਸਿਸਟਮਾਂ, ਦਾ ਯੁੱਗ ਨਹੀਂ ਰਿਹਾ."

ਪ੍ਰੋ. ਸ਼ਿਵ ਸ਼ੰਕਰ ਬੋਲਿਆ : "ਭਾਵੇਂ ਕਿ ਪਿਛਲੇ ਕੁਝ ਦਹਾਕਿਆਂ ਤੋਂ ਸਾਇੰਸ ਫਿਕਸ਼ਨ ਵਿਸ਼ੇ ਉੱਤੇ ਫਿਲਮਾਂ ਵੀ ਬਣ ਰਹੀਆਂ, ਨਾਵਲ ਵੀ ਲਿਖੇ ਜਾ ਰਹੇ ਕਿ ਅਨੇਕਾਂ ਦੇਸ਼ ਭਵਿੱਖ ਵਿੱਚ ਕੀਟਾਣੂਆਂ ਨੂੰ ਹਥਿਆਰਾਂ ਵਾਂਗੂੰ ਵਰਤਣਗੇ; ਪਰ ਕਰੋਨਾ ਮਹਾਮਾਰੀ ਆਉਣ ਤੋਂ ਬਾਅਦ ਹੁਣ ਕੀਟਾਣੂਆਂ ਨੂੰ ਹਥਿਆਰਾਂ ਦੇ ਰੂਪ ਵਿੱਚ ਪੈਦਾ ਕਰਨ ਅਤੇ ਵਰਤਣ ਦੀ ਦੌੜ ਹੋਰ ਵੀ ਵੱਧ ਜਾਵੇਗੀ."

ਸਪਨਾ ਮੁਕਰਜੀ ਬੋਲੀ : "ਵਿਸ਼ਵ ਵਿੱਚ ਹੁਣ ਇਸ ਗੱਲ ਦੀ ਵੀ ਦੌੜ ਲੱਗੇਗੀ

ਕਿ ਕਿਹੜਾ ਦੇਸ਼ ਆਰਟੀਫੀਸ਼ਲ ਇੰਟੈਲੀਜੈਂਸ ਵਧੇਰੇ ਤੇਜ਼ੀ ਨਾਲ ਵਿਕਸਤ ਕਰਦਾ ਅਤੇ ਕਿਹੜੇ ਦੇਸ਼ ਦੇ ਕੰਮਪੀਊਟਰ ਵਧੇਰੇ ਤੇਜ਼ ਗਤੀ ਨਾਲ ਫੈਸਲੇ ਕਰ ਸਕਦੇ ਹਨ."

ਨੀਟਾ ਗੁਪਤਾ ਬੋਲੀ : "ਕਰੋਨਾ ਮਹਾਮਾਰੀ ਦੇ ਸੰਕਟ ਨਾਲ ਜੂਝਦਿਆਂ ਲੋਕ ਪੂੰਜੀਪਤੀ ਸਰਕਾਰਾਂ ਅਤੇ ਸਮਾਜਵਾਦੀ ਸਿਸਟਮਾਂ ਵਾਲੀਆਂ ਸਰਕਾਰਾਂ ਦੇ ਕੰਮਾਂ ਦਾ ਗੰਭੀਰਤਾ ਨਾਲ ਮੁਕਾਬਲਾ ਕਰਨ ਲੱਗ ਪਏ ਹਨ. ਲੋਕ ਇਸ ਗੱਲ ਨੂੰ ਹੁਣ ਗੰਭੀਰਤਾ ਨਾਲ ਸਮਝਣ ਦੀਆਂ ਕੋਸ਼ਿਸ਼ਾਂ ਕਰ ਰਹੇ ਹਨ ਕਿ ਕਿਸ ਤਰ੍ਹਾ ਦੇ ਸਿਸਟਮ ਵਾਲੀਆਂ ਸਰਕਾਰਾਂ ਨੇ ਕਰੋਨਾ ਕਾਲ ਵਿੱਚ ਲੋਕ-ਪੱਖੀ ਕੰਮ ਕੀਤੇ ਅਤੇ ਕਿਸ ਤਰ੍ਹਾਂ ਦੀਆਂ ਸਰਕਾਰਾਂ ਨੇ ਲੋਕ-ਵਿਰੋਧੀ."

ਪ੍ਰੋ. ਸ਼ਿਵ ਸ਼ੰਕਰ ਬੋਲਿਆ : "ਵਿਸ਼ਵ ਪੱਧਰ ਉੱਤੇ ਇਸ ਵੇਲੇ ਇਸ ਵਿਸ਼ੇ ਉੱਤੇ ਵੀ ਬਹਿਸ ਛਿੜੀ ਹੋਈ ਹੈ ਕਿ ਕਰੋਨਾ ਮਹਾਮਾਰੀ ਸੰਕਟ ਦੌਰਾਨ ਕਿਹੜੀਆਂ ਸਰਕਾਰਾਂ ਆਪਣੀਆਂ ਪ੍ਰਬੰਧਕੀ ਕਮਜ਼ੋਰੀਆਂ ਜਾਂ ਅਣਗਹਿਲੀਆਂ ਕਾਰਨ ਲੋਕ-ਪੱਖੀ ਕੰਮ ਕਰਨ ਵਿੱਚ ਅਸਫਲ ਰਹੀਆਂ ਹਨ."

ਨੀਟਾ ਗੁਪਤਾ ਬੋਲੀ : "ਜਿਹੜੇ ਡੈਮੋਕਰੈਟਿਕ ਦੇਸ਼ ਕਰੋਨਾ ਮਹਾਮਾਰੀ ਨਾਲ ਨਜਿੱਠਣ ਵਿੱਚ ਕਾਮਿਯਾਬ ਸਮਝੇ ਜਾਂਦੇ ਹਨ, ਉਨ੍ਹਾਂ ਵਿੱਚ ਕੈਨੇਡਾ, ਨਿਊਜ਼ੀਲੈਂਡ ਅਤੇ ਨਾਰਵੇ ਦਾ ਨਾਮ ਵਿਸ਼ੇਸ਼ ਤੌਰ ਉੱਤੇ ਲਿਆ ਜਾਂਦਾ; ਪਰ ਜਿਹੜੇ ਡੈਮੋਕਰੈਟਿਕ ਦੇਸ਼ ਕਰੋਨਾ ਮਹਾਮਾਰੀ ਸੰਕਟ ਨਾਲ ਨਜਿੱਠਣ ਵਿੱਚ ਅਸਫਲ ਰਹੇ ਉਨ੍ਹਾਂ ਦੇਸ਼ਾਂ ਵਿੱਚ ਯੂ.ਕੇ., ਸਪੇਨ, ਇਟਲੀ, ਅਮਰੀਕਾ ਅਤੇ ਇੰਡੀਆ ਦਾ ਨਾਮ ਵਿਸ਼ੇਸ਼ ਤੌਰ ਉੱਤੇ ਲਿਆ ਜਾ ਸਕਦਾ."

ਸਪਨਾ ਮੁਕਰਜੀ ਬੋਲੀ : "ਵਿਸ਼ਵ-ਪੱਧਰ ਉੱਤੇ ਕਰੋਨਾ ਮਹਾਮਾਰੀ ਸੰਕਟ ਨਾਲ ਨਜਿੱਠਣ ਵਿੱਚ ਸਭ ਤੋਂ ਵੱਧ ਕਾਮਿਯਾਬ ਦੇਸ਼ ਚੀਨ ਨੂੰ ਮੰਨਿਆਂ ਜਾ ਰਿਹਾ. ਉਂਝ ਸਾਊਥ ਕੋਰੀਆ, ਤੈਵਾਨ ਅਤੇ ਪਾਕਿਸਤਾਨ ਨੇ ਵੀ ਕਾਮਿਯਾਬੀ ਨਾਲ ਕਰੋਨਾ ਮਹਾਮਾਰੀ ਦਾ ਮੁਕਾਬਲਾ ਕੀਤਾ. ਡਿਕਟੇਟਰਸ਼ਿਪ ਵਾਲੇ ਦੇਸ਼ਾਂ ਵਿੱਚ ਸਿੰਗਾਪੁਰ ਅਤੇ ਵੀਤਨਾਮ ਵੀ ਕਾਮਿਯਾਬ ਰਹੇ; ਜਦੋਂ ਕਿ ਇਰਾਨ ਨੂੰ ਬਹੁਤੀ ਕਾਮਿਯਾਬੀ ਨਹੀਂ ਮਿਲੀ."

ਪ੍ਰੋ. ਸ਼ਿਵ ਸ਼ੰਕਰ ਬੋਲਿਆ : "ਕਰੋਨਾ ਮਹਾਮਾਰੀ ਸੰਕਟ ਦਾ ਸਾਹਮਣਾ ਸਭ ਤੋਂ ਪਹਿਲਾਂ ਚੀਨ ਨੂੰ ਕਰਨਾ ਪਿਆ. ਭਾਵੇਂ ਕਿ ਮੁੱਢ ਵਿੱਚ ਚੀਨ ਸਰਕਾਰ ਨੂੰ ਇਹ ਗੱਲ ਸਮਝਣ ਵਿੱਚ ਕੁਝ ਦੇਰ ਲੱਗੀ ਕਿ ਇਹ ਕਿਸ ਤਰ੍ਹਾਂ ਦੀ ਮਹਾਮਾਰੀ ਹੈ ਅਤੇ ਇਹ ਮਹਾਮਾਰੀ ਕਿੰਨੀ ਕੁ ਖਤਰਨਾਕ ਹੈ; ਪਰ ਇੱਕ ਵਾਰੀ ਉਨ੍ਹਾਂ ਨੂੰ ਇਸ ਮਹਾਮਾਰੀ ਦੇ ਸੁਭਾਅ ਬਾਰੇ ਪਤਾ ਲੱਗ ਗਿਆ ਤਾਂ ਉਨ੍ਹਾਂ ਨੇ ਇਸ ਮਹਾਮਾਰੀ ਉੱਤੇ ਕਾਬੂ ਪਾਉਣ ਲਈ ਪੂਰੀ ਤਾਕਤ ਝੋਂਕ ਦਿੱਤੀ. ਉਨ੍ਹਾਂ ਨੇ ਇਸ ਮਹਾਮਾਰੀ ਦਾ ਮੁਕਾਬਲਾ ਜੰਗੀ-ਪੱਧਰ ਉੱਤੇ ਕੀਤਾ. ਉਨ੍ਹਾਂ ਨੇ 11 ਮਿਲੀਅਨ ਦੀ ਆਬਾਦੀ ਵਾਲੇ ਸ਼ਹਿਰ ਵੂਹਾਨ ਅਤੇ 15 ਹੋਰ ਸ਼ਹਿਰਾਂ ਵਿੱਚ ਪੂਰੀ ਤਰ੍ਹਾਂ ਲੌਕਡਾਊਨ ਲਾਗੂ ਕਰ ਦਿੱਤਾ."

ਸਪਨਾ ਮੁਕਰਜੀ ਬੋਲੀ : "ਕਰੋਨਾ ਮਹਾਮਾਰੀ ਸੰਕਟ ਦੌਰਾਨ ਚੀਨ ਸਰਕਾਰ

ਉੱਤੇ ਦੋਸ਼ ਲਗਾਏ ਗਏ ਕਿ ਚੀਨ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਹੋਈ ਹੈ. ਨਿੱਜੀ ਆਜ਼ਾਦੀ ਉੱਤੇ ਬੰਦਿਸ਼ਾਂ ਲਗਾਈਆਂ ਗਈਆਂ, ਲਿਖਣ, ਬੋਲਣ ਦੀ ਆਜ਼ਾਦੀ ਉੱਤੇ ਪਾਬੰਧੀਆਂ ਹਨ. ਪਰ ਚੀਨ ਦੀ ਕਾਮਿਯਾਬੀ ਨੂੰ ਦੇਖਦਿਆਂ ਹੋਇਆਂ ਲੋਕ ਇਹ ਗੱਲ ਵੀ ਗੰਭੀਰਤਾ ਨਾਲ ਵਿਚਾਰਨ ਲੱਗ ਪਏ ਹਨ ਕਿ ਜੇਕਰ ਕਿਸੀ ਦੇਸ਼ ਦੀ ਸਰਕਾਰ ਲੋਕ-ਪੱਖੀ ਕੰਮ ਕਰੇ ਤਾਂ ਲੋਕ ਕਿਸ ਹੱਦ ਤੱਕ ਆਪਣੇ ਨਿੱਜੀ ਅਧਿਕਾਰਾਂ ਅਤੇ ਨਿੱਜੀ ਆਜ਼ਾਦੀ ਦੀ ਕੁਰਬਾਨੀ ਦੇਣ ਲਈ ਵੀ ਤਿਆਰ ਹੋ ਜਾਂਦੇ ਹਨ.''

ਪ੍ਰੋ. ਸ਼ਿਵ ਸ਼ੰਕਰ ਬੋਲਿਆ : ''ਵਿਸ਼ਵ ਰਾਜਨੀਤੀ ਦੀ ਜਦੋਂ ਗੱਲ ਹੁੰਦੀ ਤਾਂ ਮੁੱਖ ਤੌਰ ਉੱਤੇ ਚੀਨ ਅਤੇ ਅਮਰੀਕਾ ਦੀ ਹੀ ਗੱਲ ਹੁੰਦੀ ਹੈ. ਕਰੋਨਾ ਸੰਕਟ ਕਾਲ ਦੌਰਾਨ ਅਮਰੀਕਾ ਨੂੰ ਅਸਫਲਤਾ ਮਿਲੀ ਅਤੇ ਚੀਨ ਨੂੰ ਸਫਲਤਾ ਮਿਲੀ. ਇਨ੍ਹਾਂ ਦੋਨਾਂ ਦੇਸ਼ਾਂ ਵਿੱਚ ਵਿਰੋਧੀ ਵਿਚਾਰਧਾਰਾਵਾਂ ਵਾਲੇ ਪੁਲਿਟੀਕਲ ਸਿਸਟਮ ਲਾਗੂ ਹਨ. ਚੀਨ ਵਿੱਚ ਹਕੂਮਤ ਕਰ ਰਹੀ ਕਮਿਊਨਿਸਟ ਪਾਰਟੀ ਦੀ ਸੈਂਟਰਲ ਕਮਾਂਡ ਵੱਲੋਂ ਕਰੋਨਾ ਮਹਾਮਾਰੀ ਸੰਕਟ ਨਾਲ ਨਜਿੱਠਣ ਲਈ ਇੱਕ ਵਾਰੀ ਜਦ ਸਭ ਪ੍ਰਬੰਧਕੀ, ਉਤਪਾਦਨ ਸਬੰਧੀ ਅਤੇ ਵਿਤਰਨ ਸਬੰਧੀ ਫੈਸਲੇ ਕਰ ਲੈਣ ਤੋਂ ਬਾਹਦ ਦੇਸ਼ ਵਿੱਚ ਸਾਰੇ ਪ੍ਰਾਂਤਕ, ਸ਼ਹਿਰੀ, ਪੇਂਡੂ ਪ੍ਰਬੰਧਕੀ ਢਾਂਚਿਆਂ ਨੂੰ ਇਹ ਫੈਸਲੇ ਭੇਜ ਦਿੱਤੇ ਗਏ ਅਤੇ ਇਨ੍ਹਾਂ ਫੈਸਲਿਆਂ ਨੂੰ ਫੌਰੀ ਤੌਰ ਉੱਤੇ ਲਾਗੂ ਕਰਨ ਦੇ ਸਖਤ ਹੁਕਮ ਵੀ ਦੇ ਦਿੱਤੇ ਗਏ. ਜਿਸ ਕਾਰਨ ਹਰ ਕੰਮ ਬਹੁਤ ਤੇਜ਼ੀ ਨਾਲ ਹੋਣ ਲੱਗਾ. ਪਰ ਅਮਰੀਕਾ ਵਿੱਚ ਬਿਲਕੁਲ ਇਸਦੇ ਉਲਟ ਵਾਪਰਿਆ. ਅਮਰੀਕਾ ਦੀ ਸਰਕਾਰ ਨੇ ਵੱਖੋ ਵੱਖ ਪ੍ਰਾਂਤਾਂ ਨੂੰ ਆਜ਼ਾਦੀ ਦੇ ਦਿੱਤੀ ਕਿ ਕਰੋਨਾ ਮਹਾਮਾਰੀ ਸੰਕਟ ਨਾਲ ਨਜਿੱਠਣ ਲਈ ਉਹ ਆਪਣੀ ਆਪਣੀ ਲੋੜ ਅਤੇ ਸਮਝ ਅਨੁਸਾਰ ਫੈਸਲੇ ਲੈ ਸਕਦੇ ਹਨ.''

ਸਪਨਾ ਮੁਕਰਜੀ ਬੋਲੀ : ''ਅਮਰੀਕਾ ਸਰਕਾਰ ਦਾ ਇਹ ਫੈਸਲਾ ਸਹੀ ਨਹੀਂ ਸੀ. ਇਸੇ ਕਰਕੇ ਅਨੇਕਾਂ ਹਾਲਤਾਂ ਵਿੱਚ ਅਮਰੀਕਾ ਦੀ ਕੇਂਦਰ ਸਰਕਾਰ ਵੱਲੋਂ ਲਏ ਗਏ ਫੈਸਲਿਆਂ ਅਤੇ ਪ੍ਰਾਂਤਕ ਸਰਕਾਰਾਂ ਵੱਲੋਂ ਲਏ ਗਏ ਫੈਸਲਿਆਂ ਦੀ ਸੁਰ ਮਿਲਣ ਦੀ ਥਾਂ ਬਲਕਿ ਵਿਰੋਧੀ ਸੁਰ ਹੁੰਦੀ ਰਹੀ. ਜਿਸ ਕਾਰਨ ਸਿਹਤ ਵਿਭਾਗ ਦੇ ਅਧਿਕਾਰੀ ਵੀ ਭੰਬਲਭੂਸੇ ਵਿੱਚ ਪੈ ਜਾਂਦੇ ਰਹੇ ਕਿ ਉਹ ਕੇਂਦਰ ਸਰਕਾਰ ਦੇ ਹੁਕਮਾਂ ਨੂੰ ਮੰਨਣ ਜਾਂ ਕਿ ਪ੍ਰਾਂਤਕ ਸਰਕਾਰ ਦੇ ਹੁਕਮਾਂ ਨੂੰ ਮੰਨਣ. ਇਸ ਭੰਬਲਭੂਸੇ ਕਾਰਨ ਦੇਸ਼ ਵਿੱਚ ਕਰੋਨਾ ਮਹਾਮਾਰੀ ਸੰਕਟ ਨਿਤ ਦਿਨ ਹੋਰ ਡੂੰਘਾ ਹੁੰਦਾ ਗਿਆ.''

ਨੀਟਾ ਗੁਪਤਾ ਬੋਲੀ : ''ਅਮਰੀਕਾ ਦੀ ਘਰੇਲੂ ਰਾਜਨੀਤੀ ਵਿੱਚ ਪਏ ਅਜਿਹੇ ਭੰਬਲਭੂਸੇ ਕਾਰਨ ਅਮਰੀਕਾ ਵਿੱਚ ਕਰੋਨਾ ਮਹਾਮਾਰੀ ਵੱਲੋਂ ਮਚਾਈ ਗਈ ਤਬਾਹੀ ਨੇ ਵਿਸ਼ਵ ਭਰ ਵਿੱਚ ਅਮਰੀਕਾ ਦੀ ਪ੍ਰਸਿੱਧੀ ਨੂੰ ਖੌਰਾ ਲਗਾਇਆ ਹੈ. ਸੁਪਰਪਾਵਰ ਵਜੋਂ ਅਮਰੀਕਾ ਦੀ ਵਿਸ਼ਵ ਭਰ ਵਿੱਚ ਜੋ ਤਸਵੀਰ ਬਣੀ ਹੋਈ ਸੀ, ਉਹ ਤਸਵੀਰ ਹੁਣ ਧੁੰਧਲੀ ਪੈ ਗਈ ਹੈ. ਕਰੋਨਾ ਸੰਕਟ ਨਾਲ ਦਰਿੜਤਾ ਨਾਲ ਲੜਨ ਅਤੇ ਕਾਮਿਯਾਬੀ ਪ੍ਰਾਪਤ ਕਰਨ ਕਰਕੇ ਵਿਸ਼ਵ ਭਰ ਵਿੱਚ ਚੀਨ ਪਹਿਲਾਂ ਨਾਲੋਂ ਵੀ ਵੱਡੀ ਸ਼ਕਤੀ ਬਣ ਕੇ

ਉੱਭਰਿਆ ਹੈ. ਜਦੋਂ ਕਿ ਇਸ ਸੰਕਟ ਦੌਰਾਨ ਹਰ ਵੱਡੇ ਛੋਟੇ ਦੇਸ਼ ਦੀ ਆਰਥਿਕਤਾ ਨੂੰ ਵੱਡਾ ਖੋਰਾ ਲੱਗਾ ਹੈ. ਸ਼ਾਇਦ, ਚੀਨ ਵਿਸ਼ਵ ਭਰ ਵਿੱਚ ਇੱਕੋ ਇੱਕ ਅਜਿਹਾ ਦੇਸ਼ ਹੈ ਜਿਸਦੀ ਆਰਥਿਕਤਾ ਕਰੋਨਾ ਮਹਾਮਾਰੀ ਦੇ ਸਮੇਂ ਵਿੱਚ ਵੀ ਤਰੱਕੀ ਵਾਲੇ ਪਾਸੇ ਹੀ ਜਾ ਰਹੀ ਹੈ.''

ਕਰੋਨਾ ਮਹਾਮਾਰੀ ਨੇ ਵਿਸ਼ਵ-ਵਿਆਪੀ ਪੱਧਰ ਉੱਤੇ ਅਨੇਕਾਂ ਦੇਸ਼ਾਂ ਦੇ ਪੁਲਿਟੀਕਲ ਸਿਸਟਮਾਂ ਉੱਤੇ ਸੁਆਲੀਆ ਚਿੰਨ੍ਹ ਲਗਾ ਦਿੱਤਾ. ਵਿਸ਼ਵ ਦੀ ਸੁਪਰਪਾਵਰ ਅਮਰੀਕਾ ਦੀ ਹਾਲਤ ਬਹੁਤ ਡਾਵਾਂਡੋਲ ਹੋ ਗਈ. ਜਦੋਂ ਕਿ ਚੀਨ ਇਸ ਸੰਕਟ ਵਿੱਚੋਂ ਵੀ ਬਹੁਤ ਸ਼ਕਤੀਸ਼ਾਲੀ ਹੋ ਕੇ ਉੱਭਰਿਆ; ਪਰ ਨੇਤਾ ਜੀ, ਵਿਸ਼ਵ-ਪੱਧਰ ਉੱਤੇ, ਸ਼ਕਤੀਸ਼ਾਲੀ ਹੋ ਕੇ ਉੱਭਰੇ ਚੀਨ ਤੋਂ ਕੁਝ ਸਿੱਖਣ ਦੀ ਥਾਂ, ਅਮਰੀਕਾ ਦੇ ਗੁਣ ਗਾਉਣ ਵਿੱਚ ਹੀ ਮਸਤ ਰਹੇ; ਜੋ ਕਿ ਆਪ ਕਰੋਨਾ ਮਹਾਮਾਰੀ ਸੰਕਟ ਵਿੱਚ ਬੁਰੀ ਤਰ੍ਹਾਂ ਉਲਝਿਆ ਹੋਇਆ ਸੀ.

# 16.

1947 ਵਿੱਚ ਹਿੰਦੁਸਤਾਨ ਦੀ ਵੰਡ ਹੋਣ ਵੇਲੇ ਕਰੋੜਾਂ ਲੋਕ ਕਾਫ਼ਲਿਆਂ ਦੇ ਰੂਪ ਵਿੱਚ ਸਰਹੱਦ ਦੇ ਆਰ-ਪਾਰ ਗਏ ਸਨ.

ਉਦੋਂ ਆਪਣੇ ਘਰਾਂ ਤੋਂ ਉੱਜੜ ਕੇ ਕਾਫ਼ਲਿਆਂ ਦੇ ਰੂਪ ਵਿੱਚ ਆ ਰਹੇ ਲੋਕਾਂ ਵਿੱਚੋਂ 10 ਲੱਖ ਤੋਂ ਵੀ ਵੱਧ ਲੋਕ ਧਾਰਮਿਕ ਜਨੂੰਨਵਾਦੀ ਕਤਲੋਗਾਰਤ ਵਿੱਚ ਮਾਰੇ ਗਏ ਸਨ. ਹਜ਼ਾਰਾਂ ਔਰਤਾਂ ਦੇ ਬਲਾਤਕਾਰ ਹੋਏ ਸਨ. ਅਰਬਾਂ ਰੁਪਏ ਦੀ ਜਾਇਦਾਦ ਅਗਨ ਭੇਟ ਕਰ ਦਿੱਤੀ ਗਈ ਸੀ.

ਕੋਵਿਡ-19 ਮਹਾਮਾਰੀ ਦੇ ਵੱਧ ਰਹੇ ਪਾਸਾਰ ਨੂੰ ਠੱਲ੍ਹ ਪਾਉਣ ਲਈ, ਵਿਸ਼ਵ-ਵਿਆਪੀ ਪੱਧਰ ਉੱਤੇ, ਅਨੇਕਾਂ ਦੇਸ਼ਾਂ ਨੇ ਆਪਣੇ ਦੇਸ਼ਾਂ ਵਿੱਚ ਲੌਕਡਾਊਨ ਲਾਗੂ ਕਰ ਦਿੱਤਾ. ਜਿਸ ਕਾਰਨ ਕਰੋੜਾਂ ਮਜ਼ਦੂਰ ਬੇਰੁਜ਼ਗਾਰ ਹੋ ਗਏ, ਬੇਘਰ ਹੋ ਗਏ.

ਅਮਰੀਕਾ, ਜਰਮਨੀ, ਯੂ.ਕੇ., ਰੂਸ ਅਤੇ ਅਨੇਕਾਂ ਹੋਰ ਦੇਸ਼ਾਂ ਵਿੱਚ ਮਜ਼ਦੂਰਾਂ ਨੇ ਲੌਕਡਾਊਨ ਵਿਰੁੱਧ ਜ਼ੋਰਦਾਰ ਰੋਸ ਮੁਜ਼ਾਹਰੇ ਕੀਤੇ.

ਹੋਰਨਾਂ ਦੇਸ਼ਾਂ ਦੀ ਰੀਸੋਰੀਸ ਹਿੰਦੁਸਤਾਨ ਦੀ ਸਰਕਾਰ ਨੇ ਵੀ ਇੱਕ ਦਿਨ, ਅਚਾਨਕ, ਬਿਨ੍ਹਾਂ ਕਿਸੀ ਨੂੰ ਪਹਿਲਾਂ ਕੋਈ ਚੇਤਾਵਨੀ ਦਿੱਤੇ, ਸਾਰੇ ਦੇਸ਼ ਵਿੱਚ 21 ਦਿਨ ਲਈ ਲੌਕਡਾਊਨ ਲਾਗੂ ਕਰ ਦਿੱਤਾ.

ਰਾਤੋ ਰਾਤ ਵਿੱਚ ਕਰੋੜਾਂ ਪ੍ਰਵਾਸੀ ਮਜ਼ਦੂਰਾਂ ਨੂੰ ਬੇਰੁਜ਼ਗਾਰ, ਬੇਘਰੇ, ਕਰ ਦਿੱਤਾ. ਆਪਣਾ ਖ਼ੂਨ-ਪਸੀਨਾ ਵਹਾ, ਮਿਹਨਤ ਮਜ਼ਦੂਰੀ ਕਰਕੇ, ਆਪਣੇ, ਪ੍ਰਵਾਰ ਦਾ ਢਿੱਡ ਭਰਨ ਵਾਲੇ ਕਰੋੜਾਂ ਮਜ਼ਦੂਰਾਂ ਨੂੰ ਲੌਕਡਾਊਨ ਨੇ ਮੰਗਤੇ ਬਣਾ ਕੇ ਰੱਖ ਦਿੱਤਾ.

ਸਾਰੇ ਹਿੰਦੁਸਤਾਨ ਵਿੱਚ 21 ਦਿਨ ਦਾ ਲੌਕਡਾਊਨ ਲਾਗੂ ਹੋਣ ਦਾ ਐਲਾਨ ਹੁੰਦਿਆਂ ਹੀ ਕੋਲਕੱਤਾ, ਮੁੰਬਈ, ਹੈਦਰਾਬਾਦ, ਚੇਨਈ, ਦਿੱਲੀ ਜਿਹੇ, ਸਭ ਵੱਡੇ, ਸ਼ਹਿਰਾਂ ਤੋਂ 50 ਲੱਖ ਤੋਂ ਵੀ ਵੱਧ ਪ੍ਰਵਾਸੀ ਮਜ਼ਦੂਰ ਆਪਣੇ ਜੱਦੀ ਘਰਾਂ, ਆਪਣੇ ਪਿੰਡਾਂ, ਵੱਲ ਕਾਫ਼ਲਿਆਂ ਦੇ ਰੂਪ ਵਿੱਚ ਤੁਰ ਪਏ.

ਸੜਕਾਂ ਉੱਤੇ ਤੁਰੇ ਜਾਂਦੇ ਪ੍ਰਵਾਸੀ ਮਜ਼ਦੂਰਾਂ ਅਤੇ ਉਨਾਂ ਦੇ ਪ੍ਰਵਾਰਾਂ ਦੇ ਕਾਫ਼ਲੇ ਹਿੰਦੁਸਤਾਨ ਦੇ ਵਧੇਰੇ ਲੋਕਾਂ ਲਈ ਬਿਲਕੁਲ ਹੀ ਇੱਕ ਨਵਾਂ ਵਰਤਾਰਾ ਸੀ.

ਹਿੰਦੁਸਤਾਨ ਸਰਕਾਰ ਨੇ ਵੀ ਹਿੰਦੁਸਤਾਨ ਦੇ ਕਰੋੜਾਂ ਪ੍ਰਵਾਸੀ ਮਜ਼ਦੂਰਾਂ ਨੂੰ ਪੇਸ਼ ਆਉਣ ਵਾਲੀਆਂ ਅਜਿਹੀਆਂ ਸਮੱਸਿਆਵਾਂ ਬਾਰੇ ਕਦੀ ਸੋਚਿਆ ਹੀ ਨਹੀਂ ਸੀ.

ਸਾਰੇ ਦੇਸ਼ ਵਿੱਚ ਹੀ ਰੋਜ਼ਗਾਰ ਬੰਦ ਹੋ ਜਾਣ ਦੇ ਨਾਲ ਨਾਲ ਕੁਝ ਘੰਟਿਆਂ ਦੇ ਅੰਦਰ ਹੀ ਆਵਾਜਾਈ ਦੇ ਸਭ ਸਾਧਨ ਬੰਦ ਹੋ ਜਾਣ ਦੀ ਖਬਰ ਸੁਣ ਕੇ ਸਾਰੇ ਦੇਸ਼ ਵਿੱਚ

ਹੀ ਹੱਫੜਾ-ਦੱਫੜੀ ਮੱਚ ਗਈ. ਪਹਿਲਾਂ ਸੈਂਕੜਿਆਂ ਵਿੱਚ ਅਤੇ ਫਿਰ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਕਾਫ਼ਲਿਆਂ ਦੇ ਰੂਪ ਵਿੱਚ ਸਿਰਾਂ ਉੱਤੇ ਆਪਣੇ ਸਮਾਨ ਦੀਆਂ ਪੰਡਾਂ ਰੱਖੀ ਅਤੇ ਨਿੱਕੇ ਨਿੱਕੇ ਬਾਲਾਂ ਨੂੰ ਮੋਢਿਆਂ ਨਾਲ ਲਗਾਈ ਸੜਕਾਂ ਉੱਤੇ ਨਿਕਲ ਪਏ. ਬੱਸਾਂ ਦੇ ਅੱਡਿਆਂ, ਰੇਲਵੇ ਸਟੇਸ਼ਨਾਂ, ਸੜਕਾਂ, ਉੱਤੇ ਹਜ਼ਾਰਾਂ ਲੋਕਾਂ ਦਾ ਭੀੜ-ਭੜੱਕਾ ਹੋ ਗਿਆ.

ਸਰਕਾਰ ਆਪਣੇ ਪਾਲਤੂ ਟੀਵੀ ਮੀਡੀਆ ਰਾਹੀਂ ਇਸ ਭੀੜ ਨੂੰ ਨਸੀਹਤਾਂ ਅਤੇ ਝੂਠਾ ਭਰੋਸਾ ਦੇਣ ਲੱਗੀ.

ਪਰ ਸੜਕਾਂ ਉੱਤੇ ਪ੍ਰਵਾਸੀ ਮਜ਼ਦੂਰਾਂ ਦੇ ਕਾਫ਼ਲੇ ਦਿਨੋ ਦਿਨ ਸੰਘਣੇ ਅਤੇ ਲੰਬੇ ਹੋਣ ਲੱਗੇ.

ਟੀਵੀ ਚੈਨਲਾਂ ਬਾਰ ਬਾਰ ਲੋਕਾਂ ਨੂੰ ਸੂਚਿਤ ਕਰਨ ਲੱਗੀਆਂ ਨੇਤਾ ਜੀ, ਜਲਦੀ ਹੀ, ਦੇਸ ਦੀ ਜਨਤਾ ਨੂੰ ਮੁਖਾਤਿਬ ਹੋਣਗੇ.

ਇੱਕ ਦਿਨ, ਸ਼ਾਮ ਦੇ ਠੀਕ 8 ਵਜੇ, ਨੇਤਾ ਜੀ ਨੇ ਦੇਸ਼ ਦੀਆਂ ਟੀਵੀ ਸਕਰੀਨਾਂ ਉੱਤੇ ਅਵਤਾਰ ਧਾਰਿਆ ਅਤੇ ਬਗਲੇ ਭਗਤ ਵਾਂਗ ਨੇਤਾ ਜੀ ਭਾਸ਼ਨ ਦੇਣ ਲੱਗੇ :

"ਭੈਣੋਂ ਅਤੇ ਭਰਾਵੋ !

ਦੇਸ਼ ਇੱਕ ਬਹੁਤ ਹੀ ਖਤਰਨਾਕ ਦੁਸ਼ਮਣ ਕਰੋਨਾਵਾਇਰਸ ਨਾਲ ਯੁੱਧ ਕਰ ਰਿਹਾ ਹੈ.

ਸਭ ਦੇਸ਼ ਵਾਸੀਆਂ ਨੂੰ ਮਿਲਕੇ ਇਸ ਦੁਸ਼ਮਣ ਵਿਰੁੱਧ ਲੜਣਾ ਹੋਵੇਗਾ.

ਹਰ ਦੇਸ਼ਵਾਸੀ ਅੱਜ ਆਪਣੇ ਘਰ ਦੀ ਬਾਲਕੋਨੀ ਵਿੱਚ ਆ ਕੇ ਠੀਕ ਰਾਤ ਦੇ 9 ਵਜੇ ਥਾਲੀਆਂ ਵਜਾਏ,

ਸੰਖ ਵਜਾਏ ਅਤੇ ਜੇਕਰ ਤੁਹਾਡੇ ਕੋਲ ਉਸ ਸਮੇਂ ਹੋਰ ਕੁਝ ਵੀ ਨ ਹੋਵੇ ਤਾਂ ਤੁਸੀਂ ਆਪਣੇ ਖਾਲੀ ਢਿੱਡਾਂ ਨੂੰ ਢੋਲਕੀਆਂ ਬਣਾ ਕੇ ਵੀ ਵਜਾ ਸਕਦੇ ਹੋ.

ਤਾਂ ਕਿ ਇਹ ਆਵਾਜ਼ਾਂ ਸੁਣ ਕੇ ਕਰੋਨਾ ਡਰਦਾ ਮਾਰਾ ਹਿੰਦੁਸਤਾਨ ਨੂੰ ਛੱਡ ਕੇ ਚਲਾ ਜਾਵੇ.

ਸਰਕਾਰ ਨੂੰ ਸਭ ਦੇਸਵਾਸੀਆਂ ਦਾ ਫਿਕਰ ਹੈ.

ਹਰ ਪ੍ਰਵਾਰ ਨੂੰ ਸਰਕਾਰ, ਹਰ ਮਹੀਨੇ, ਬਿਲਕੁਲ ਮੁਫ਼ਤ, 5 ਕਿੱਲੋ ਕਣਕ ਅਤੇ 1 ਕਿੱਲੋ ਦਾਲ ਦੇਵੇਗੀ.

ਜੈ ਹਿੰਦ!"

ਨੇਤਾ ਜੀ ਦੇ ਭਾਸ਼ਨ ਨੇ ਇਹ ਵੀ ਸਿੱਧ ਕਰ ਦਿੱਤਾ ਸੀ ਕਿ ਦੇਸ਼ਵਾਸੀ ਹੁਣ 5 ਕਿੱਲੋ ਕਣਕ ਅਤੇ 1 ਕਿੱਲੋ ਦਾਲ ਖਰੀਦਣ ਜੋਗੇ ਵੀ ਨਹੀਂ ਰਹੇ ਸਨ.

5 ਕਿੱਲੋ ਕਣਕ ਅਤੇ 1 ਕਿੱਲੋ ਦਾਲ ਮੁਫਤ ਦੇਣ ਦੇ ਸਰਕਾਰ ਦੇ ਵਾਹਦੇ ਵੀ ਪ੍ਰਵਾਸੀ ਮਜ਼ਦੂਰਾਂ ਉੱਤੇ ਕੋਈ ਅਸਰ ਨ ਪਾ ਸਕੇ.

ਸੜਕਾਂ ਉੱਤੇ ਨਿਕਲ ਰਹੇ ਪ੍ਰਵਾਸੀ ਮਜ਼ਦੂਰਾਂ ਦੇ ਕਾਫ਼ਲਿਆਂ ਦੀ ਭੀੜ, ਹਰ

ਦਿਨ, ਪਹਿਲਾਂ ਨਾਲੋਂ ਵੀ ਵੱਡੀ ਹੋਣ ਲੱਗੀ.

ਟੀਵੀ ਚੈਨਲਾਂ ਦੇ ਐਂਕਰ ਨਿੱਤ ਦੁਹਾਈ ਦੇਣ ਲੱਗੇ. ਇਹ ਜੋ ਪ੍ਰਵਾਸੀ ਮਜ਼ਦੂਰਾਂ ਦੀਆਂ ਭੀੜਾਂ ਸੜਕਾਂ ਉੱਤੇ ਦਨਦਨਾਂਦੀਆਂ ਹਨ ਇਹ ਇੱਕ ਦੂਜੇ ਤੋਂ ਦੂਰੀ ਬਣਾ ਕੇ ਰੱਖਣ ਦੇ ਸਿਹਤ ਵਿਭਾਗ ਵੱਲੋਂ ਜਾਰੀ ਕੀਤੇ ਸਭ ਨਿਯਮਾਂ ਦੀਆਂ ਧੱਜੀਆਂ ਉਡਾ ਰਹੇ ਹਨ. ਇਹ ਲੋਕ ਦੇਸ਼ ਵਿੱਚ ਕਰੋਨਾ ਮਹਾਮਾਰੀ ਦੇ ਵਿਸਫੋਟਕ ਬੰਬ ਹਨ.

ਕਰੋਨਾ ਕਾਫ਼ਲਿਆਂ ਦੇ ਭੀੜ-ਤੰਤਰ ਵਿੱਚ ਜਦੋਂ ਬੇਤਹਾਸ਼ਾ ਵਾਧਾ ਹੋਣ ਲੱਗਾ ਤਾਂ ਹਕੂਮਤ ਨੇ ਵੱਖੋ ਵੱਖ ਪ੍ਰਾਂਤਾਂ ਦੀਆਂ ਸਰਕਾਰਾਂ ਨੂੰ ਹੁਕਮ ਦਿੱਤੇ ਕਿ ਪ੍ਰਵਾਸੀ ਮਜ਼ਦੂਰਾਂ ਦਿਆਂ ਕਾਫ਼ਲਿਆਂ ਨੂੰ ਸੜਕਾਂ ਉੱਤੇ ਆਉਣ ਤੋਂ ਰੋਕਿਆ ਜਾਵੇ.

ਵੱਖੋ, ਵੱਖ ਪ੍ਰਾਂਤਾਂ ਦੀਆਂ ਸਰਕਾਰਾਂ ਨੇ ਆਪਣੇ ਆਪਣੇ ਸੂਬੇ ਦੀ ਸਰਹੱਦ ਸੀਲ ਕਰ ਦਿੱਤੀ.

ਹਰ ਸ਼ਹਿਰ ਦੀਆਂ ਮੁੱਖ ਸੜਕਾਂ ਉੱਤੇ ਹਥਿਆਰਬੰਦ ਪੁਲਿਸ ਦਾ ਸਖਤ ਪਹਿਰਾ ਲਗਾ ਦਿੱਤਾ ਗਿਆ.

ਜੋ ਵੀ ਕੋਈ ਵਿਅਕਤੀ ਘਰੋਂ ਬਾਹਰ ਨਿਕਲਦਾ ਪੁਲਿਸ ਉਸਦੀ ਬੇਤਹਾਸ਼ਾ ਕੁੱਟਮਾਰ ਕਰਦੀ.

ਸਰਕਾਰ ਨੇ ਇਹ ਵੀ ਹੁਕਮ ਜਾਰੀ ਕਰ ਦਿੱਤੇ ਕਿ ਜੋ ਵੀ ਕੋਈ ਵਿਅਕਤੀ ਇੱਕ ਪ੍ਰਾਂਤ ਦੀ ਸਰਹੱਦ ਪਾਰ ਕਰਕੇ ਦੂਜੇ ਪ੍ਰਾਂਤ ਵਿੱਚ ਦਾਖਲ ਹੋਵੇਗਾ ਉਸ ਵਿਅਕਤੀ ਨੂੰ 14 ਦਿਨ ਲਈ ਕੁਆਰਨਟੀਨ ਵਿੱਚ ਰਹਿਣਾ ਪਵੇਗਾ.

ਸਾਰੇ ਦੇਸ਼ ਵਿੱਚ ਹਾਹਾਕਾਰ ਮੱਚ ਗਈ.

ਪਰ ਪ੍ਰਵਾਸੀ ਮਜ਼ਦੂਰ ਆਪਣੀਆਂ ਜਾਨਾਂ ਤਲੀ ਉੱਤੇ ਰੱਖ ਕੇ, ਹਰ ਸ਼ਹਿਰ ਦੀ, ਜਰਨੈਲੀ ਸੜਕ ਉੱਤੇ ਕਾਫ਼ਲਿਆਂ ਦੇ ਰੂਪ ਵਿੱਚ ਤੁਰੇ ਜਾਂਦੇ ਦੇਖੇ ਗਏ. ਉਨ੍ਹਾਂ ਦੇ ਪੈਰ ਲਹੂ-ਲੁਹਾਨ ਸਨ, ਉਹ ਭੁੱਖੇ-ਪਿਆਸੇ ਸਨ, ਉਨ੍ਹਾਂ ਦੀਆਂ ਅੱਖਾਂ 'ਚੋਂ ਹੰਝੂ ਵਹਿ ਰਹੇ ਸਨ, ਪਰ ਉਹ ਤੁਰੇ ਜਾ ਰਹੇ ਸਨ. ਉਹ ਮਜਬੂਰ ਸਨ. ਕੋਈ ਵੀ ਸਰਕਾਰ ਉਨ੍ਹਾਂ ਦੀ ਇਸ ਤਰਸਨਾਕ ਹਾਲਤ ਵਿੱਚ ਉਨ੍ਹਾਂ ਦੀ ਬਾਂਹ ਫੜਨ ਲਈ ਤਿਆਰ ਨਹੀਂ ਸੀ. ਉਨ੍ਹਾਂ ਸਭ ਦੀ ਇੱਕੋ ਹੀ ਇਛਾ ਸੀ ਕਿ ਉਨ੍ਹਾਂ ਨੂੰ ਆਪਣੇ ਆਪਣੇ ਘਰ ਜਾਣ ਦੀ ਇਜਾਜ਼ਤ ਦਿੱਤੀ ਜਾਵੇ.

ਪ੍ਰੋ. ਸ਼ਿਵ ਸ਼ੰਕਰ ਨੇ ਲੋਕਾਂ ਨੂੰ ਝੂਠੇ ਦਿਲਾਸੇ ਦੇਣ ਵਾਲਾ ਨੇਤਾ ਜੀ ਦਾ ਭਾਸ਼ਨ ਵੀ ਸੁਣਿਆ ਸੀ. ਉਹ ਹਰ ਦਿਨ ਟੀਵੀ ਪਰਦੇ ਉੱਤੇ ਦੇਸ਼ ਦੀਆਂ ਅੰਗਿਆਰਾਂ ਵਾਂਗ ਭਖਦੀਆਂ ਸੜਕਾਂ ਉੱਤੇ, ਲਹੂ-ਲੁਹਾਨ ਪੈਰਾਂ ਨਾਲ, ਆਪਣੇ ਸਿਰਾਂ ਉੱਤੇ ਆਪਣੇ ਸਮਾਨ ਦੀਆਂ ਪੰਡਾਂ ਰੱਖੀ, ਮੋਢਿਆਂ ਨਾਲ ਆਪਣੇ ਨਿੱਕੇ ਨਿੱਕੇ ਬਾਲ ਲਗਾਈ, ਹਜ਼ਾਰਾਂ ਲੋਕਾਂ ਦੇ ਮੀਲਾਂ ਲੰਬੇ ਕਾਫ਼ਲੇ ਵੀ ਦੇਖੇ ਸਨ. ਇਹ ਸਭ ਕੁਝ ਦੇਖ ਉਸ ਦੀਆਂ ਅੱਖਾਂ ਵਿੱਚ ਗੁੱਸੇ ਨਾਲ ਖੂਨ ਉਤਰ ਆਇਆ ਸੀ. ਉਹ ਬਾਰ ਬਾਰ ਹਕੂਮਤ ਦੇ ਅਜਿਹੇ ਕੰਮਾਂ ਲਈ ਹਕੂਮਤ ਅਤੇ ਉਸਦੇ ਪਾਲਤੂ ਮੀਡੀਆ ਨੂੰ ਥੂਹ ਥੂਹ ਕਹਿੰਦਾ. ਇਸ ਸਬੰਧ ਵਿੱਚ ਉਸਨੇ

ਅੱਜ ਹੀ ਫੇਸਬੁੱਕ ਉੱਤੇ ਇੱਕ ਨਜ਼ਮ ਪੜ੍ਹੀ ਸੀ 'ਭ੍ਰਿਸ਼ਟ ਰਾਜਨੀਤੀ ਦੇ ਵਾਇਰਸ'. ਉਸਦਾ ਜੀਅ ਕੀਤਾ ਕਿ ਉਹ ਹੋਰਨਾਂ ਲੋਕਾਂ ਨਾਲ ਵੀ ਇਹ ਨਜ਼ਮ ਸਾਂਝੀ ਕਰੇ. ਇਹ ਨਜ਼ਮ ਇਨ੍ਹਾਂ ਪ੍ਰਵਾਸੀ ਮਜ਼ਦੂਰਾਂ ਦੇ ਕਾਫ਼ਲਿਆਂ ਦੇ ਦਰਦ ਨੂੰ ਬਹੁਤ ਸ਼ਕਤੀਸ਼ਾਲੀ ਢੰਗ ਨਾਲ ਬਿਆਨ ਕਰਦੀ ਸੀ :

ਸੜਕ ਉੱਤੇ, ਭੁੱਖ ਅਤੇ ਪਿਆਸ ਨਾਲ
ਵਿਲਕ ਰਹੇ, ਵਿਅਕਤੀ ਨੇ ਕਿਹਾ:
'ਸਾਨੂੰ, ਰੋਟੀ ਦਿਓ
ਜਾਂ ਸਾਨੂੰ ਗੋਲੀ ਮਾਰ ਦਿਓ'
ਕੋਲ ਖੜ੍ਹਾ, ਇੱਕ ਸਿਪਾਹੀ ਬੋਲਿਆ :
'ਇਹ ਗੱਲ, ਅਸੀਂ, ਸਰਕਾਰ ਨੂੰ
ਪੁੱਛ ਕੇ ਹੀ ਦੱਸ ਸਕਦੇ ਹਾਂ'

ਸੜਕ ਉੱਤੇ, ਤੁਰੀ ਜਾ ਰਹੀ
ਗਰਭਵਤੀ ਔਰਤ ਨੇ
ਬੱਚੇ ਨੂੰ ਜਨਮ ਦਿੰਦਿਆਂ ਕਿਹਾ:
'ਕੀ, ਨਵਜੰਮੇ ਬੱਚੇ ਲਈ
ਦੁੱਧ ਦੀ ਬੋਤਲ ਮਿਲ ਸਕਦੀ ਹੈ'
ਕੋਲ ਖੜ੍ਹਾ, ਹਕੂਮਤ ਦਾ ਬੁਲਾਰਾ ਬੋਲਿਆ:
'ਇਹ ਗੱਲ, ਅਸੀਂ, ਸਰਕਾਰ ਨੂੰ
ਪੁੱਛ ਕੇ ਹੀ ਦੱਸ ਸਕਦੇ ਹਾਂ'

ਸੜਕ ਉੱਤੇ, ਤੁਰੇ ਜਾ ਰਹੇ
ਵਿਅਕਤੀ ਨੇ, ਕਰੋਨਾ ਮਹਾਮਾਰੀ ਨਾਲ ਪੀੜਤ
ਬੱਚੇ ਨੂੰ ਸੜਕ ਕਿਨਾਰੇ ਲਿਟਾਂਦਿਆਂ ਕਿਹਾ:
'ਕੀ ਕੋਈ ਇਸ ਬੱਚੇ ਨੂੰ
ਹਸਪਤਾਲ ਵਿੱਚ ਦਾਖਲ ਕਰਵਾ ਸਕਦਾ ਹੈ'
ਕੋਲ ਖੜ੍ਹਾ, ਇੱਕ ਸਿਹਤ-ਕਰਮੀ ਬੋਲਿਆ:
'ਇਹ ਗੱਲ, ਅਸੀਂ, ਸਰਕਾਰ ਨੂੰ
ਪੁੱਛ ਕੇ ਹੀ ਦੱਸ ਸਕਦੇ ਹਾਂ'

ਸੜਕ ਉੱਤੇ, ਤੁਰੇ ਜਾ ਰਹੇ
ਵਿਅਕਤੀ ਨੇ, ਭੁੱਖ-ਪਿਆਸ ਨਾਲ ਮਰ ਗਏ

ਬੱਚੇ ਦੀ ਲਾਸ਼ ਮੋਢੇ ਨਾਲ ਲਗਾਂਦਿਆਂ ਕਿਹਾ:
'ਕੀ ਕੋਈ ਇਸ ਬੱਚੇ ਦੀ ਲਾਸ਼
ਕਬਰਸਤਾਨ ਵਿੱਚ ਦਫ਼ਨਾ ਸਕਦਾ ਹੈ'
ਕੋਲ ਖੜ੍ਹਾ, ਇੱਕ ਪੁਜਾਰੀ ਬੋਲਿਆ:
'ਇਹ ਗੱਲ, ਅਸੀਂ. ਸਰਕਾਰ ਨੂੰ
ਪੁੱਛ ਕੇ ਹੀ ਦੱਸ ਸਕਦੇ ਹਾਂ'

ਟੀਵੀ ਸਕਰੀਨ ਉੱਤੇ ਇੱਕ ਪ੍ਰਵਾਸੀ ਮਜ਼ਦੂਰ ਇੱਕ ਟੀਵੀ ਪੱਤਰਕਾਰ ਨੂੰ ਰੋ ਰੋ ਕੇ ਆਪਣਾ ਦਰਦ ਬਿਆਨ ਕਰ ਰਿਹਾ ਸੀ:

"ਮੇਰੇ ਬਜ਼ੁਰਗ ਮਾਂ-ਪਿਓ, ਹਰ ਰੋਜ਼, ਦਿਨ ਵਿੱਚ ਕਈ ਕਈ ਵਾਰ ਫੋਨ
ਕਰਕੇ ਪੁੱਛਦੇ ਹਨ ਕਿ ਕੀ ਮੈਂ ਠੀਕ ਠਾਕ ਹਾਂ? ਮੇਰੀ ਪਤਨੀ ਗਰਭਵਤੀ ਹੈ.
ਮੈਂ ਆਪਣੀ ਪਤਨੀ ਨੂੰ ਕੋਈ ਪੈਸੇ ਨਹੀਂ ਭੇਜ ਸਕਦਾ. ਜੇਕਰ ਮੈਂ ਆਪਣੇ
ਪਿੰਡ ਬੰਗਾਲ ਪਹੁੰਚ ਜਾਵਾਂ ਤਾਂ ਮੈਂ ਕੋਈ ਨ ਕੋਈ ਕੰਮ ਕਰ ਸਕਦਾ ਹਾਂ.
ਕੁਝ ਹੋਰ ਨਹੀਂ ਤਾਂ ਮੈਂ ਸਬਜ਼ੀਆਂ ਵੇਚਣ ਦਾ ਕੰਮ ਤਾਂ ਕਰ ਹੀ ਸਕਦਾ ਹਾਂ.
ਘੱਟ ਤੋਂ ਘੱਟ, ਮੈਂ, ਆਪਣੇ ਬਜ਼ੁਰਗ, ਮਾਂ-ਪਿਓ ਅਤੇ ਗਰਭਵਤੀ ਪਤਨੀ
ਦੇ ਕੋਲ ਤਾਂ ਹੋਵਾਂਗਾ?
ਮੈਂ ਹਰ ਦਿਨ ਫੋਨ ਉੱਤੇ ਆਪਣੇ ਮਾਂ-ਪਿਓ ਅਤੇ ਬੀਵੀ ਨੂੰ ਇਸ ਤਰ੍ਹਾਂ
ਰੋਂਦਿਆਂ ਕੁਰਲਾਂਦਿਆਂ ਹੋਇਆਂ ਸੁਣ ਨਹੀਂ ਸਕਦਾ.
ਮੈਂ ਬਹੁਤ ਦੁਖੀ ਹਾਂ. ਮੇਰੀ ਮੱਦਦ ਕਰੋ. ਮੈਂ ਕਿਸੀ ਤਰ੍ਹਾਂ ਆਪਣੇ
ਪ੍ਰਵਾਰ ਕੋਲ ਆਪਣੇ ਪਿੰਡ ਬੰਗਾਲ ਪਹੁੰਚ ਜਾਵਾਂ"

ਦਰਅਸਲ, ਇਹ ਕਿਸੀ ਇੱਕ ਪ੍ਰਵਾਸੀ ਮਜ਼ਦੂਰ ਦੀ ਹੱਡ-ਬੀਤੀ ਨਹੀਂ? ਲੌਕਡਾਊਨ ਕਾਰਨ ਤਬਾਹ ਹੋ ਰਹੇ ਹਜ਼ਾਰਾਂ, ਲੱਖਾਂ, ਪ੍ਰਵਾਸੀ ਮਜ਼ਦੂਰਾਂ ਨਾਲ ਅੱਜ ਇਸ ਤਰ੍ਹਾਂ ਹੀ ਬੀਤ ਰਿਹਾ ਹੈ.

ਲੀਡਰ, ਟੀਵੀ ਸਕਰੀਨਾਂ ਉੱਤੇ ਆ ਕੇ, ਮਜ਼ਦੂਰਾਂ ਨੂੰ ਮੱਦਦ ਕਰਨ ਦੇ ਨਿੱਤ ਵੱਡੇ ਵੱਡੇ ਭਰੋਸੇ ਦਿੰਦੇ ਹਨ; ਪਰ ਹਕੀਕਤ ਵਿੱਚ ਉਹ ਕੁਝ ਵੀ ਨਹੀਂ ਕਰਦੇ. ਕਿਉਂਕਿ, ਹਕੂਮਤ ਲਈ ਇਹ ਪ੍ਰਵਾਸੀ ਮਜ਼ਦੂਰ ਵੋਟ ਬੈਂਕ ਨਹੀਂ ਹਨ. ਵੋਟਰਾਂ ਵਜੋਂ ਉਹ ਸਰਕਾਰੀ ਕਾਗਜ਼ਾਂ ਵਿੱਚ ਤਾਂ ਜ਼ਰੂਰ ਹੁੰਦੇ ਹਨ; ਪਰ ਵੋਟਾਂ ਵਾਲੇ ਦਿਨ ਉਨ੍ਹਾਂ ਦੀ ਵੋਟ ਤਾਂ ਆਪਣੇ ਪਿੰਡ ਦੇ ਐਡਰਸ ਉੱਤੇ ਬਣੀ ਹੋਈ ਹੁੰਦੀ ਹੈ ਪਰ ਉਹ ਵੋਟ ਵਾਲੇ ਦਿਨ ਕਿਸੀ ਸ਼ਹਿਰ ਕੰਮ ਕਰ ਰਹੇ ਹੁੰਦੇ ਹਨ.

ਇਹ ਪ੍ਰਵਾਸੀ ਮਜ਼ਦੂਰ ਨ ਕਿਸੀ ਮਜ਼ਦੂਰ ਯੂਨੀਅਨ ਦਾ ਹਿੱਸਾ ਹੁੰਦੇ ਹਨ ਅਤੇ ਨ ਹੀ ਕਿਸੀ ਮਜ਼ਦੂਰਾਂ ਦੀ ਐਸੋਸੀਏਸ਼ਨ ਦੇ ਹੀ. ਇਹ ਪ੍ਰਵਾਸੀ ਮਜ਼ਦੂਰ, ਦਰਅਸਲ, ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ. ਇਹੀ ਲੋਕ ਦੇਸ਼ ਦੇ ਸ਼ਾਪਿੰਗ ਪਲਾਜ਼ੇ, ਹੋਟਲ, ਮੋਟਲ, ਸਕੂਲ, ਕਾਲਿਜ, ਹਸਪਤਾਲ ਬਣਾਂਦੇ ਹਨ, ਫੈਕਟਰੀਆਂ ਵਿੱਚ ਕੰਮ ਕਰਦੇ ਹਨ,

ਸੜਕਾਂ ਕਿਨਾਰੇ ਸਬਜ਼ੀਆਂ ਵੇਚਦੇ ਹਨ, ਫਲ ਵੇਚਦੇ ਹਨ, ਲੋਕਾਂ ਦੇ ਘਰਾਂ ਵਿੱਚ ਕੰਮ ਕਰਦੇ ਹਨ. ਪਰ ਉਨ੍ਹਾਂ ਦਾ ਕੋਈ ਪੱਕਾ ਟਿਕਾਣਾ ਨ ਹੋਣ ਕਾਰਨ, ਕਿਸੀ ਲਈ ਵੀ ਉਨ੍ਹਾਂ ਦੀ ਕੋਈ ਹੋਂਦ ਹੀ ਨਹੀਂ ਹੁੰਦੀ, ਹਕੂਮਤ ਲਈ ਵੀ ਨਹੀਂ.

ਕਰੋਨਾ ਮਹਾਮਾਰੀ ਦੀ ਮੁਸੀਬਤ ਵੇਲੇ ਵੀ ਉਨ੍ਹਾਂ ਦੇ ਆਪਣੇ ਪਿੰਡਾਂ ਵਾਲੇ ਵੀ ਨਹੀਂ ਚਾਹੁੰਦੇ ਕਿ ਉਹ ਇਸ ਘੜੀ ਆਪਣੇ ਪਿੰਡਾਂ ਨੂੰ ਪਰਤਣ. ਉਨ੍ਹਾਂ ਨੂੰ ਡਰ ਹੈ ਕਿ ਉਹ ਆਪਣੇ ਨਾਲ ਕਰੋਨਾ ਦੇ ਵਾਇਰਸ ਲੈ ਕੇ ਆਉਣਗੇ ਅਤੇ ਪਿੰਡ ਵਾਲਿਆਂ ਲਈ ਮੁਸੀਬਤ ਬਨਣਗੇ.

ਉਨ੍ਹਾਂ ਦੀ ਹਾਲਤ ਤਾਂ ਇਸ ਤਰ੍ਹਾਂ ਦੀ ਹੋ ਚੁੱਕੀ ਹੈ ਜਿਵੇਂ ਅਸੀਂ ਅਕਸਰ ਹੀ ਆਖ ਦਿੰਦੇ ਹਾਂ 'ਧੋਬੀ ਦਾ ਕੁੱਤਾ, ਨ ਘਰ ਦਾ ਨ ਘਾਟ ਦਾ'.

ਟੀਵੀ ਐਂਕਰ ਨੇ ਵੀ ਹਾਈਵੇ ਉੱਤੇ ਤੁਰੇ ਜਾ ਰਹੇ ਮੁਸੀਬਤਾਂ ਦੇ ਮਾਰੇ ਪ੍ਰਵਾਸੀ ਮਜ਼ਦੂਰਾਂ ਦੇ ਕਾਫ਼ਲਿਆਂ ਦੀ ਤਰਸਨਾਕ ਹਾਲਤ ਨੂੰ ਦੇਖਦਿਆਂ ਆਪਣਾ ਟੀਵੀ ਸ਼ੋਅ ਇਨ੍ਹਾਂ ਭਾਵ-ਪੂਰਤ ਕਾਵਿ-ਸਤਰਾਂ ਨਾਲ ਹੀ ਖਤਮ ਕੀਤਾ :

ਕਦ ਪਹੁੰਚਣਗੇ<br>
ਉਹ, ਆਪਣੇ ਘਰਾਂ ਨੂੰ-

ਬੇਰਹਿਮ, ਪੁਲਿਸ ਕਰਮੀਆਂ ਦੀਆਂ<br>
ਸਿਰਾਂ ਉੱਤੇ, ਪੈਂਦੀਆਂ ਡਾਂਗਾਂ ਦਾ ਮੀਂਹ<br>
ਖਾਲੀ ਢਿੱਡ, ਸੁੱਕੇ ਬੁੱਲ, ਲਹੂ-ਲੁਹਾਨ ਹੋਏ ਪੈਰ<br>
ਥਕਾਵਟ ਨਾਲ ਚੂਰ ਹੋਏ ਬਦਨ-

ਕੋਈ ਨਹੀਂ, ਉਨ੍ਹਾਂ ਨੂੰ, ਦਿਲਾਸਾ ਦੇਣ ਵਾਲਾ<br>
ਕੋਈ ਨਹੀਂ, ਉਨ੍ਹਾਂ ਦੀਆਂ ਭਾਵਨਾਵਾਂ ਅਹਿਸਾਸਾਂ ਨੂੰ ਪੜ੍ਹਣ ਵਾਲਾ<br>
ਕੋਈ ਨਹੀਂ, ਉਨ੍ਹਾਂ ਦੇ ਦਰਦ ਨੂੰ ਸਮਝਣ ਵਾਲਾ

ਮਜਬੂਰ, ਨ ਘਰ ਦੇ ਰਹੇ ਨ ਪਰਵਾਸ ਦੇ<br>
ਪਤਾ ਨਹੀਂ ਕਿੰਨੇ ਕੁ, ਰਸਤਿਆਂ ਵਿੱਚ ਹੀ<br>
ਮਿੱਟੀ ਨਾਲ ਮਿੱਟੀ ਹੋ ਜਾਣਗੇ<br>
ਘਰਾਂ ਨੂੰ ਪਰਤਣ ਦੀ ਉਡੀਕ ਵਿੱਚ

ਕਰੋਨਾ ਮਹਾਮਾਰੀ ਸੰਕਟ ਦੌਰਾਨ ਦੇਸਵਾਸੀਆਂ ਨੇ ਕਰੋਨਾ ਕਾਫ਼ਲਿਆਂ ਦੀ ਦਰਦ ਭਿੱਜੀ ਦਾਸਤਾਨ ਦੇਖੀ, ਸੁਣੀ, ਮਹਿਸੂਸ ਕੀਤੀ; ਪਰ ਨੇਤਾ ਜੀ ਅਤੇ ਹਿਜ਼ ਮਾਸਟਰਜ਼ ਵਾਇਸ ਹਿੰਦੁਸਤਾਨ ਦਾ ਟੀਵੀ ਮੀਡੀਆ ਦੇਸ਼ ਦੀਆਂ ਅੰਗਿਆਰਾਂ ਵਾਂਗ ਭਖਦੀਆਂ ਸੜਕਾਂ ਉੱਤੇ ਲਹੂ-ਲੁਹਾਨ ਪੈਰਾਂ ਨਾਲ ਤੁਰੇ ਜਾਂਦੇ ਭੁੱਖੇ, ਪਿਆਸੇ, ਗਰੀਬਾਂ,

ਮਜ਼ਦੂਰਾਂ, ਬੇਘਰੇ, ਲੋਕਾਂ ਦੇ ਕਾਫ਼ਲਿਆਂ ਨੂੰ ਕਰੋਨਾ ਦੇ ਟਾਈਮ ਬੰਬ ਦੱਸਣ ਵਿੱਚ ਹੀ ਰੁੱਝੇ ਰਹੇ.

# 17.

1991 ਵਿੱਚ ਸੋਵੀਅਤ ਯੂਨੀਅਨ ਦੀ ਟੁੱਟ-ਭੱਜ ਹੋ ਜਾਣ ਤੋਂ ਬਾਹਦ ਅਮਰੀਕਾ ਦੁਨੀਆਂ ਵਿੱਚ ਸੁਪਰਪਾਵਰ ਨੰਬਰ ਇੱਕ ਵਜੋਂ ਜਾਣਿਆ ਜਾਣ ਲੱਗਾ.

ਇਸ ਗੱਲ ਨੇ ਅਮਰੀਕਾ ਵਿੱਚ ਹੋਰ ਵੀ ਵੱਧ ਘੁਮੰਡ ਭਰ ਦਿੱਤਾ.

ਅਮਰੀਕਾ ਦੇ ਇਸ ਘੁਮੰਡਪੁਣੇ ਨੂੰ ਸਤੰਬਰ 11, 2001 ਨੂੰ ਪਹਿਲੀ ਵਾਰ ਸੱਟ ਵੱਜੀ.

ਜਦੋਂ ਮੁਸਲਿਮ ਦਹਿਸ਼ਤਗਰਦਾਂ ਦੀ ਇੱਕ ਸੰਸਥਾ 'ਅਲ-ਕਾਇਦਾ' ਦੇ 19 ਦਹਿਸ਼ਤਗਰਦਾਂ ਨੇ ਅਮਰੀਕਾ ਦੇ ਸ਼ਹਿਰ ਨਿਊਯਾਰਕ ਵਿੱਚ ਸਥਿਤ 'ਵਰਲਡ ਟਰੇਡ ਸੈਂਟਰ' ਅਤੇ ਵਾਸ਼ਿੰਗਟਨ ਸਥਿਤ 'ਪੈਂਟਾਗਨ ਦੇ ਹੈੱਡ ਆਫਿਸ' ਉੱਤੇ ਹਾਈਜੈਕ ਕੀਤੇ ਹਵਾਈ ਜਹਾਜ਼ਾਂ ਨਾਲ ਆਤਮਘਾਤੀ ਹਮਲਾ ਕਰ ਦਿੱਤਾ. ਇਨ੍ਹਾਂ ਘਟਨਾਵਾਂ ਵਿੱਚ 3,000 ਤੋਂ ਵੀ ਵੱਧ ਲੋਕ ਮਾਰੇ ਗਏ ਸਨ ਅਤੇ ਅਨੇਕਾਂ ਹੋਰ ਜ਼ਖਮੀ ਹੋਏ ਸਨ.

ਵਿਸ਼ਵ ਦੀ ਸੁਪਰਪਾਵਰ ਨੰਬਰ ਇੱਕ ਅਮਰੀਕਾ ਦੀ ਸ਼ਕਤੀ ਅਤੇ ਹਸਤੀ ਨੂੰ ਪਹਿਲੀ ਵਾਰੀ ਕਿਸੀ ਨੇ ਅਮਰੀਕਾ ਦੀ ਧਰਤੀ ਉੱਤੇ ਆ ਕੇ ਵੰਗਾਰਿਆ ਸੀ.

ਅਮਰੀਕਾ ਲਈ ਇਹ ਬਹੁਤ ਵੱਡੀ ਨਮੋਸ਼ੀ ਭਰੀ ਘਟਨਾ ਸੀ.

ਇਸ ਆਤੰਕਵਾਦੀ ਘਟਨਾ ਕਾਰਨ ਬੌਖਲਾਹਟ ਵਿੱਚ ਆ ਕੇ ਅਮਰੀਕਾ ਨੇ 'ਅਲ-ਕਾਇਦਾ' ਦੇ ਟਿਕਾਣੇ ਅਫਗਾਨਿਸਤਾਨ ਉੱਤੇ ਫੌਜੀ ਹਮਲਾ ਕਰ ਦਿੱਤਾ.

ਇਸੇ ਨਮੋਸ਼ੀ 'ਚੋਂ ਬਾਹਰ ਆਉਣ ਲਈ ਅਮਰੀਕਾ ਨੇ ਇਹ ਬਹਾਨਾ ਬਣਾ ਕੇ ਕਿ ਇਰਾਕ ਐਟਮੀ ਹਥਿਆਰ ਬਣਾ ਰਿਹਾ ਇਰਾਕ ਉੱਤੇ ਵੀ ਫੌਜੀ ਹਮਲਾ ਕਰ ਦਿੱਤਾ ਅਤੇ ਇਰਾਕ ਨੂੰ ਤਹਿਸ-ਨਹਿਸ ਕਰ ਦਿੱਤਾ.

ਪਰ ਇਹ ਫੌਜੀ ਹਮਲੇ ਅਮਰੀਕਾ ਨੂੰ ਵੀ ਆਰਥਿਕ ਤੌਰ ਉੱਤੇ ਬਹੁਤ ਮਹਿੰਗੇ ਪਏ.

ਇਨ੍ਹਾਂ ਫੌਜੀ ਹਮਲਿਆਂ ਵਿੱਚੋਂ ਬਾਹਰ ਨਿਕਲਣ ਵਿੱਚ ਅਮਰੀਕਾ ਨੂੰ ਤਕਰੀਬਨ 20 ਸਾਲ ਲੱਗ ਗਏ. ਜਿਸ ਕਾਰਨ ਅਮਰੀਕਾ ਆਰਥਿਕ ਪੱਖੋਂ ਬੁਰੀ ਤਰ੍ਹਾਂ ਕੰਗਾਲ ਹੋ ਗਿਆ.

ਪਰ, ਹੌਲੀ ਹੌਲੀ, ਜਿਉਂ ਹੀ, ਅਮਰੀਕਾ, ਇੱਕ ਵਾਰ ਫਿਰ, ਵਿਸ਼ਵ ਵਿੱਚ, ਸੁਪਰਵਾਰ ਨੰਬਰ ਇੱਕ ਵਜੋਂ ਉੱਭਰ ਰਿਹਾ ਸੀ ਕਿ ਵਿਸ਼ਵ ਵਿੱਚ ਕਰੋਨਾ ਵਾਇਰਸ ਮਹਾਮਾਰੀ ਦੀ ਦਹਿਸ਼ਤ ਫੈਲ ਗਈ.

ਕਰੋਨਾਵਾਇਰਸ ਮਹਾਮਾਰੀ ਦੇ ਹਮਲੇ ਨੇ ਸੁਪਰਪਾਵਰ ਅਮਰੀਕਾ ਨੂੰ ਇਸ ਹੱਦ ਤੱਕ ਜੜ੍ਹਾਂ ਤੋਂ ਹਿਲਾ ਦਿੱਤਾ ਕਿ ਸੁਪਰਪਾਵਰ ਅਮਰੀਕਾ ਦੀ ਸ਼ਕਤੀ ਅਤੇ ਹਸਤੀ ਉੱਤੇ ਕਿਸੇ ਨੂੰ ਵੀ ਯਕੀਨ ਨ ਰਿਹਾ.

ਸੁਪਰਪਾਵਰ ਅਮਰੀਕਾ ਦੀ ਪਹਿਚਾਣ, ਵਿਸ਼ਵ-ਪੱਧਰ ਉੱਤੇ, ਧੁੰਦਲੀ ਹੋ ਜਾਣ ਲਈ ਹਰ ਕੋਈ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਹੀ ਜ਼ਿੰਮੇਵਾਰ ਠਹਿਰਾਅ ਰਿਹਾ ਸੀ.

ਡੋਨਲਡ ਟਰੰਪ ਦੀਆਂ ਗਲਤ ਪਾਲਿਸੀਆਂ ਅਤੇ ਉਸਦੀ ਸੋਚ ਕਾਰਨ ਹੀ ਅਮਰੀਕਾ ਕਰੋਨਾਵਾਇਰਸ ਮਹਾਮਾਰੀ ਦਾ ਮੁਕਾਬਲਾ ਕਰਨ ਵਿੱਚ ਅਸਫਲ ਰਿਹਾ.

ਡੋਨਲਡ ਟਰੰਪ ਦੀ ਗਲਤ ਸੋਚ ਅਤੇ ਗਲਤ ਪਾਲਿਸੀਆਂ ਕਾਰਨ ਹੀ ਅਮਰੀਕਾ ਵਿੱਚ ਕਰੋਨਾਵਾਇਰਸ ਕਾਰਨ ਲੱਖਾਂ ਲੋਕਾਂ ਦੀ ਮੌਤ ਹੋਈ.

ਚੱਲੋ, ਚੱਲਦੇ ਹਾਂ, ਅੱਜ ਫਿਰ, ਯੂਨੀਵਰਸਿਟੀ ਕੌਫੀ ਹਾਊਸ ਵਿੱਚ, ਜਿੱਥੇ ਇਸ ਵਿਸ਼ੇ ਉੱਤੇ ਹੀ ਚਰਚਾ ਹੋ ਰਹੀ ਹੈ.

ਪ੍ਰੋ. ਸ਼ਿਵ ਸ਼ੰਕਰ ਬੋਲਿਆ : "ਦੋਸਤੋ, ਪਹਿਲਾਂ ਇੱਕ ਨਜ਼ਮ 'ਬੜ੍ਹਕਾਂ' ਦੀਆਂ ਕੁਝ ਸਤਰਾਂ ਸੁਣੋ. ਇਹ ਨਜ਼ਮ ਮੈਂ ਅੱਜ ਹੀ 'ਲੌਕਡਾਊਨ' ਨਾਮ ਦੇ ਇੱਕ ਕਾਵਿ-ਸੰਗ੍ਰਹਿ ਵਿੱਚ ਪੜ੍ਹੀ ਹੈ:

ਉਹ, ਜੋ, ਗਲੋਬਲ ਕਲਚਰ ਦਾ ਸਰਗਣਾ
ਦੁਨੀਆਂ ਨੂੰ ਇੱਕ ਪਿੰਡ ਸਮਝ
ਗੁੰਡਿਆਂ ਦੇ ਸਰਦਾਰ ਵਾਂਗ, ਵਿਸ਼ਵ
ਗੁੰਡਾ ਰਾਜਨੀਤੀ ਦੀਆਂ ਬੜ੍ਹਕਾਂ ਮਾਰ
-ਕਦੀ, ਬਗਦਾਦ
-ਕਦੀ, ਕਾਬੁਲ
-ਕਦੀ, ਗਰਨੇਡਾ
-ਕਦੀ, ਕੁਵੈਤ
ਆਪਣੀਆਂ, ਫੌਜਾਂ ਦਾ ਉਤਾਰਾ ਕਰ ਦਿੰਦਾ ਸੀ
ਉਸ ਦੇਸ਼ ਨੂੰ ਤਹਿਸ-ਨਹਿਸ ਕਰ, ਪੂਰੀ ਤਰ੍ਹਾਂ ਲੁੱਟ
ਆਪਣੀ, ਪਿੱਠੂ ਸਰਕਾਰ ਸਥਾਪਿਤ ਕਰ ਦਿੰਦਾ ਸੀ
ਹਾਲਾਤਾਂ ਦਾ ਝੰਭਿਆ, ਆਖਿਰ
ਇੱਕ ਨਿੱਕੇ ਜਿਹੇ ਕੀਟਾਣੂੰ, ਕਰੋਨਾ ਤੋਂ
ਭੈ-ਭੀਤ, ਪਿੰਡ, ਪਿੰਡ, ਸ਼ਹਿਰ, ਸ਼ਹਿਰ
ਲੱਗੇ, ਲਾਸ਼ਾਂ ਦੇ ਅੰਬਾਰ
ਸਾਂਭਣ ਵਿੱਚ ਗਰਕ ਹੋ ਰਿਹਾ ਹੈ
ਧਰਤੀ, ਹਵਾ, ਪਾਣੀ
ਪ੍ਰਦੂਸ਼ਿਤ ਕਰਨ ਦੀ ਦੌੜ ਵਿੱਚ
ਸਰਗਣਾ ਬਨਣ ਦੀ ਲਾਲਸਾ 'ਚ
ਨਿੱਤ, ਬੜ੍ਹਕਾਂ ਮਾਰਨ ਦੇ-

ਆਖਿਰ, ਇੱਕ ਦਿਨ
ਤਾਂ, ਨਤੀਜੇ
ਭੁਗਤਣੇ ਹੀ
ਪੈਣੇ ਸਨ"

ਨੀਟਾ ਗੁਪਤਾ ਬੋਲੀ: "ਬਿਲਕੁਲ, ਸੁਪਰਪਾਵਰ ਅਮਰੀਕਾ ਆਪਣੀ ਗਲਤ ਸੋਚ, ਲਾਲਚ ਅਤੇ ਘੁਮੰਡਪੁਣੇ ਦੇ ਨਤੀਜੇ ਭੁਗਤ ਰਿਹਾ. ਅੱਜ ਦੀਆਂ ਖਬਰਾਂ ਅਨੁਸਾਰ ਅਮਰੀਕਾ ਵਿੱਚ ਇੱਕ ਦਿਨ ਵਿੱਚ ਕਰੋਨਾ ਵਾਇਰਸ ਦੇ ਨਵੇਂ ਆਉਣ ਵਾਲੇ ਮਰੀਜ਼ਾਂ ਦੀ ਗਿਣਤੀ ਇੱਕ ਲੱਖ ਤੋਂ ਵੀ ਟੱਪ ਗਈ ਹੈ."

ਸਪਨਾ ਮੁਕਰਜੀ ਬੋਲੀ: "ਦਰਅਸਲ, ਕਰੋਨਾ ਮਹਾਮਾਰੀ ਨੇ ਅਮਰੀਕਾ ਵਿੱਚ ਇਸ ਕਰਕੇ ਸਭ ਤੋਂ ਵੱਧ ਤਬਾਹੀ ਮਚਾਈ ਕਿਉਂਕਿ ਅਮਰੀਕਾ ਸਰਕਾਰ ਨੇ ਇਸ ਗੱਲ ਨੂੰ ਗੰਭੀਰਤਾ ਨਾਲ ਹੀ ਨਹੀਂ ਲਿਆ ਕਿ ਉਨ੍ਹਾਂ ਨੂੰ ਕਰੋਨਾ ਵਰਗੀ ਕਿਸੀ ਵੱਡੀ ਮਹਾਮਾਰੀ ਦਾ ਸਾਹਮਣਾ ਕਰਨਾ ਪੈ ਸਕਦਾ."

ਮੁਹੰਮਦ ਸਲੀਮ ਬੋਲਿਆ: "ਮੈਂ ਸਮਝਦੈਂ ਕਿ ਅਮਰੀਕਾ ਦੀ ਅਸਫਲਤਾ ਦਾ ਮੁੱਖ ਕਾਰਨ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਮੂਲ ਪਾਲਿਸੀਆਂ ਵਿੱਚ ਤਬਦੀਲੀ ਕਰਦਿਆਂ ਅਪ੍ਰੈਲ 2020 ਵਿੱਚ ਇਹ ਕਹਿ ਦੇਣਾ ਸੀ ਕਿ ਕਰੋਨਾਵਾਇਰਸ ਮਹਾਮਾਰੀ ਨਾਲ ਨਿਪਟਣ ਦੀ ਮੁੱਖ ਜ਼ਿੰਮੇਵਾਰੀ ਦੇਸ਼ ਦੇ ਵੱਖੋ ਵੱਖ ਸੂਬਿਆਂ ਦੀਆਂ ਸਰਕਾਰਾਂ ਦੀ ਹੀ ਹੋਵੇਗੀ. ਅਮਰੀਕਾ ਦੀ ਸਰਕਾਰ ਦੇਸ਼ ਦੇ ਸੂਬਿਆਂ ਦੀਆਂ ਸਰਕਾਰਾਂ ਦੀ ਮੱਦਦ ਕਰਨ ਲਈ ਹਰ ਵੇਲੇ ਉਨ੍ਹਾਂ ਦੀ ਪਿੱਠ ਪਿੱਛੇ ਰਹੇਗੀ. ਪਰ ਮੁੱਖ ਜ਼ਿੰਮੇਵਾਰੀ ਵੱਖੋ ਵੱਖ ਸੂਬਿਆਂ ਦੀ ਹੀ ਹੋਵੇਗੀ. ਅਮਰੀਕਾ ਸਰਕਾਰ ਦੀਆਂ ਮੂਲ ਪਾਲਿਸੀਆਂ ਵਿੱਚ ਆਈ ਇਸ ਤਬਦੀਲੀ ਨੇ ਦੇਸ਼ ਅੰਦਰ ਭੰਬਲਭੂਸੇ ਵਾਲੀ ਸਥਿਤੀ ਪੈਦਾ ਕਰ ਦਿੱਤੀ. ਹਰ ਸੂਬਾ ਸਰਕਾਰ ਆਪਣੀ ਮਨਮਰਜ਼ੀ ਦੇ ਜਨਤਕ ਹੁਕਮ ਦੇਣ ਲੱਗੀ. ਸਮੁੱਚੇ ਦੇਸ਼ ਵਿੱਚ ਹਰ ਪ੍ਰਾਂਤਕ ਸਰਕਾਰ ਇੱਕ ਦੂਜੇ ਨਾਲੋਂ ਵੱਧ ਸਿਆਣਪ ਦਿਖਾਉਣ ਦੀ ਦੌੜ ਵਿੱਚ ਪੈ ਗਈ."

ਨੀਟਾ ਗੁਪਤਾ ਬੋਲੀ: "ਚੀਨ ਸਰਕਾਰ ਵੱਲੋਂ 11 ਜਨਵਰੀ, 2020 ਨੂੰ ਦੁਨੀਆਂ ਨੂੰ ਕਰੋਨਾਵਾਇਰਸ ਬਾਰੇ ਜਾਣਕਾਰੀ ਦੇ ਦਿੱਤੀ ਗਈ ਸੀ. ਵਰਲਡ ਹੈਲਥ ਔਰਗੇਨਾਈਜ਼ੇਸ਼ਨ ਨੇ ਵੀ 11 ਮਾਰਚ 2020 ਨੂੰ ਕਰੋਨਾਵਾਇਰਸ ਮਹਾਮਾਰੀ ਬਾਰੇ ਦੁਨੀਆਂ ਨੂੰ ਚੇਤਾਵਨੀ ਦੇ ਦਿੱਤੀ ਸੀ. ਪਰ ਇਸ ਸਭ ਕੁਝ ਦੇ ਬਾਵਜੂਦ ਅਮਰੀਕਾ ਨੇ ਕਰੋਨਾ ਮਹਾਮਾਰੀ ਦਾ ਮੁਕਾਬਲਾ ਕਰਨ ਲਈ ਕੋਈ ਤਿਆਰੀ ਕਰਨੀ ਨਹੀਂ ਆਰੰਭੀ. ਨ ਹੀ ਟੈਸਟ ਕਿੱਟਾਂ ਤਿਆਰ ਕੀਤੀਆਂ, ਨ ਹੀ ਲੋੜੀਂਦੇ ਵੈਂਟੀਲੇਟਰਾਂ ਦਾ ਇੰਤਜ਼ਾਮ ਕੀਤਾ ਅਤੇ ਨ ਹੀ ਹੈਲਥ ਵਰਕਰਾਂ ਲਈ ਪਰੋਟੈਕਸ਼ਨ ਕਿੱਟਾਂ ਦਾ ਹੀ ਇੰਤਜ਼ਾਮ ਕੀਤਾ."

ਪ੍ਰੋ. ਸ਼ਿਵ ਸ਼ੰਕਰ ਬੋਲਿਆ: "ਮੈਂ ਤਾਂ ਇੱਥੋਂ ਤੱਕ ਵੀ ਕਹਾਂਗਾ ਕਿ ਅਮਰੀਕਾ

ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਕਰੋਨਾਵਾਇਰਸ ਮਹਾਮਾਰੀ ਨੂੰ ਕਦੀ ਗੰਭੀਰਤਾ ਨਾਲ ਲਿਆ ਹੀ ਨਹੀਂ. ਉਹ ਤਾਂ ਆਪਣੇ ਭਾਸ਼ਨਾਂ ਵਿੱਚ ਇੱਥੋਂ ਤੱਕ ਵੀ ਕਹਿੰਦਾ ਰਿਹਾ ਕਿ ਲੋਕਾਂ ਨੂੰ ਸੈਨੇਟਾਈਜ਼ਰਾਂ ਦੇ ਟੀਕੇ ਲਗਵਾ ਲੈਣੇ ਚਾਹੀਦੇ ਹਨ. ਗ਼ੈਰਜ਼ਿੰਮੇਵਾਰੀ ਦੀ ਹੱਦ ਤੱਕ ਜਾ ਕੇ ਡੋਨਲਡ ਟਰੰਪ ਨੇ ਤਾਂ ਆਪਣੇ ਭਾਸ਼ਨਾਂ ਵਿੱਚ ਇਹ ਵੀ ਕਹਿ ਦਿੱਤਾ ਸੀ ਕਿ ਕਰੋਨਾਵਾਇਰਸ ਮਹਾਵਾਰੀ ਤੋਂ ਸੀਨੀਅਰ ਸਿਟੀਜ਼ਨਜ਼ ਨੂੰ ਹੀ ਖਤਰਾ ਹੈ-ਨੌਜਵਾਨਾਂ ਨੂੰ ਕਰੋਨਾ ਮਹਾਮਾਰੀ ਤੋਂ ਡਰਨ ਦੀ ਕੋਈ ਲੋੜ ਨਹੀਂ."

ਨੀਟਾ ਗੁਪਤਾ ਬੋਲੀ: "ਹੈਰਾਨੀ ਤਾਂ ਇਸ ਗੱਲ ਦੀ ਹੈ ਕਿ ਕਰੋਨਾ ਮਹਾਮਾਰੀ ਨੂੰ ਠੱਲ੍ਹ ਪਾਉਣ ਲਈ ਸਮੁੱਚੇ ਦੇਸ਼ ਅਮਰੀਕਾ ਵਿੱਚ ਜਦੋਂ ਲੌਕਡਾਊਨ ਲਾਗੂ ਕਰ ਦਿੱਤਾ ਗਿਆ ਤਾਂ ਅਮਰੀਕਾ ਦਾ ਰਾਸ਼ਟਰਪਤੀ ਡੋਨਲਡ ਟਰੰਪ ਅਮਰੀਕਾ ਦੀਆਂ ਕੰਨਜ਼ਰਵੇਟਿਵ ਸੰਸਥਾਵਾਂ ਨੂੰ ਉਤਸਾਹਿਤ ਕਰ ਰਿਹਾ ਸੀ ਕਿ ਉਹ ਲੌਕਡਾਊਨ ਖਤਮ ਕਰਨ ਲਈ ਦੇਸ਼ ਵਿੱਚ ਰੋਸ ਮੁਜਾਹਰੇ ਕਰਨ."

ਪ੍ਰੋ. ਸ਼ਿਵ ਸ਼ੰਕਰ ਬੋਲਿਆ: "ਦਰਅਸਲ, ਕਰੋਨਾ ਮਹਾਮਾਰੀ ਕਾਰਨ ਅਮਰੀਕਾ ਦੀ ਹੋਈ ਭਾਰੀ ਤਬਾਹੀ ਲਈ ਅਮਰੀਕਾ ਦੀ ਹਕੂਮਤ ਦੀ ਸੋਚ ਵੀ ਜ਼ਿੰਮੇਵਾਰ ਹੈ. ਇਸ ਡਰ ਤੋਂ ਕਿ ਕਰੋਨਾ ਮਹਾਮਾਰੀ ਦੀ ਦਹਿਸ਼ਤ ਫੈਲ ਜਾਣ ਕਾਰਨ ਅਮਰੀਕਾ ਦੀ ਅਰਥਿਕਤਾ ਉੱਤੇ ਬੁਰਾ ਅਸਰ ਨ ਪਵੇ ਅਮਰੀਕਾ ਸਰਕਾਰ ਵੱਲੋਂ ਕਰੋਨਾ ਮਹਾਮਾਰੀ ਤੋਂ ਬਚਾਓ ਦੇ ਤੌਰ ਤਰੀਕਿਆਂ ਨੂੰ ਨ ਤਾਂ ਬਹੁਤਾ ਪ੍ਰਚਾਰਿਆ ਹੀ ਗਿਆ ਅਤੇ ਨ ਹੀ ਸਖਤੀ ਨਾਲ ਲਾਗੂ ਹੀ ਕੀਤਾ ਗਿਆ. ਪਰ ਉਸਦੇ ਮਾਰੂ ਨਤੀਜੇ ਭੁਗਤਣੇ ਪਏ ਅਤੇ ਕਰੋਨਾ ਮਹਾਮਾਰੀ ਦੀ ਲਾਗ ਦੇਸ਼ ਵਿੱਚ ਵੱਧਦੀ ਗਈ. ਹਸਪਤਾਲਾਂ ਵਿੱਚ ਕਰੋਨਾ ਮਹਾਮਾਰੀ ਨਾਲ ਪੀੜਤ ਲੋਕਾਂ ਦੀਆਂ ਭੀੜਾਂ ਵੱਧ ਗਈਆਂ. ਹਰ ਪਾਸੇ ਲਾਸ਼ਾਂ ਦੇ ਅੰਬਾਰ ਲੱਗ ਗਏ. ਇੱਕ ਵਾਰ ਤਾਂ ਹਾਲਾਤ ਇਹੋ ਜਿਹੇ ਵੀ ਬਣ ਗਏ ਕਿ ਲਾਸ਼ਾਂ ਰੱਖਣ ਲਈ ਹਸਪਤਾਲਾਂ ਵਿੱਚ ਕੋਈ ਥਾਂ ਹੀ ਨ ਰਹੀ. ਸਰਕਾਰ ਨੇ ਲਾਸ਼ਾਂ ਰੱਖਣ ਲਈ ਸਮੁੰਦਰ ਵਿੱਚ ਖੜ੍ਹੇ ਜਹਾਜ਼ਾਂ ਨੂੰ ਕਬਰਸਤਾਨ ਵਾਂਗ ਵਰਤਿਆ. ਡੋਨਲਡ ਟਰੰਪ ਦੀ ਸਰਕਾਰ ਲੋਕਾਂ ਦੀ ਸਿਹਤ ਅਤੇ ਜਾਨ-ਮਾਲ ਦੀ ਰਾਖੀ ਕਰਨ ਦੀ ਥਾਂ ਦੇਸ਼ ਦੀ ਆਰਥਿਕਤਾ ਬਣਾਈ ਰੱਖਣ ਨੂੰ ਹੀ ਪਹਿਲ ਦਿੰਦੀ ਰਹੀ."

ਸਲੀਮ ਮੁਹੰਮਦ ਬੋਲਿਆ: "ਕਰੋਨਾ ਮਹਾਮਾਰੀ ਨਾਲ ਨਜਿੱਠਣ ਵਿੱਚ ਅਮਰੀਕਾ ਨੂੰ ਮਿਲੀ ਭਾਰੀ ਅਸਫਲਤਾ ਦੇ ਕੁਝ ਹੋਰ ਵੀ ਕਾਰਨ ਹਨ. ਬੀਤੇ ਕੁਝ ਦਹਾਕਿਆਂ ਵਿੱਚ ਜ਼ੀਕਾ, ਈਬੋਲਾ, ਮੇਰਜ਼, ਸਾਰਸ ਵਰਗੀਆਂ ਮਹਾਮਾਰੀਆਂ ਨੇ ਅਮਰੀਕਾ ਵਿੱਚ ਕੋਈ ਬਹੁਤੀ ਵੱਡੀ ਤਬਾਹੀ ਨਹੀਂ ਮਚਾਈ, ਅਮਰੀਕਾ ਦੀ ਹਕੂਮਤ ਅਤੇ ਉੱਥੇ ਦੇ ਲੋਕਾਂ ਨੂੰ ਇਸ ਗੱਲ ਦੀ ਵੀ ਕੋਈ ਪ੍ਰਵਾਹ ਨਹੀਂ ਸੀ ਕਿ ਇਹ ਮਹਾਮਾਰੀਆਂ ਕਿਸੀ ਹੋਰ ਦੇਸ਼ ਵਿੱਚ ਤਬਾਹੀ ਮਚਾ ਰਹੀਆਂ ਹਨ. ਸ਼ਾਇਦ, ਇਸ ਗੱਲ ਨੇ ਹੀ ਅਮਰੀਕਾ ਦੀ ਹਕੂਮਤ ਅਤੇ ਅਮਰੀਕਾ ਦੇ ਨਾਗਰਿਕਾਂ ਨੂੰ ਕਰੋਨਾ ਮਹਾਮਾਰੀ ਵੱਲ ਲਾਪ੍ਰਵਾਹੀ ਵਰਤਣ ਅਤੇ ਬੇਧਿਆਨੇ ਹੋ ਜਾਣ ਦਾ ਮੌਕਾ ਦਿੱਤਾ."

ਨੀਟਾ ਗੁਪਤਾ ਬੋਲੀ : "ਅਮਰੀਕਾ ਦੀ ਹਕੂਮਤ ਨੇ ਚੀਨ ਅਤੇ ਯੋਰਪ ਵਿੱਚ

ਕਰੋਨਾ ਮਹਾਮਾਰੀ ਵੱਲੋਂ ਮਚਾਈ ਗਈ ਤਬਾਹੀ ਵੱਲ ਵੀ ਕੋਈ ਧਿਆਨ ਨਹੀਂ ਦਿੱਤਾ. ਜਿਸ ਕਾਰਨ ਅਮਰੀਕਾ ਨੂੰ ਕਰੋਨਾ ਮਹਾਮਾਰੀ ਵੱਲੋਂ ਅਮਰੀਕਾ ਵਿੱਚ ਮਚਾਈ ਗਈ ਭਾਰੀ ਤਬਾਹੀ ਦਾ ਸਾਹਮਣਾ ਕਰਨਾ ਪਿਆ. ਇੱਥੇ ਮੈਂ ਇਹ ਗੱਲ ਵੀ ਕਹਿਣ ਵਿੱਚ ਕੋਈ ਝਿਜਕ ਮਹਿਸੂਸ ਨਹੀਂ ਕਰਦੀ ਕਿ ਅਮਰੀਕਾ ਦੇ ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ ਲੋਕਾਂ ਨੂੰ ਦੇਸ਼ ਵਿੱਚ ਕਰੋਨਾ ਮਹਾਮਾਰੀ ਵੱਲੋਂ ਮਚਾਈ ਜਾ ਰਹੀ ਤਬਾਹੀ ਦੀ ਸਹੀ ਤਸਵੀਰ ਪੇਸ਼ ਕਰਨ ਦੀ ਥਾਂ ਲੋਕਾਂ ਨੂੰ ਝੂਠੀਆਂ ਤਸੱਲੀਆਂ ਦੇਈ ਜਾਣੀਆਂ ਕਿ ਦੇਸ਼ ਵਿੱਚ ਸਭ ਕੁਝ ਠੀਕ ਠਾਕ ਹੈ, ਅਸੀਂ ਕਰੋਨਾ ਮਹਾਮਾਰੀ ਨੂੰ ਕਾਬੂ ਕਰ ਲਿਆ ਹੈ, ਇਹ ਸਾਰੀਆਂ ਗੱਲਾਂ ਵੀ ਅਮਰੀਕਾ ਦੀ ਬਰਬਾਦੀ ਦਾ ਕਾਰਨ ਬਣੀਆਂ."

ਪ੍ਰੋ. ਸ਼ਿਵ ਸ਼ੰਕਰ ਬੋਲਿਆ : "ਦੇਖੋ, ਅਖੀਰ ਗੱਲ ਤਾਂ ਇੱਥੇ ਆ ਕੇ ਹੀ ਮੁੱਕਣੀ ਹੈ ਕਿ ਜਿਵੇਂ ਅਮਰੀਕਾ ਬਾਰੇ ਲਿਖੀ ਗਈ ਇੱਕ ਨਜ਼ਮ 'ਬੜ੍ਹਕਾਂ' ਵਿੱਚ ਇੱਕ ਸ਼ਾਇਰ ਲਿਖਦਾ ਹੈ:

"ਧਰਤੀ, ਹਵਾ, ਪਾਣੀ
ਪ੍ਰਦੂਸ਼ਿਤ ਕਰਨ ਦੀ ਦੌੜ ਵਿੱਚ
ਸਰਗਣਾ ਬਨਣ ਦੀ ਲਾਲਸਾ 'ਚ
ਨਿੱਤ, ਬੜ੍ਹਕਾਂ ਮਾਰਨ ਦੇ-
ਆਖਿਰ, ਇੱਕ ਦਿਨ
ਤਾਂ, ਨਤੀਜੇ
ਭੁਗਤਣੇ ਹੀ
ਪੈਣੇ ਸਨ"

ਸੁਰਿੰਦਰ ਕੌਰ ਬੋਲੀ: "ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਵਿਗਿਆਨ ਵਿਰੋਧੀ ਹੋਣ ਕਾਰਨ ਹੀ ਅਮਰੀਕਾ ਦੇ ਪ੍ਰਸਿੱਧ ਮੈਗਜ਼ੀਨ 'ਸਾਇੰਟਫਿਕ ਅਮੈਰਿਕਨ' ਨੇ ਕਿਹਾ: "ਡੋਨਲਡ ਟਰੰਪ ਨੇ ਅਮਰੀਕਾ ਤੇ ਇਸਦੇ ਲੋਕਾਂ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਾਇਆ ਹੈ-ਕਿਉਂਕਿ ਉਹ ਸਬੂਤ ਅਤੇ ਵਿਗਿਆਨ ਨੂੰ ਰੱਦ ਕਰਦਾ ਹੈ." ਇਸੀ ਤਰ੍ਹਾਂ ਹੀ ਨਾਮਵਰ ਮੈਡੀਕਲ ਮੈਗਜ਼ੀਨ 'ਦ ਨਿਊ ਇੰਗਲੈਂਡ ਜਰਨਲ ਆਫ ਮੈਡੀਸਨ' ਨੇ ਰਾਜਨੀਤੀ ਵਿੱਚ ਦਖਲ ਦਿੰਦਿਆਂ ਕਿਹਾ ਹੈ: "ਟਰੰਪ ਪ੍ਰਸਾਸ਼ਨ ਕਰੋਨਾ ਮਹਾਮਾਰੀ ਦਾ ਟਾਕਰਾ ਕਰਨ ਵਿੱਚ ਖਤਰਨਾਕ ਤੌਰ 'ਤੇ ਅਯੋਗ ਸਾਬਿਤ ਹੋਇਆ ਹੈ."

ਪ੍ਰੋ. ਸ਼ਿਵ ਸ਼ੰਕਰ ਬੋਲਿਆ : "ਜੂਨ 1, 2017 ਨੂੰ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਐਲਾਨ ਕਰ ਦਿੱਤਾ ਸੀ ਕਿ ਅਸੀਂ 'ਪੈਰਿਸ ਕਲਾਈਮੇਟ ਕੰਟਰੋਲ ਐਗਰੀਮੈਂਟ' ਨੂੰ ਨਹੀਂ ਮੰਨਦੇ. ਮਈ 29, 2020 ਨੂੰ ਡੋਨਲਡ ਟਰੰਪ ਨੇ ਐਲਾਨ ਕਰ ਦਿੱਤਾ ਸੀ ਕਿ ਅਸੀਂ 'ਵਰਲਡ ਹੈਲਥ ਔਰਗੇਨਾਈਜ਼ੇਸ਼ਨ' ਨੂੰ ਨਹੀਂ ਮੰਨਦੇ ਅਤੇ ਉਸ ਸੰਸਥਾ ਦੀ ਫੰਡਿੰਗ ਉੱਤੇ ਰੋਕ ਲਗਾ ਦਿੱਤੀ ਸੀ."

ਸੁਰਿੰਦਰ ਕੌਰ ਬੋਲੀ : "ਡੋਨਲਡ ਟਰੰਪ ਅਮਰੀਕਾ ਵਿੱਚ ਕਰੋਨਾ ਮਹਾਮਾਰੀ

ਦੇ ਵੱਧ ਰਹੇ ਪਾਸਾਰ ਨੂੰ ਠੱਲ੍ਹ ਪਾਉਣ ਲਈ ਵਿਗਿਆਨੀਆਂ ਦੀ ਮੱਦਦ ਲੈਣ ਦੀ ਥਾਂ ਆਪਣਾ ਸਾਰਾ ਜ਼ੋਰ ਦੁਨੀਆਂ ਵਿੱਚ ਇਹ ਗੱਲ ਫੈਲਾਉਣ ਉੱਤੇ ਹੀ ਲਗਾ ਰਿਹਾ ਸੀ ਕਿ ਕਰੋਨਾ ਮਹਾਮਾਰੀ ਚੀਨ ਨੇ ਫੈਲਾਈ ਹੈ ਅਤੇ ਉਸਨੂੰ ਇਸਦੀ ਸਜ਼ਾ ਮਿਲਣੀ ਚਾਹੀਦੀ ਹੈ."

ਸਪਨਾ ਮੁਕਰਜੀ ਬੋਲੀ: "ਡੋਨਲਡ ਟਰੰਪ ਮਹਿਜ਼ ਭਾਸ਼ਨਾਂ ਵਿੱਚ ਹੀ ਇਹ ਗੱਲ ਨਹੀਂ ਕਹਿ ਰਿਹਾ ਸੀ; ਬਲਕਿ, ਇਸ ਮੁੱਦੇ ਨੂੰ ਲੈ ਕੇ ਉਹ ਤਾਂ ਆਪਣੀ ਜੁੰਡਲੀ ਦੇ ਕੁਝ ਹੋਰ ਦੇਸ਼ਾਂ ਨੂੰ ਲੈ ਕੇ ਚੀਨ ਉੱਤੇ ਫੌਜੀ ਹਮਲਾ ਕਰਨ ਦੇ ਵੀ ਡਰਾਵੇ ਦੇ ਰਿਹਾ ਸੀ. ਇਸ ਗੱਲ ਨੂੰ ਲੈ ਕੇ ਜਾਪਾਨ ਅਤੇ ਅਸਟਰੇਲੀਆ ਵਾਂਗ ਹਿੰਦੁਸਤਾਨ ਦੀ ਹਕੂਮਤ ਵੀ ਡੋਨਲਡ ਟਰੰਪ ਦੀ ਹੀ ਹਾਂ ਵਿੱਚ ਹਾਂ ਮਿਲਾ ਰਹੀ ਸੀ."

ਨੀਟਾ ਗੁਪਤਾ ਬੋਲੀ: "ਕਰੋਨਾ ਮਹਾਮਾਰੀ ਨਾਲ ਨਜਿੱਠਣ ਵਿੱਚ ਅਮਰੀਕਾ ਦੀ ਭਾਰੀ ਅਸਫਲਤਾ ਨੂੰ ਦੇਖਦਿਆਂ ਧਾਰਮਿਕ ਲੋਕ ਇਸ ਗੱਲ ਦੀ ਦੁਹਾਈ ਦੇਣ ਲੱਗ ਜਾਂਦੇ ਸਨ ਕਿ ਅਮਰੀਕਾ ਵਰਗਾ ਵਿਗਿਆਨ ਦਾ ਚੈਂਪੀਅਨ ਦੇਸ਼ ਜੇਕਰ ਅਸਫਲ ਹੋਇਆ ਹੈ ਤਾਂ ਇਹ ਵਿਗਿਆਨ ਦੀ ਵੀ ਅਸਫਲਤਾ ਹੈ. ਵਿਗਿਆਨ ਦੀ ਵੀ ਹਾਰ ਹੈ. ਕਿਉਂਕਿ ਵਿਗਿਆਨ ਦੇ ਪੱਖੋਂ ਵੀ ਅਮਰੀਕਾ ਸੁਪਰਪਾਵਰ ਹੈ. ਦਰਅਸਲ, ਅਮਰੀਕਾ ਦੀ ਅਸਫਲਤਾ ਡੋਨਲਡ ਟਰੰਪ ਅਤੇ ਉਸਦੀ ਵਿਗਿਆਨਕ ਸੋਚ ਵਿਰੋਧੀ ਹਕੂਮਤ ਦੀ ਹਾਰ ਹੈ."

ਸਲੀਮ ਮੁਹੰਮਦ ਬੋਲਿਆ : "ਡੋਨਲਡ ਟਰੰਪ ਤਾਂ ਹਿੰਦੁਸਤਾਨ ਦੇ ਧਾਰਮਿਕ ਕੱਟੜਵਾਦੀਆਂ ਵਾਂਗ ਇਹੀ ਗੱਲ ਬਾਰ ਬਾਰ ਕਹਿੰਦਾ ਰਿਹਾ ਕਿ ਕਰੋਨਾ ਮਹਾਮਾਰੀ ਤਾਂ ਰੱਬ ਵੱਲੋਂ ਭੇਜੀ ਗਈ ਆਫਤ ਹੈ. ਇਹ ਕਿਸੀ ਦਵਾਈ ਨਾਲ ਠੀਕ ਨਹੀਂ ਹੋਵੇਗੀ. ਇਸਨੇ ਤਾਂ ਆਪਣੇ ਆਪ ਹੀ ਠੀਕ ਹੋ ਜਾਣਾ ਹੈ. ਕਿਸੀ ਨੂੰ ਵੀ ਕਰੋਨਾ ਮਹਾਮਾਰੀ ਬਾਰੇ ਬਹੁਤਾ ਚਿੰਤਤ ਹੋਣਾ ਹੀ ਨਹੀਂ ਚਾਹੀਦਾ."

ਕਰੋਨਾ ਮਹਾਮਾਰੀ ਪਾਸਾਰ ਨਾਲ ਹੀ ਅਮਰੀਕੀ ਪੂੰਜੀਵਾਦ ਦੀ ਦੁਰਦਸ਼ਾ ਹੋਣੀ ਵੀ ਸ਼ੁਰੂ ਹੋ ਗਈ;ਪਰ ਨੇਤਾ ਜੀ, ਇਸ ਗੱਲ ਵੱਲੋਂ ਬੇਪ੍ਰਵਾਹ ਹੋ ਕੇ ਕਿ ਅਮਰੀਕਾ ਦੇ ਪੂੰਜੀਵਾਦੀ ਸਿਸਟਮ ਦੀ ਦੁਰਦਸ਼ਾ ਹੋ ਰਹੀ ਹੈ, ਅਜੇ ਵੀ ਅਮਰੀਕਾ-ਹਿੰਦੁਸਤਾਨ ਦੀ ਦੋਸਤੀ ਦੇ ਨਾਹਰੇ ਬੁਲੰਦ ਕਰਨ ਵਿੱਚ ਹੀ ਮਸਤ ਸਨ.

# 18.

ਸਲੀਮ ਮੁਹੰਮਦ, ਅੱਜ ਸਵੇਰੇ ਸਵੇਰੇ ਹੀ, ਪਾਕਿਸਤਾਨੀ ਪੰਜਾਬੀ ਸ਼ਾਇਰ, ਬਾਬਾ ਨਜਮੀ ਦੀ ਕਰੋਨਾ ਮਹਾਮਾਰੀ ਨਾਲ ਸਬੰਧਤ ਇੱਕ ਗ਼ਜ਼ਲ ਦੇ ਕੁਝ ਸ਼ੇਅਰ ਤਰੰਨਮ ਵਿੱਚ ਗੁਣਗੁਣਾ ਰਿਹਾ ਸੀ:

ਤੈਨੂੰ ਕੀਲਣ ਦੇ ਲਈ ਸਾਰੇ ਸੋਚਣ ਡਹੇ ਤਦਬੀਰਾਂ
ਸਾਡੇ ਵਿਹੜੇ ਨਹੀਂਓਂ ਗਲਣੀ ਤੇਰੀ ਦਾਲ ਕਰੋਨੇ
ਅਸੀਂ ਸਮੁੰਦਰ ਚੀਰਨ ਵਾਲੇ, ਦਰਿਆਵਾਂ ਵਿੱਚ ਖੇਡੇ
ਸਾਡਾ ਰਸਤਾ ਕੀ ਡੱਕਣਾ ਏ ਤੇਰੇ ਖਾਲ ਕਰੋਨੇ
ਸੱਪਾਂ ਵਾਂਗੂੰ ਗਲ ਵਿੱਚ ਪੈ ਗਈ ਸਾਡੇ ਬੇਪਰਵਾਹੀ
ਸਾਹਵਾਂ ਦੇ ਨਾਲ ਸਾੜ ਦਿਆਂਗੇ ਤੇਰਾ ਜਾਲ ਕਰੋਨੇ

ਕੋਲ ਹੀ ਬੈਠਾ, ਪ੍ਰੋ. ਸ਼ਿਵ ਸ਼ੰਕਰ ਬੋਲਿਆ: "ਸਲੀਮ ਮੁਹੰਮਦ, ਤੂੰ ਤਾਂ ਯਾਰ, ਅੱਜ, ਸਵੇਰੇ ਸਵੇਰੇ ਹੀ, ਯੂਨੀਵਰਸਿਟੀ ਕੌਫੀ ਹਾਊਸ ਦਾ ਮਾਹੌਲ ਹੀ ਗਰਮਾ ਦਿੱਤਾ. ਬਾਬਾ ਨਜਮੀ ਨੇ ਵੀ ਕੀ ਕਮਾਲ ਦੀ ਗੱਲ ਕਹੀ ਹੈ:

ਅਸੀਂ ਸਮੁੰਦਰ ਚੀਰਨ ਵਾਲੇ, ਦਰਿਆਵਾਂ ਵਿੱਚ ਖੇਡੇ
ਸਾਹਵਾਂ ਦੇ ਨਾਲ ਸਾੜ ਦਿਆਂਗੇ, ਤੇਰਾ ਜਾਲ ਕਰੋਨੇ"

ਨੀਟਾ ਗੁਪਤਾ ਬੋਲੀ: "ਬਾਬਾ ਨਜਮੀ ਨੇ ਸਹੀ ਗੱਲ ਕਹੀ ਹੈ. ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਵਾਕਿਆ ਹੀ ਪਾਕਿਸਤਾਨ ਵਿੱਚ ਕਰੋਨਾ ਮਹਾਮਾਰੀ ਉੱਤੇ ਕਾਬੂ ਪਾ ਲਿਆ."

ਸਪਨਾ ਮੁਕਰਜੀ ਬੋਲੀ: "ਪਰ ਦੇਖ ਲਓ, ਇਹ ਸਾਡੇ ਇੰਡੀਆ ਦੇ ਟੀਵੀ ਚੈਨਲ, ਪਾਕਿਸਤਾਨ ਦਾ ਨਾਮ ਲੈਂਦਿਆਂ ਹੀ ਜ਼ਹਿਰ ਉਗਲਣ ਲੱਗ ਜਾਂਦੇ ਹਨ. ਕਦੀ ਕਹਿਣਗੇ 'ਪਾਕਿਸਤਾਨ ਵਿੱਚ ਕਰੋਨਾ ਦਾ ਬੰਬ ਫਟ ਗਿਆ'. ਕਦੀ ਕਹਿਣਗੇ 'ਇਹ ਮੁੱਲਾਂ ਲੋਕ ਕਰੋਨਾ ਨਾਲ ਦੁਨੀਆਂ ਨੂੰ ਬਰਬਾਦ ਕਰਨਗੇ'. ਕਦੀ ਕਹਿਣਗੇ 'ਇਹ ਮੁੱਲਾਂ ਆਪ ਤਾਂ ਮਰਨਗੇ ਹੀ ਪਰ ਨਾਲ ਬਾਕੀ ਦੁਨੀਆਂ ਨੂੰ ਵੀ ਮਾਰਨਗੇ'."

ਸਲੀਮ ਮੁਹੰਮਦ ਬੋਲਿਆ: "ਵਿਸ਼ਵ ਹੈਲਥ ਸੰਸਥਾ ਦੇ ਪ੍ਰਧਾਨ ਟੈਡਰੋਸ ਨੇ ਵੀ ਕਰੋਨਾ ਮਹਾਮਾਰੀ ਉੱਤੇ ਕਾਬੂ ਪਾ ਲੈਣ ਕਰਕੇ ਪਾਕਿਸਤਾਨ ਦੀ ਤਾਰੀਫ ਕੀਤੀ ਹੈ."

ਨਿਸ਼ਾ ਤਬੱਸੁਮ ਬੋਲੀ: "ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਸਾਹਮਣੇ ਵੱਡੀ ਚੁਣੌਤੀ ਕਰੋਨਾ ਮਹਾਮਾਰੀ ਦਾ ਮੁਕਾਬਲਾ ਕਰਨਾ ਅਤੇ ਆਪਣੀ ਹਕੂਮਤ ਨੂੰ ਵੀ ਬਚਾਈ ਰੱਖਣਾ ਸੀ. ਇਨ੍ਹਾਂ ਦੋਨਾਂ ਗੱਲਾਂ ਵਿੱਚ ਹੀ ਉਹ ਸਫਲ ਰਿਹਾ."

ਸਲੀਮ ਮੁਹੰਮਦ ਬੋਲਿਆ: "ਇਸੇ ਕਰਕੇ ਹੀ ਤਾਂ ਦੁਨੀਆਂ ਇਹ ਜਾਨਣ ਲਈ ਉਤਸੁਕ ਹੈ ਕਿ ਆਖਿਰ ਉਹ ਅਜਿਹੀਆਂ ਕਿਹੜੀਆਂ ਗੱਲਾਂ ਹਨ ਜਿਨ੍ਹਾਂ ਕਰਕੇ ਪਾਕਿਸਤਾਨ

ਨੂੰ ਏਨੀ ਸਫਲਤਾ ਮਿਲੀ; ਜਦੋਂ ਕਿ ਇਸਦੇ ਉਲਟ ਪਾਕਿਸਤਾਨ ਦੇ ਗੁਆਂਢੀ ਦੇਸ਼ ਇੰਡੀਆ ਵਿੱਚ ਕਰੋਨਾ ਮਹਾਮਾਰੀ ਕਾਬੂ ਤੋਂ ਬਾਹਰ ਹੋ ਚੁੱਕੀ ਹੈ.''

ਨਿਸ਼ਾ ਤਬੱਸੁਮ ਬੋਲੀ: ''ਪਾਕਿਸਤਾਨ ਦੀ ਸਫਲਤਾ ਦਾ ਮੁੱਖ ਕਾਰਨ ਇਹ ਸੀ ਕਿ ਉਸਨੇ ਹਿੰਦੁਸਤਾਨ ਦੀ ਮੋਦੀ ਸਰਕਾਰ ਵਾਂਗ ਸਾਡੇ ਦੇਸ਼ ਵਿੱਚ ਪੂਰਾ ਅਤੇ ਸਖਤ ਲੌਕਡਾਊਨ ਲਾਗੂ ਕਰਕੇ ਸਾਰੇ ਦੇਸ਼ ਨੂੰ ਖੜੋਤ ਵਿੱਚ ਨਹੀਂ ਲਿਆਂਦਾ. ਬਲਕਿ, ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਪਾਕਿਸਤਾਨ ਵਿੱਚ 'ਸਮਾਰਟ ਲੌਕਡਾਊਨ' ਲਾਗੂ ਕੀਤਾ. ਜਿਸਦਾ ਮਤਲਬ ਹੈ ਕਿ ਕਿਸੇ ਇੰਡਸਟਰੀ ਜਾਂ ਕਿਸੇ ਕਿਸੇ ਇਲਾਕੇ ਨੂੰ ਹੀ ਬੰਦ ਕੀਤਾ ਜਿੱਥੇ ਜਿੱਥੇ ਕਰੋਨਾ ਮਹਾਮਾਰੀ ਫੈਲੀ ਸੀ. ਜਦੋਂ ਕਿ ਬਾਕੀ ਸਭ ਵਿਉਪਾਰਕ ਅਦਾਰੇ ਅਤੇ ਜ਼ਿੰਦਗੀ ਆਪਣੀ ਤੋਰ ਤੁਰਦੇ ਰਹੇ. ਜਿਸ ਕਾਰਨ ਲੋਕਾਂ ਨੂੰ ਕੰਮ ਧੰਦੇ ਕਰਨ ਵਿੱਚ ਵੀ ਕੋਈ ਮੁਸ਼ਕਿਲ ਨਹੀਂ ਆਈ ਅਤੇ ਦੇਸ਼ ਦੀ ਆਰਥਿਕਤਾ ਵੀ ਆਪਣੀ ਤੋਰੇ ਤੁਰਦੀ ਰਹੀ.''

ਸਲੀਮ ਮੁਹੰਮਦ ਬੋਲਿਆ: ''ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਬਹੁਤ ਹੀ ਸਪੱਸ਼ਟ ਸ਼ਬਦਾਂ ਵਿੱਚ ਕਹਿ ਦਿੱਤਾ ਸੀ ਕਿ ਸਾਡੇ ਦੇਸ਼ ਵਿੱਚ 25% ਦੇ ਕਰੀਬ ਗਰੀਬ ਲੋਕ ਰਹਿੰਦੇ ਹਨ. ਜਿਨ੍ਹਾਂ ਲਈ ਦੋ ਵੇਲੇ ਦੀ ਰੋਟੀ ਕਮਾਉਣੀ ਵੀ ਮੁਸ਼ਕਿਲ ਹੁੰਦੀ ਹੈ. ਮੈਂ ਉਨ੍ਹਾਂ ਲੋਕਾਂ ਨੂੰ ਭੁੱਖੇ ਨਹੀਂ ਮਾਰਨਾ ਚਾਹੁੰਦਾ. ਹਾਂ, ਜੇਕਰ, ਪਾਕਿਸਤਾਨ ਵਿੱਚ ਵੀ ਯੂ.ਕੇ., ਸਪੇਨ, ਇਟਲੀ ਜਿਹੇ ਯੋਰਪੀਅਨ ਦੇਸ਼ਾਂ ਵਰਗੀ ਸਥਿਤੀ ਪੈਦਾ ਹੋ ਜਾਂਦੀ ਤਾਂ ਮੈਂ ਵੀ ਸਾਰੇ ਪਾਕਿਸਤਾਨ ਵਿੱਚ ਲੌਕਡਾਊਨ ਲਗਾਉਣ ਬਾਰੇ ਸੋਚ ਸਕਦਾ ਸੀ.''

ਨੀਟਾ ਗੁਪਤਾ ਬੋਲੀ: ''ਜੇਕਰ ਪਾਕਿਸਤਾਨ ਵਿੱਚ, ਹਿੰਦੁਸਤਾਨ ਵਾਂਗ, ਸਖਤ ਲੌਕਡਾਊਨ ਲਾਗੂ ਕੀਤਾ ਜਾਂਦਾ ਤਾਂ ਪਾਕਿਸਤਾਨ ਵਿੱਚ ਨ ਸਿਰਫ ਭੁੱਖਮਰੀ ਫੈਲ ਜਾਣੀ ਸੀ; ਬਲਕਿ, ਉੱਥੇ ਧਾਰਮਿਕ ਕੱਟੜਵਾਦੀਆਂ ਨੇ ਲੋਕਾਂ ਨੂੰ ਭੜਕਾਅ ਕਿ ਵੱਡੀ ਪੱਧਰ ਉੱਤੇ ਫਿਰਕੂ-ਫ਼ਸਾਦ ਅਤੇ ਕਤਲੋਗਾਰਦ ਕਰਨੀ ਵੀ ਸ਼ੁਰੂ ਕਰ ਦੇਣੀ ਸੀ. ਜਿਸ ਰਾਜਸੀ ਉੱਥਲ-ਪੁੱਥਲ ਦਾ ਅਸਰ ਪਾਕਿਸਤਾਨ ਦੇ ਗੁਆਂਢੀ ਮੁਲਕਾਂ ਉੱਤੇ ਵੀ ਪੈਣਾ ਸੀ.''

ਪ੍ਰੋ. ਸ਼ਿਵ ਸ਼ੰਕਰ ਬੋਲਿਆ: ''ਕਰੋਨਾ ਮਹਾਮਾਰੀ ਸੰਕਟ ਉੱਤੇ ਕਾਬੂ ਪਾ ਲੈਣ ਵਿੱਚ ਪਾਕਿਸਤਾਨ ਸਰਕਾਰ ਲਈ ਹੋਰ ਵੀ ਕਈ ਗੱਲਾਂ ਸਹਾਈ ਹੋਈਆਂ. ਪਾਕਿਸਤਾਨ ਵਿੱਚ ਪੋਲੀਓ ਦੀ ਬੀਮਾਰੀ ਦਾ ਅਸਰ ਅੱਜ ਤੀਕ ਵੀ ਜਾਰੀ ਹੈ. ਪੋਲੀਓ ਦੀ ਬੀਮਾਰੀ ਉੱਤੇ ਕਾਬੂ ਪਾਉਣ ਲਈ ਪਾਕਿਸਤਾਨ ਸਰਕਾਰ ਦੇ ਸਿਹਤ ਵਿਭਾਗ ਨੇ ਸਿਹਤ ਕਰਮੀਆਂ ਦੀਆਂ ਜੋ ਵੱਖੋ, ਵੱਖ ਕੰਮਾਂ ਲਈ ਟੀਮਾਂ ਬਣਾਈਆਂ ਹੋਈਆਂ ਸਨ, ਉਹੀ ਟੀਮਾਂ ਪਾਕਿਸਤਾਨ ਵਿੱਚ ਕਰੋਨਾ ਮਹਾਮਾਰੀ ਉੱਤੇ ਕਾਬੂ ਪਾਉਣ ਲਈ ਕੀਤੀਆਂ ਗਈਆਂ ਸਰਗਰਮੀਆਂ ਵਿੱਚ ਬਹੁਤ ਮੱਦਦਗਾਰ ਸਾਬਿਤ ਹੋਈਆਂ. ਇਨ੍ਹਾਂ ਟੀਮਾਂ ਦੇ ਮੈਂਬਰ ਹੀ ਘਰ ਘਰ ਜਾ ਕੇ ਲੋਕਾਂ ਦੀ ਟੈਸਟਿੰਗ ਕਰਦੇ ਸਨ, ਪਤਾ ਕਰਦੇ ਸਨ ਕਿ ਕਿਸ ਕਿਸ ਨੂੰ ਕਰੋਨਾ ਦੀ ਲਾਗ ਹੋਈ ਹੈ, ਇਹੀ ਲੋਕ ਆਮ ਲੋਕਾਂ ਨੂੰ ਕਰੋਨਾ ਮਹਾਮਾਰੀ ਬਾਰੇ ਜਾਣਕਾਰੀ ਦਿੰਦੇ ਸਨ

ਅਤੇ ਉਨ੍ਹਾਂ ਨੂੰ ਦੱਸਦੇ ਸਨ ਕਿ ਲੋਕ ਇਸ ਬੀਮਾਰੀ ਤੋਂ ਕਿਵੇਂ ਬਚ ਸਕਦੇ ਹਨ.''

ਨਿਸ਼ਾ ਤਬੱਸੁਮ ਬੋਲੀ: ''ਬਾਕੀ ਦੇਸ਼ਾਂ ਦੀ ਰੀਸੋ, ਰੀਸ ਪਾਕਿਸਤਾਨ ਸਰਕਾਰ ਨੇ ਵੀ ਪਹਿਲਾਂ ਤਾਂ ਸਭ ਧਾਰਮਿਕ ਸਥਾਨ ਬੰਦ ਕਰਨ ਦਾ ਹੁਕਮ ਦੇ ਦਿੱਤਾ ਸੀ. ਪਰ ਫਿਰ ਲੋਕਾਂ ਦੀ ਭਾਰੀ ਮੰਗ ਅੱਗੇ ਝੁਕਦਿਆਂ ਪ੍ਰਧਾਨ ਮੰਤਰੀ ਇਮਰਾਨ ਖ਼ਾਨ ਨੇ ਮਸਜਿਦਾਂ ਆਦਿ ਖੁੱਲ੍ਹਣ ਦੀ ਇਜਾਜ਼ਤ ਦੇ ਦਿੱਤੀ ਸੀ. ਪਰ ਉਸਨੇ ਲੋਕਾਂ ਨੂੰ ਸਖਤ ਤਾੜਨਾ ਕੀਤੀ ਸੀ ਕਿ ਉਹ ਧਾਰਮਿਕ ਸਥਾਨਾਂ ਵਿੱਚ ਕਰੋਨਾ ਮਹਾਮਾਰੀ ਨਾਲ ਸਬੰਧਤ ਸਭ ਸਰਕਾਰੀ ਨਿਯਮਾਂ ਦੀ ਸਖਤੀ ਨਾਲ ਪਾਲਣਾ ਕਰਨਗੇ. ਜਿਵੇਂ ਕਿ ਇੱਕ ਦੂਜੇ ਤੋਂ ਛੇ ਫੁੱਟ ਦੀ ਦੂਰੀ ਰੱਖਣੀ ਅਤੇ ਸੈਨੇਟਾਈਜ਼ਰਜ਼ ਆਦਿ ਦੀ ਵਰਤੋਂ ਕਰਨੀ, ਮੂੰਹਾਂ ਉੱਤੇ ਮਾਸਕ ਲਗਾਣਾ ਆਦਿ. ਇਸ ਦੇ ਨਾਲ ਨਾਲ ਹੀ ਸਰਕਾਰ ਨੇ ਆਮ ਲੋਕਾਂ ਵਿੱਚ ਕਰੋਨਾ ਮਹਾਮਾਰੀ ਬਾਰੇ ਜਾਗਰਤੀ ਦੀ ਮੁਹਿੰਮ ਵੀ ਬਹੁਤ ਤੇਜ਼ ਕਰ ਦਿੱਤੀ ਸੀ.''

ਨੀਟਾ ਗੁਪਤਾ ਬੋਲੀ: ''ਦੋਸਤਾਂ ਨੇ ਜਿੰਨੀਆਂ ਵੀ ਗੱਲਾਂ ਕਹੀਆਂ ਹਨ, ਨਿਰਸੰਦੇਹ, ਪਾਕਿਸਤਾਨ ਦੀ ਕਾਮਿਯਾਬੀ ਵਿੱਚ ਇਹ ਸਭ ਗੱਲਾਂ ਬਹੁਤ ਮੱਦਦਗਾਰ ਹੋਈਆਂ; ਪਰ ਇੱਕ ਹੋਰ ਵੀ ਮਹੱਤਵ-ਪੂਰਨ ਗੱਲ ਹੈ ਜਿਸਦਾ ਮੈਂ ਜਰੂਰ ਜ਼ਿਕਰ ਕਰਨਾ ਚਾਹਾਂਗੀ. ਪਾਕਿਸਤਾਨ ਸਰਕਾਰ ਨੇ ਇਸ ਗੱਲ ਵਿੱਚ ਕੋਈ ਝਿਜਕ ਮਹਿਸੂਸ ਨਹੀਂ ਕੀਤੀ ਕਿ ਕਰੋਨਾ ਮਹਾਮਾਰੀ ਉੱਤੇ ਕਾਬੂ ਪਾਉਣ ਲਈ ਹੋਰਨਾਂ ਦੇਸ਼ਾਂ ਦੇ ਤਜਰਬਿਆਂ ਤੋਂ ਵੀ ਸਿੱਖਿਆ ਜਾਵੇ. ਜਿਵੇਂ ਕਿ ਪਾਕਿਸਤਾਨ ਨੇ ਆਪਣੇ ਗਵਾਂਢੀ ਦੇਸ਼ ਚੀਨ ਤੋਂ ਵੀ ਬਹੁਤ ਕੁਝ ਸਿੱਖਿਆ. ਪਾਕਿਸਤਾਨ ਨੇ ਸਕੂਲਾਂ ਨੂੰ ਮੁੜ ਤੋਂ ਖੋਲ੍ਹਣ ਵਿੱਚ ਇੱਕ ਦੰਮ ਕਾਹਲ ਨਹੀਂ ਕੀਤੀ. ਪਹਿਲਾਂ ਵੱਡੇ ਬੱਚਿਆਂ ਦੇ ਸੀਨੀਅਰ ਸਕੂਲ ਖੋਹਲੇ ਗਏ, ਕੁਝ ਹਫਤਿਆਂ ਦੇ ਵਕਫ਼ੇ ਬਾਹਦ ਛੋਟੇ ਬੱਚਿਆਂ ਦੇ ਜੂਨੀਅਰ ਸਕੂਲ ਖੋਹਲੇ ਗਏ ਅਤੇ ਫਿਰ ਕੁਝ ਹਫਤਿਆਂ ਦੇ ਵਕਫ਼ੇ ਬਾਹਦ ਛੋਟੇ ਬੱਚਿਆਂ ਦੇ ਕਿੰਡਰਗਾਰਟਨ ਸਕੂਲ ਖੋਹਲੇ ਗਏ.''

ਸਲੀਮ ਮੁਹੰਮਦ ਬੋਲਿਆ: ''ਚੀਨ ਸਰਕਾਰ ਨੇ ਕਰੋਨਾ ਮਹਾਮਾਰੀ ਦਾ ਮੁਕਾਬਲਾ ਕਰਨ ਲਈ ਪਾਕਿਸਤਾਨ ਸਰਕਾਰ ਨੂੰ ਬਹੁਤ ਸਾਰੀਆਂ ਦਵਾਈਆਂ ਅਤੇ ਮੈਡੀਕਲ ਸਮਾਨ ਵੀ ਦਿੱਤਾ. ਜੋ ਕਿ ਕਰੋਨਾ ਮਹਾਮਾਰੀ ਵਿਰੁੱਧ ਲੜਾਈ ਲੜਨ ਵਿੱਚ ਮੱਦਦਗਾਰ ਸਾਬਿਤ ਹੋਇਆ.''

ਨਿਸ਼ਾ ਤਬੱਸੁਮ ਬੋਲੀ: ''ਮੈਨੂੰ ਲੱਗਦਾ ਹੈ ਕਿ ਤੁਸੀਂ ਅਜੇ ਵੀ ਪਾਕਿਸਤਾਨ ਦੀ ਕਾਮਿਯਾਬੀ ਦੀ ਸਭ ਤੋਂ ਮਹਤਵ-ਪੂਰਨ ਗੱਲ ਦਾ ਚਰਚਾ ਨਹੀਂ ਕੀਤਾ. ਹਿੰਦੁਸਤਾਨ ਸਰਕਾਰ ਨੇ ਜਦੋਂ ਸਾਰੇ ਹਿੰਦੁਸਤਾਨ ਵਿੱਚ ਮੁਕੰਮਲ ਅਤੇ ਸਖਤ ਲੌਕਡਾਊਨ ਲਗਾ ਦਿੱਤਾ ਤਾਂ ਸਰਕਾਰ ਨੇ ਸਮਝਿਆ ਸੀ ਕਿ ਜੋ ਕੁਝ ਜਿੱਥੇ ਜਿੱਥੇ ਹੈ ਉਹ ਉੱਥੇ ਉੱਥੇ ਹੀ ਟਿਕਿਆ ਰਹੇਗਾ. ਪਰ ਹੋਇਆ ਸਭ ਕੁਝ ਇਸ ਤੋਂ ਉਲਟ. ਜਦੋਂ ਸਮੁੱਚੇ ਦੇਸ਼ ਵਿੱਚ ਬੇਰੁਜ਼ਗਾਰ, ਭੁੱਖਾਂ ਦੇ ਸਤਾਏ ਅਤੇ ਬੇਘਰੇ ਲੋਕ ਪਹਿਲਾਂ ਹਜ਼ਾਰਾਂ ਅਤੇ ਫਿਰ ਲੱਖਾਂ ਦੀ ਗਿਣਤੀ ਵਿੱਚ ਸ਼ਹਿਰਾਂ ਤੋਂ ਆਪਣੀ ਜੱਦੀ ਪਿੰਡਾਂ ਵੱਲ ਤੁਰ ਪਏ ਤਾਂ ਕਰੋਨਾ ਮਹਾਮਾਰੀ ਵੀ ਵੱਡੇ ਸ਼ਹਿਰਾਂ ਤੋਂ ਛੋਟੇ ਸ਼ਹਿਰਾਂ, ਕਸਬਿਆਂ ਅਤੇ ਪਿੰਡਾਂ ਤੱਕ ਪਹੁੰਚ ਗਈ. ਜਿਸ

ਕਾਰਨ ਕਰੋਨਾ ਮਹਾਮਾਰੀ ਕੁਝ ਵੱਡੇ ਵੱਡੇ ਸ਼ਹਿਰਾਂ ਤੱਕ ਸੀਮਤ ਰਹਿਣ ਦੀ ਥਾਂ ਸਾਰੇ ਹਿੰਦੁਸਤਾਨ ਵਿੱਚ ਫੈਲ ਗਈ."

ਸਲੀਮ ਮੁਹੰਮਦ ਬੋਲਿਆ : "ਬਿਲਕੁਲ. ਜਦੋਂ ਕਿ ਪਾਕਿਸਤਾਨ ਸਰਕਾਰ ਨੇ ਹਿੰਦੁਸਤਾਨ ਸਰਕਾਰ ਦੇ ਸਖਤ ਲੌਕਡਾਊਨ ਦੇ ਮੁਕਾਬਲੇ 'ਸਮਾਰਟ ਲੌਕਡਾਊਨ' ਲਾਗੂ ਕਰਕੇ ਬਹੁਤ ਹੀ ਸਿਆਣਪ ਤੋਂ ਕੰਮ ਲਿਆ. ਜਿਸ ਕਾਰਨ ਜੋ ਕੋਈ ਜਿੱਥੇ ਜਿੱਥੇ ਸੀ ਉਹ ਉੱਥੇ ਹੀ ਰਿਹਾ ਅਤੇ ਲੋਕ ਆਪਣੇ ਆਪਣੇ ਕੰਮ-ਧੰਦੇ ਵਿੱਚ ਵੀ ਲੱਗੇ ਰਹੇ. ਬਲਕਿ, ਸਰਕਾਰ ਨੇ ਮੁਸ਼ਕਿਲਾਂ ਵਿੱਚ ਆਏ ਗਰੀਬ ਲੋਕਾਂ ਨੂੰ ਨਕਦ ਰੁਪਏ ਵੀ ਉਨ੍ਹਾਂ ਦੇ ਬੈਂਕਾਂ ਰਾਹੀਂ ਦਿੱਤੇ. ਜਿਸ ਕਾਰਨ ਜੇਕਰ ਕੋਈ ਕਰੋਨਾ ਦਾ ਮਰੀਜ਼ ਵੀ ਸੀ ਤਾਂ ਉਹ ਆਪਣੇ ਟਿਕਾਣੇ ਉੱਤੇ ਹੀ ਰਿਹਾ. ਇਸ ਤਰ੍ਹਾਂ ਬੀਮਾਰੀ ਫੈਲਣ ਤੋਂ ਰੋਕਣ ਵਿੱਚ ਵੀ ਮੱਦਦ ਮਿਲੀ ਅਤੇ ਲੋੜਵੰਦਾਂ ਨੂੰ ਮੈਡੀਕਲ ਸਹਾਇਤਾ ਵੀ ਸਮੇਂ ਸਿਰ ਪਹੁੰਚਾਈ ਜਾ ਸਕੀ. ਦੋ ਗੁਆਂਢੀ ਦੇਸ਼ਾਂ ਵਿੱਚ ਕਰੋਨਾ ਦੀ ਸਥਿਤੀ ਨੂੰ ਇੰਝ ਸਮਝਿਆ ਜਾ ਸਕਦਾ ਹੈ ਕਿ ਕਰੋਨਾ ਨੂੰ ਕਾਬੂ ਕਰਨ ਵਿੱਚ ਪਾਕਿਸਤਾਨ ਕਿਉਂ ਕਾਮਿਯਾਬ ਹੋਇਆ ਅਤੇ ਹਿੰਦੁਸਤਾਨ ਕਿਉਂ ਅਸਫਲ ਹੋਇਆ."

ਪ੍ਰੋ. ਸ਼ਿਵ ਸ਼ੰਕਰ ਬੋਲਿਆ: "ਪਾਕਿਸਤਾਨ ਨੂੰ ਕਾਮਿਯਾਬੀ ਪ੍ਰਾਪਤ ਕਰਨ ਦੌਰਾਨ, ਨਿਰਸੰਦੇਹ, ਅਜਿਹੇ ਧਾਰਮਿਕ ਕੱਟੜਵਾਦੀ ਲੋਕਾਂ ਦੇ ਵਿਰੋਧ ਦਾ ਸਾਹਮਣਾ ਵੀ ਕਰਨਾ ਪਿਆ. ਜੋ ਕਰੋਨਾ ਟੈਸਟ ਕਰਵਾਉਣ ਤੋਂ ਇਸ ਲਈ ਇਨਕਾਰ ਕਰਦੇ ਸਨ ਕਿਉਂਕਿ ਉਨ੍ਹਾਂ ਦਾ ਯਕੀਨ ਸੀ ਕਿ ਇਹ ਸ਼ੈਤਾਨ ਦੇਸ਼ ਅਮਰੀਕਾ ਦੀ ਇੱਕ ਸਾਜ਼ਿਸ਼ ਹੈ ਕਿ ਮੁਸਲਮਾਨ ਲੋਕਾਂ ਨੂੰ ਖੱਸੀ ਕੀਤਾ ਜਾ ਸਕੇ'. ਇਸੀ ਤਰ੍ਹਾਂ ਬਹੁਤ ਸਾਰੀਆਂ ਮਸਜਿਦਾਂ ਵਿੱਚ ਮੌਲਵੀ ਇਸ ਤਰ੍ਹਾਂ ਦੇ ਵੀ ਬਿਆਨ ਦਿੰਦੇ ਸਨ ਕਿ 'ਜਦੋਂ ਜੀਣਾ-ਮਰਨਾ ਅੱਲਾ ਦੇ ਹੱਥ ਹੈ ਤਾਂ ਕਰੋਨਾ ਮਹਾਮਾਰੀ ਤੋਂ ਡਰਨ ਦੀ ਕੀ ਲੋੜ ਹੈ?'"

ਨਿਸ਼ਾ ਤਬੱਸੁਮ ਬੋਲੀ: "ਅੰਤਰਰਾਸ਼ਟਰੀ ਅਤੇ ਦੇਸ਼ ਵਿਚਲੀਆਂ ਹਵਾਈ ਉਡਾਣਾਂ ਨੇ ਵੀ ਹਿੰਦੁਸਤਾਨ ਵਿੱਚ ਕਰੋਨਾ ਮਹਾਮਾਰੀ ਨੂੰ ਫੈਲਾਇਆ; ਜਦੋਂ ਕਿ ਇਸਦੇ ਮੁਕਾਬਲੇ ਵਿੱਚ ਪਾਕਿਸਤਾਨ ਵਿੱਚ ਅੰਤਰਰਾਸ਼ਟਰੀ ਅਤੇ ਅੰਦਰੂਨੀ ਹਵਾਈ ਉਡਾਣਾਂ ਵੀ ਬਹੁਤ ਸੀਮਤ ਸਨ. ਜਿਸ ਕਾਰਨ ਹਵਾਈ ਉਡਾਣਾਂ ਨਾਲ ਆਉਣ-ਜਾਣ ਵਾਲੇ ਯਾਤਰੀ ਵੀ ਬਹੁਤੀ ਕਰੋਨਾ ਮਹਾਮਾਰੀ ਨਹੀਂ ਫੈਲਾ ਸਕੇ."

ਨੀਟਾ ਗੁਪਤਾ ਬੋਲੀ: "ਦੇਖੋ, ਇਹ ਸਾਰੀਆਂ ਸਿਆਣਪਾਂ ਪਾਕਿਸਤਾਨ ਸਰਕਾਰ ਅਤੇ ਉੱਥੇ ਦੇ ਲੋਕਾਂ ਦੇ ਲਈ ਕਿੰਨੀਆਂ ਲਾਭਵੰਦ ਸਿੱਧ ਹੋਈਆਂ. ਹੁਣ, ਪਾਕਿਸਤਾਨ ਵਿੱਚ ਹਰ ਰੋਜ਼ ਆਉਣ ਵਾਲੇ ਕਰੋਨਾ ਮਹਾਮਾਰੀ ਦੇ ਨਵੇਂ ਮਰੀਜ਼ਾਂ ਦੀ ਗਿਣਤੀ 1,300 ਦੇ ਕਰੀਬ ਹੈ; ਜਦੋਂ ਕਿ ਇਸਦੇ ਮੁਕਾਬਲੇ ਵਿੱਚ ਹਿੰਦੁਸਤਾਨ ਵਿੱਚ ਅਜੇ ਵੀ ਹਰ ਰੋਜ਼ ਦੇ ਆਉਣ ਵਾਲੇ ਨਵੇਂ ਕਰੋਨਾ ਮਰੀਜ਼ਾਂ ਦੀ ਗਿਣਤੀ 45,000 ਦੇ ਕਰੀਬ ਹੈ. ਪਾਕਿਸਤਾਨ ਦੀ ਆਰਥਿਕਤਾ ਵੀ ਤੇਜ਼ੀ ਨਾਲ ਅੱਗੇ ਵੱਲ ਜਾ ਰਹੀ ਹੈ. ਜਦੋਂ ਕਿ ਇਸਦੇ ਮੁਕਾਬਲੇ ਵਿੱਚ ਹਿੰਦੁਸਤਾਨ ਦੀ ਆਰਥਿਕਤਾ ਜੋ ਕਿ ਡੂੰਘੇ ਖੂਹ ਵਿੱਚ ਡਿੱਗ ਪਈ ਸੀ, ਅਜੇ ਵੀ

ਡੂੰਘੇ ਖੂਹ ਵਿੱਚੋਂ ਨਿਕਲਣ ਦੀਆਂ ਕੋਸ਼ਿਸ਼ਾਂ ਕਰ ਰਹੀ ਹੈ.''

ਨਿਸ਼ਾ ਤਬੱਸੁਮ ਬੋਲੀ: ''ਪਾਕਿਸਤਾਨ ਨੇ ਭਾਵੇਂ ਕਰੋਨਾ ਵਿਰੁੱਧ ਜੰਗ ਜਿੱਤ ਲਈ, ਪਰ ਕਰੋਨਾ ਦੀ ਦਹਿਸ਼ਤ ਨੇ ਫਿਰ ਵੀ ਪਾਕਿਸਤਾਨ ਦੇ ਲੋਕਾਂ ਦੀ ਮਾਨਸਿਕਤਾ ਉੱਤੇ ਖ਼ੌਫ਼ ਅਤੇ ਇਕੱਲਤਾ ਦੀ ਗਹਿਰੀ ਛਾਪ ਛੱਡੀ. ਜਿਸਨੂੰ ਪਾਕਿਸਤਾਨੀ ਪੰਜਾਬੀ ਸ਼ਾਇਰ ਇਰਫ਼ਾਨ ਸਾਦਿਕ ਨੇ ਆਪਣੇ ਕਾਵਿਕ ਅੰਦਾਜ਼ ਵਿੱਚ ਕੁਝ ਇਸ ਤਰ੍ਹਾਂ ਬਿਆਨ ਕੀਤਾ ਹੈ:

ਬਹਾਰਾਂ ਦੇ ਦਿਨ ਨੇ
ਮਗਰ ਟਹਿਣੀਆਂ 'ਤੇ
ਗੁਲਾਬਾਂ ਦੀ ਥਾਂ ਖ਼ੌਫ਼ ਹੀ ਦਹਿਕਦਾ ਹੈ
ਤੇ ਸਭ ਤਿਤਲੀਆਂ ਦੇ ਪਰਾਂ ਤੇ ਹਵਾ ਨੇ
ਸੰਨਾਟਾ, ਸੰਨਾਟਾ ਹੀ ਬਸ ਉਕਰਿਆ ਹੈ

ਖ਼ਾਮੋਸ਼ੀ ਬਦਨ ਚੀਰਦੀ ਜਾ ਰਹੀ ਹੈ
ਹਵਾਵਾਂ ਦੇ ਬੁੱਲੇ ਨੇ ਜ਼ਹਿਰਾਂ ਭਰੇ
ਹਵਾਵਾਂ 'ਚ ਸਾਹ ਲੈਣੋਂ ਹਰ ਕੋਈ ਡਰੇ
ਲੋਕ ਚਿਹਰੇ ਨੂੰ ਪਰਦੇ ਦੇ ਹੇਠਾਂ ਛੁਪਾ
ਆਪਣੇ ਹੀ ਸ਼ਹਿਰ ਵਿੱਚ
ਅਜਨਬੀਅਤ ਦੇ ਖੂਹ ਵਿੱਚ ਨੇ ਡਿੱਗਦੇ ਪਏ

ਘਰਾਂ ਨੂੰ ਕੋਰੰਨਟਾਈਨ ਬਣੇ ਵੇਖਣਾ
ਇਸ ਤੋਂ ਵੱਡੀ ਹੈ ਹੋਰ ਔਖ ਕਿਹੜੀ ਭਲਾ
ਇਹ ਬੜੀ ਬੇਬਸੀ ਹੈ
ਕਰੋਨਾ ਹੱਥੋਂ ਲੋਕ ਹਨ ਮਰ ਰਹੇ
ਤੇ ਅੰਕੜੇ ਲਗਾਤਾਰ ਹਨ ਵਧ ਰਹੇ
ਅਜਬ ਬੇਬਸੀ ਹੈ''

ਸਲੀਮ ਮੁਹੰਮਦ ਬੋਲਿਆ: ''ਦੋਸਤੋ, ਇਸ ਮਾਹੌਲ ਨੂੰ ਬਹੁਤ ਹੀ ਖੂਬਸੂਰਤੀ ਨਾਲ ਪੇਸ਼ ਕਰਦੀਆਂ ਇੱਕ ਪਾਕਿਸਤਾਨੀ ਪੰਜਾਬੀ ਸ਼ਾਇਰ ਮਕਸੂਦ ਵਫ਼ਾ ਦੀ ਨਜ਼ਮ 'ਬੰਦੀ ਬਣਾਏ ਹੋਏ ਦਿਨ' ਦੀਆਂ ਕੁਝ ਸਤਰਾਂ ਮੈਂ ਵੀ ਪੇਸ਼ ਕਰਨੀਆਂ ਚਾਹਾਂਗਾ :

ਮੈਨੂੰ ਪਤਾ ਹੈ
ਮੈਂ ਆਪਣੇ ਘਰ 'ਚ ਕੱਟਾਂਗਾ ਤਨਹਾਈ
ਤੇ ਹੈਰਾਨੀ ਨਾਲ ਵੇਖਾਂਗਾ
ਟੀ.ਵੀ. ਉੱਤੇ ਚੀਕਦੇ ਮੌਲਵੀ ਨੂੰ

ਜਿਨ੍ਹੂੰ ਸਾਹਮਣਓਂ ਆਉਂਦੀ ਮੌਤ ਵੀ
ਦਿਖਾਈ ਨਹੀਂ ਦਿੰਦੀ
ਪਰ ਜੰਨਤ ਦਿਖਾਈ ਦੇ ਦਿੰਦੀ ਏ''

ਕਰੋਨਾ ਮਹਾਮਾਰੀ ਪਾਸਾਰ ਨੂੰ ਰੋਕਣ ਅਤੇ ਕਰੋਨਾ ਮਹਾਮਾਰੀ ਸੰਕਟ ਨਾਲ ਨਜਿੱਠਣ ਵਿੱਚ ਪਾਕਿਸਤਾਨ ਨੂੰ ਕਾਮਿਯਾਬੀ ਮਿਲੀ; ਪਰ ਨੇਤਾ ਜੀ ਅਤੇ ਉਨ੍ਹਾਂ ਦਾ ਹਿੰਦੁਸਤਾਨੀ ਭੌਂਕੂ ਮੀਡੀਆ ਪਾਕਿਸਤਾਨ ਨੂੰ ਕਰੋਨਾ ਟਾਈਮ ਬੰਬ ਦੱਸ ਦੱਸ ਕੇ ਹੀ ਆਪਣੇ ਦੇਸ਼ ਦੇ ਲੋਕਾਂ ਵਿੱਚ ਝੂਠ ਦਾ ਪਾਸਾਰ ਕਰਦੇ ਰਹੇ.

# 19.

ਕੈਨੇਡਾ ਵਿੱਚ ਵੀ, ਕੁਝ ਹੋਰ ਦੇਸ਼ਾਂ ਵਾਂਗ, ਕਰੋਨਾਵਾਇਰਸ ਮਹਾਮਾਰੀ ਦੇ ਪਹਿਲੇ ਕੁਝ ਮਰੀਜ਼ ਵੂਹਾਨ, ਚੀਨ, ਤੋਂ ਕੈਨੇਡਾ ਵਾਪਸ ਪਰਤਣ ਵਾਲੇ ਲੋਕ ਹੀ ਸਨ.

ਉਂਝ, ਕੈਨੇਡਾ ਦੇ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਇਨ੍ਹਾਂ ਮੁੱਢਲੇ ਲੋਕਾਂ ਵਿੱਚ ਕੁਝ ਲੋਕ ਉਹ ਵੀ ਸ਼ਾਮਿਲ ਸਨ ਜੋ ਕਿ ਚੀਨ ਤੋਂ ਨਹੀਂ; ਬਲਕਿ, ਈਰਾਨ ਤੋਂ ਕੈਨੇਡਾ ਵਾਪਸ ਪਰਤੇ ਸਨ.

ਕੈਨੇਡਾ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਪਹਿਲੇ ਵਿਅਕਤੀ ਦੀ ਪਹਿਚਾਣ 25 ਜਨਵਰੀ ਨੂੰ ਹੋਈ ਸੀ.

ਉਹ ਵਿਅਕਤੀ ਦੁਨੀਆਂ ਵਿੱਚ ਸਭ ਤੋਂ ਪਹਿਲਾਂ ਕਰੋਨਾ ਮਹਾਮਾਰੀ ਉਭਰਨ ਵਾਲੀ ਥਾਂ ਚੀਨ ਦੇ ਸ਼ਹਿਰ ਵੂਹਾਨ ਤੋਂ ਆਇਆ ਸੀ ਅਤੇ ਉਸਨੂੰ ਟੋਰਾਂਟੋ ਦੇ ਸੰਨੀਬਰੁੱਕ ਹਸਪਤਾਲ ਵਿੱਚ ਦਾਖਲ ਕੀਤਾ ਗਿਆ ਸੀ.

ਕੈਨੇਡਾ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਦੂਜੇ ਵਿਅਕਤੀ ਵਜੋਂ ਇੱਕ ਔਰਤ ਦੀ ਪਹਿਚਾਣ ਹੋਈ ਸੀ. ਜੋ ਕਿ ਕੈਨੇਡਾ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਪਹਿਲੇ ਵਿਅਕਤੀ ਦੀ ਹੀ ਪਤਨੀ ਸੀ. ਜੋ ਕਿ ਆਪਣੇ ਪਤੀ ਨਾਲ ਵੂਹਾਨ, ਚੀਨ, ਘੁੰਮ ਫਿਰ ਕੇ ਆਈ ਸੀ. ਕੈਨੇਡਾ ਦੇ ਸਿਹਤ ਵਿਭਾਗ ਨੇ ਇਸ ਔਰਤ ਨੂੰ ਆਪਣੇ ਹੀ ਘਰ ਵਿੱਚ ਰਹਿ ਕੇ ਆਰਾਮ ਕਰਨ ਦੀ ਸਲਾਹ ਦਿੱਤੀ ਸੀ.

ਕੈਨੇਡਾ ਵਿੱਚ ਕਰੋਨਾਵਾਇਰਸ ਮਹਾਮਾਰੀ ਕਾਰਨ ਪਹਿਲੀ ਮੌਤ 8 ਮਾਰਚ ਨੂੰ ਨੌਰਥ ਵੈਨਕੂਵਰ ਦੇ ਇੱਕ ਨਰਸਿੰਗ ਹੋਮ ਵਿੱਚ ਹੋਈ ਸੀ. ਮਰਨ ਵਾਲਾ ਇਹ ਵਿਅਕਤੀ 80 ਸਾਲ ਦਾ ਇੱਕ ਬਜ਼ੁਰਗ ਸੀ.

11 ਮਾਰਚ ਨੂੰ ਜਦੋਂ ਵਰਲਡ ਹੈਲਥ ਔਰਗੇਨਾਈਜ਼ੇਸ਼ਨ ਨੇ ਕਰੋਨਾ ਮਹਾਮਾਰੀ ਦਾ ਐਲਾਨ ਕੀਤਾ ਤਾਂ ਉਦੋਂ ਤੱਕ ਕੈਨੇਡਾ ਵਿੱਚ ਕਰੋਨਾ ਮਹਾਮਾਰੀ ਨਾਲ ਪੀੜਤ ਲੋਕਾਂ ਦੀ ਕੁੱਲ ਗਿਣਤੀ 100 ਤੋਂ ਵੀ ਕੁਝ ਵੱਧ ਤੱਕ ਪਹੁੰਚ ਚੁੱਕੀ ਸੀ.

12 ਮਾਰਚ ਨੂੰ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੀ ਪਤਨੀ ਸੋਫੀਆ ਵੀ ਕਰੋਨਾਵਾਇਰਸ ਪੌਜ਼ਿਟਿਵ ਹੋ ਗਈ. ਇਸ ਦਿਨ ਹੀ ਕੈਨੇਡਾ ਦੀ ਨੈਸ਼ਨਲ ਹਾਕੀ ਲੀਗ ਅਤੇ ਹੋਰ ਖੇਡ ਸੰਸਥਾਵਾਂ ਨੇ ਆਪਣਾ ਖੇਡ ਸੀਜ਼ਨ ਖਤਮ ਹੋਣ ਦਾ ਐਲਾਨ ਕਰ ਦਿੱਤਾ. ਓਨਟਾਰੀਓ ਦੇ ਸਕੂਲਾਂ ਵੱਲੋਂ ਵੀ ਬੱਚਿਆਂ ਦੀਆਂ ਛੁੱਟੀਆਂ ਵਿੱਚ ਵਾਧਾ ਕਰਨ ਦਾ ਐਲਾਨ ਕਰ ਦਿੱਤਾ ਗਿਆ.

ਸਮੁੱਚੇ ਕੈਨੇਡਾ ਵਿੱਚ ਹੀ ਕਰੋਨਾ ਮਹਾਮਾਰੀ ਦਾ ਡਰ ਅਤੇ ਦਹਿਸ਼ਤ ਦਾ ਅਸਰ ਦਿਖਾਈ ਦੇਣ ਲੱਗਾ.

16 ਮਾਰਚ ਨੂੰ ਕੈਨੇਡਾ ਨੇ ਅਮਰੀਕਾ ਦੇ ਸ਼ਹਿਰੀਆਂ ਅਤੇ ਕੁਝ ਹੋਰ ਲੋਕਾਂ ਨੂੰ

ਛੱਡ ਕੇ ਬਾਕੀ ਹਰ ਕਿਸੀ ਲਈ ਕੈਨੇਡਾ ਦੇ ਬਾਰਡਰ ਬੰਦ ਕਰ ਦਿੱਤੇ.

ਪਰ, ਕੈਨੇਡਾ ਦੇ ਲੋਕਾਂ ਲਈ ਬਾਰਡਰ ਖੁੱਲ੍ਹੇ ਰਹੇ.

ਅਗਲੇ ਕੁਝ ਦਿਨਾਂ ਦੇ ਵਿੱਚ ਹੀ, ਕੈਨੇਡਾ ਦੇ ਵੱਖੋ ਵੱਖ ਸੂਬਿਆਂ ਨੇ ਐਮਰਜੈਂਸੀ ਹਾਲਾਤ ਦਾ ਐਲਾਨ ਕਰ ਦਿੱਤਾ.

ਕੈਨੇਡਾ ਅਤੇ ਅਮਰੀਕਾ ਨੇ ਐਲਾਨ ਕਰ ਦਿੱਤਾ ਕਿ ਕੈਨੇਡਾ-ਅਮਰੀਕਾ ਦੇ ਬਾਰਡਰ ਤੋਂ ਸਿਰਫ ਜ਼ਰੂਰੀ ਵਸਤਾਂ ਨੂੰ ਹੀ ਲੰਘਣ ਦਿੱਤਾ ਜਾਵੇਗਾ.

ਕੁਝ ਦਿਨਾਂ ਵਿੱਚ ਹੀ ਕੈਨੇਡਾ ਵਿੱਚ ਕਰੋਨਾ ਮਹਾਮਾਰੀ ਨਾਲ ਪੀੜਤ ਲੋਕਾਂ ਦੀ ਗਿਣਤੀ 1,000 ਤੱਕ ਪਹੁੰਚ ਗਈ.

ਦੇਸ਼ ਵਿੱਚ ਹਾਲਾਤ ਵਿਗੜਦੇ ਦੇਖ ਕੈਨੇਡਾ ਦੇ ਵੱਖੋ ਵੱਖ ਪ੍ਰਾਂਤਾਂ ਵਿੱਚ ਸ਼ਾਪਿੰਗ ਮਾਲ, ਰੈਸਟੋਰੈਂਟ, ਬਿਊਟੀ ਸੈਲੂਨ ਆਦਿ ਬੰਦ ਕੀਤੇ ਜਾਣ ਦੇ ਹੁਕਮ ਹੋਣ ਲੱਗੇ.

ਹੁਣ, ਸਰਕਾਰ ਨੂੰ ਕੈਨੇਡਾ ਦੇ ਉਨ੍ਹਾਂ ਦੇਸ਼ਵਾਸੀਆਂ ਦੀ ਵੀ ਫਿਕਰ ਹੋਣ ਲੱਗੀ ਜੋ ਕਿ ਕੰਮਕਾਰਾਂ ਦੇ ਸਿਲਸਿਲੇ ਵਿੱਚ ਜਾਂ ਸਾਕ-ਸਬੰਧੀਆਂ ਨੂੰ ਮਿਲਣ ਲਈ ਹੋਰਨਾਂ ਦੇਸ਼ਾਂ ਵਿੱਚ ਗਏ ਹੋਏ ਸਨ.

ਕੈਨੇਡਾ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਉਹ ਕਰੋਨਾ ਮਹਾਮਾਰੀ ਕਾਰਨ ਹੋਰਨਾਂ ਦੇਸ਼ਾਂ ਵਿੱਚ ਫਸੇ ਕੈਨੇਡੀਅਨ ਨਾਗਰਿਕਾਂ ਨੂੰ ਕੈਨੇਡਾ ਵਾਪਸ ਲਿਆਉਣ ਲਈ ਹਵਾਈ ਉਡਾਣਾਂ ਦਾ ਇੰਤਜ਼ਾਮ ਕਰ ਰਹੀ ਹੈ.

ਕੈਨੇਡਾ ਦੇ ਡਿਫੈਂਸ ਮਨਿਸਟਰ ਹਰਜੀਤ ਸਿੰਘ ਸੱਜਣ ਨੇ ਵੀ ਐਲਾਨ ਕਰ ਦਿੱਤਾ ਕਿ ਕੈਨੇਡਾ ਵਿੱਚ ਕਰੋਨਾਵਾਇਰਸ ਮਹਾਮਾਰੀ ਕਾਰਨ ਪੈਦਾ ਹੋਈ ਕਿਸੀ ਵੀ ਤਰ੍ਹਾਂ ਦੀ ਸਥਿਤੀ ਨਾਲ ਨਿਬੜਨ ਲਈ 24,000 ਕੈਨੇਡੀਅਨ ਫੌਜੀ ਤਿਆਰ-ਬਰ-ਤਿਆਰ ਹਨ.

ਕੈਨੇਡਾ ਸਰਕਾਰ ਨੇ ਇਹ ਵੀ ਐਲਾਨ ਕੀਤਾ ਕਿ ਸਰਕਾਰ ਉਨ੍ਹਾਂ ਸਭ ਕਾਮਿਆਂ ਦੀ ਆਰਥਿਕ ਮੱਦਦ ਕਰੇਗੀ ਜਿਨ੍ਹਾਂ ਦਾ ਰੁਜ਼ਗਾਰ ਕਰੋਨਾ ਮਹਾਮਾਰੀ ਕਾਰਨ ਛੁਟ ਗਿਆ ਹੈ.

ਸਰਕਾਰ ਨੇ ਵਿਉਪਾਰਕ ਅਦਾਰਿਆਂ ਦੀ ਆਰਥਿਕ ਮੱਦਦ ਕਰਨ ਦਾ ਵੀ ਐਲਾਨ ਕੀਤਾ.

ਇਸ ਸਭ ਕੁਝ ਦੇ ਦੌਰਾਨ 15 ਅਪ੍ਰੈਲ ਤੱਕ ਕੈਨੇਡਾ ਵਿੱਚ ਕਰੋਨਾਵਾਇਰਸ ਮਹਾਮਾਰੀ ਕਾਰਨ 1,000 ਮੌਤਾਂ ਹੋ ਚੁੱਕੀਆਂ ਸਨ.

ਅਪ੍ਰੈਲ 19 ਨੂੰ ਕੈਨੇਡਾ ਨੇ ਐਲਾਨ ਕੀਤਾ ਕਿ ਕਰੋਨਾ ਵਾਇਰਸ ਮਹਾਮਾਰੀ ਕਾਰਨ ਕੈਨੇਡਾ ਵਿੱਚ 44,000 ਤੱਕ ਲੋਕਾਂ ਦੀਆਂ ਮੌਤਾਂ ਹੋ ਸਕਦੀਆਂ ਹਨ.

ਸਰਕਾਰ ਨੇ ਇਹ ਵੀ ਜਾਣਕਾਰੀ ਮੀਡੀਆ ਨੂੰ ਦਿੱਤੀ ਕਿ ਮਾਰਚ ਦੇ ਮਹੀਨੇ ਵਿੱਚ ਹੀ ਤਕਰੀਬਨ 10 ਲੱਖ ਲੋਕਾਂ ਦੇ ਰੁਜ਼ਗਾਰ ਖਤਮ ਹੋ ਗਏ ਸਨ.

ਓਨਟਾਰੀਓ ਅਤੇ ਕਿਊਬੈਕ ਕੈਨੇਡਾ ਦੇ ਦੋ ਅਜਿਹੇ ਸੂਬੇ ਸਨ ਜਿਨ੍ਹਾਂ ਵਿੱਚ

ਕਰੋਨਾ ਮਹਾਮਾਰੀ ਨੇ ਸਭ ਤੋਂ ਵੱਧ ਤਬਾਹੀ ਮਚਾਈ ਸੀ. ਇਨ੍ਹਾਂ ਦੋ ਸੂਬਿਆਂ ਵਿੱਚ ਤਾਂ ਲਾਂਗ ਟਰਮ ਕੇਅਰ ਹੋਮਜ਼ ਵਿੱਚ ਹਾਲਾਤ ਜ਼ਿਆਦਾ ਵਿਗੜ ਜਾਣ ਕਾਰਨ ਫੌਜ ਵੀ ਬੁਲਾਉਣੀ ਪਈ ਸੀ.

'ਕਰੋਨਾ ਵਾਇਰਸ ਮਹਾਮਾਰੀ ਅਤੇ ਕੈਨੇਡਾ' ਵਿਸ਼ੇ ਉੱਤੇ ਚਰਚਾ ਕਰਨ ਲਈ ਅੱਜ 'ਮਾਲਟਨ ਕਮਿਊਨਿਟੀ ਸੈਂਟਰ' ਵਿੱਚ ਇੱਕ ਜਨਤਕ ਇਕੱਠ ਹੋ ਰਿਹਾ ਹੈ.

ਚਲੋ ਚੱਲਦੇ ਹਾਂ ਅੱਜ ਉੱਥੇ ਇਸ ਵਿਸ਼ੇ ਉੱਤੇ ਲੋਕਾਂ ਦੇ ਵਿਚਾਰ ਸੁਨਣ ਲਈ.

ਪ੍ਰੋ. ਰਜਨੀਸ਼ ਸ਼ਰਮਾ ਬੋਲਿਆ : "ਅੰਤਰਰਾਸ਼ਟਰੀ ਸੰਮੇਲਨਾਂ ਜਾਂ ਸੈਮੀਨਾਰਾਂ ਵਿੱਚ ਇਹ ਗੱਲ ਅਕਸਰ ਹੀ ਕਹੀ ਜਾਂਦੀ ਹੈ ਕਿ ਇਸ ਵੇਲੇ ਕੈਨੇਡਾ ਵਿੱਚ ਹਿੰਦੁਸਤਾਨ ਤੋਂ ਵਧੇਰੇ ਵੱਡਾ ਅਤੇ ਸ਼ਕਤੀਸ਼ਾਲੀ ਪੰਜਾਬੀ ਮੀਡੀਆ ਹੈ. ਇਹ ਵੀ ਗੱਲ ਕਹੀ ਜਾਂਦੀ ਹੈ ਕਿ ਇਸ ਵੇਲੇ ਕੈਨੇਡਾ ਵਿੱਚ 500 ਤੋਂ ਵੀ ਵੱਧ ਗਿਣਤੀ ਵਿੱਚ ਪੰਜਾਬੀ ਲੇਖਕ ਰਹਿੰਦੇ ਹਨ. ਜਿਨ੍ਹਾਂ ਦੀਆਂ ਕਿਤਾਬਾਂ ਵੀ ਪ੍ਰਕਾਸ਼ਿਤ ਹੋ ਚੁੱਕੀਆਂ ਹਨ. ਘੱਟ ਤੋਂ ਘੱਟ 20 ਦੇ ਕਰੀਬ ਅਜਿਹੇ ਪੰਜਾਬੀ ਲੇਖਕ ਵੀ ਹੋਣਗੇ ਜਿਨ੍ਹਾਂ ਨੇ ਪੀਐਚ.ਡੀ. ਦੀ ਡਿਗਰੀ ਵੀ ਪ੍ਰਾਪਤ ਕੀਤੀ ਹੋਈ ਹੈ. ਕਈ ਤਾਂ ਸਾਹਿਤ ਅਕੈਡਮੀ ਐਵਾਰਡ ਜੇਤੂ ਲੇਖਕ ਵੀ ਕੈਨੇਡਾ ਵਿੱਚ ਰਹਿ ਰਹੇ ਹਨ. ਕਰੋਨਾ ਮਹਾਮਾਰੀ ਨੇ ਵਿਸ਼ਵ-ਪੱਧਰ ਉੱਤੇ ਤਬਾਹੀ ਮਚਾਈ ਹੈ. ਹਿੰਦੁਸਤਾਨ ਦਾ ਪ੍ਰਿੰਟ ਮੀਡੀਆ ਪਿਛਲੇ 6 ਮਹੀਨੇ ਤੋਂ ਪੰਜਾਬੀ, ਹਿੰਦੀ, ਅੰਗਰੇਜ਼ੀ ਅਖਬਾਰਾਂ ਵਿੱਚ ਕਰੋਨਾ ਮਹਾਮਾਰੀ ਨਾਲ ਸਬੰਧਤ ਸੈਂਕੜੇ ਨਿਬੰਧ ਛਾਪ ਰਿਹਾ ਹੈ. ਟੀਵੀ ਪ੍ਰੋਗਰਾਮਾਂ ਵਿੱਚ ਕਰੋਨਾ ਮਹਾਮਾਰੀ ਨਾਲ ਸਬੰਧਤ ਧੂੰਆਂਧਾਰ ਬਹਿਸਾਂ ਹੁੰਦੀਆਂ ਰਹੀਆਂ ਹਨ. ਪਰ ਉਸਦੇ ਮੁਕਾਬਲੇ ਵਿੱਚ ਕੈਨੇਡਾ ਦਾ ਵਧੇਰੇ ਪੰਜਾਬੀ ਮੀਡੀਆ ਕਰੋਨਾ ਮਹਾਮਾਰੀ ਵਿਸ਼ੇ ਨੂੰ ਲੈ ਕੇ ਚੁੱਪ ਧਾਰੀ ਬੈਠਾ ਹੈ?"

ਦਵਿੰਦਰ ਕੌਰ ਬੋਲੀ : "ਬੜੀ ਸ਼ਰਮ ਦੀ ਗੱਲ ਹੈ. ਕੈਨੇਡਾ ਦੇ ਪੰਜ/ਸੱਤ ਪੰਜਾਬੀ ਲੇਖਕਾਂ ਨੇ ਹੀ ਕਰੋਨਾ ਮਹਾਮਾਰੀ ਬਾਰੇ ਨਿਬੰਧ ਲਿਖੇ ਹਨ. ਬਾਕੀ ਸੈਂਕੜੇ ਕੈਨੇਡੀਅਨ ਪੰਜਾਬੀ ਲੇਖਕ ਸੁਸਰੀ ਵਾਂਗ ਸੁੱਤੇ ਪਏ ਹਨ. ਜਾਪਦਾ ਹੈ ਕਿ ਇਨ੍ਹਾਂ ਬਾਕੀ ਕੈਨੇਡੀਅਨ ਪੰਜਾਬੀ ਲੇਖਕਾਂ ਨੂੰ ਕਰੋਨਾ ਮਹਾਮਾਰੀ ਕੋਈ ਲਿਖਣ ਯੋਗ ਵਿਸ਼ਾ ਹੀ ਨਹੀਂ ਲੱਗਦਾ."

ਪ੍ਰੋ. ਸ਼ਿਵ ਸ਼ੰਕਰ ਬੋਲਿਆ : "ਪ੍ਰੋ. ਰਜਨੀਸ਼ ਸ਼ਰਮਾ ਅਤੇ ਦਵਿੰਦਰ ਕੌਰ, ਤੁਸੀਂ ਕੈਨੇਡਾ ਦੇ ਪੰਜਾਬੀ ਮੀਡੀਆ ਅਤੇ ਪੰਜਾਬੀ ਲੇਖਕਾਂ ਬਾਰੇ ਬੜੀ ਤਲਖ ਹਕੀਕਤ ਪੇਸ਼ ਕੀਤੀ ਹੈ. ਤੁਹਾਡੀਆਂ ਹੀ ਗੱਲਾਂ ਦੀ ਪ੍ਰੋੜਤਾ ਕਰਦੀ ਕੈਨੇਡਾ ਦੇ ਹੀ ਇੱਕ ਸ਼ਾਇਰ ਦੀ ਨਜ਼ਮ 'ਦੇਸ ਵਾਪਸੀ' ਦੀਆਂ ਕੁਝ ਸਤਰਾਂ ਸੁਣੋ:

ਦੇਸ ਪਰਤਿਆ, ਤਾਂ
ਇਹ ਗੱਲ, ਮੇਰੇ ਕੰਨੀਂ ਪਈ-
ਕੈਨੇਡਾ ਦੇ ਪੰਜਾਬੀ ਮੀਡੀਆ ਨੂੰ
ਅਜੇ ਵੀ, ਪਹਿਲਾਂ ਵਾਂਗ ਹੀ

ਪੰਜਾਬ ਵਿੱਚ ਵੱਧ ਰਹੀ
ਕਰੋਨਾ ਮਹਾਮਾਰੀ ਦੀ ਹੀ ਚਿੰਤਾ ਹੈ
ਪਰ, ਕਰੋਨਾ ਮਹਾਮਾਰੀ ਵੱਲੋਂ ਕੀਤੀ ਗਈ
ਕੈਨੇਡਾਵਾਸੀਆਂ ਦੀ ਤਬਾਹੀ ਬਾਰੇ
ਉਹ, ਘੱਟ ਹੀ, ਕੋਈ
ਗੱਲ ਕਰਦੇ ਹਨ"

ਜਸਟੀਨਾ ਧੰਜਲ ਬੋਲੀ : "ਇਸੇ ਹੀ ਕੈਨੇਡੀਅਨ ਪੰਜਾਬੀ ਸ਼ਾਇਰ ਦੀ ਇੱਕ ਹੋਰ ਖ਼ੂਬਸੂਰਤ ਨਜ਼ਮ 'ਚਾਅ' ਵਿੱਚੋਂ ਮੈਂ ਵੀ ਕੁਝ ਸਤਰਾਂ ਪੇਸ਼ ਕਰਨੀਆਂ ਚਾਹਾਂਗੀ. ਦੇਖੋ, ਇਹ ਸ਼ਾਇਰ ਕੈਨੇਡੀਅਨ ਪੰਜਾਬੀ ਮੀਡੀਆ ਅਤੇ ਲੇਖਕਾਂ ਦੀ ਸਥਿਤੀ ਨੂੰ ਕਿੰਨੇ ਭਾਵਪੂਰਤ ਅੰਦਾਜ਼ ਵਿੱਚ ਪੇਸ਼ ਕਰਦਾ ਹੈ:

ਹਿੰਦੁਸਤਾਨ, ਜਦੋਂ
ਕਰੋਨਾ ਯੁੱਧ-ਭੂਮੀ ਦਾ
ਵਿਸ਼ਵ-ਕੇਂਦਰ ਬਣ ਗਿਆ, ਤਾਂ
ਬਹੁਤ ਚਾਅ ਸੀ, ਆਪਣੇ
ਦੇਸ ਪਰਤਣ ਦਾ-

ਕੈਨੇਡਾ ਪਰਤਾਂਗਾ, ਤਾਂ
ਆਂਢੀਆਂ, ਗੁਆਂਢੀਆਂ, ਦੋਸਤਾਂ, ਸਾਥੀਆਂ, ਨਾਲ
ਖੁੱਲ੍ਹ ਕੇ ਗੱਲਾਂ ਕਰਾਂਗਾ

ਪੁੱਛਾਂਗਾ:
ਕਰੋਨਾ ਮਹਾਮਾਰੀ ਦੀ
ਦਹਿਸ਼ਤ ਦੇ ਦਿਨਾਂ ਵਿੱਚ
ਜ਼ਿੰਦਗੀ, ਕਿਵੇਂ ਗੁਜ਼ਰਦੀ ਸੀ-

ਪਰ, ਮੈਂ ਦੇਖਿਆ-
ਇੱਥੇ, ਲੋਕ, ਕਰੋਨਾ ਮਹਾਮਾਰੀ ਬਾਰੇ
ਚਿੰਤਤ ਹੋਣ ਦੀ ਥਾਂ, ਆਪਣੇ, ਪੰਜਾਬੀ
ਬਜ਼ੁਰਗਾਂ ਦੀਆਂ ਹੱਡੀਆਂ ਦੀ ਸੁਆਹ
ਕੈਨੇਡਾ ਦੇ, ਕਿਸੀ, ਨਦੀ ਰੂਪੀ
ਪਾਣੀਆਂ ਵਿੱਚ ਰੋੜ੍ਹੇ ਜਾਣ ਦੀ
ਖ਼ਬਰ ਸੁਣ ਕੇ ਹੀ

ਝੂਮ ਰਹੇ ਹਨ"

ਰਾਣੀ ਸਿੱਧੂ ਬੋਲੀ : "ਇਸ ਵੇਲੇ ਕੈਨੇਡਾ ਵਿੱਚ ਕਰੋਨਾ ਵਾਇਰਸ ਮਹਾਮਾਰੀ ਦੀ ਦੂਜੀ ਲਹਿਰ ਦਾ ਪੂਰਾ ਜ਼ੋਰ ਹੈ. ਮੇਨਸਟਰੀਮ ਇੰਗਲਿਸ਼ ਮੀਡੀਏ ਦਾ ਕੁਝ ਹਿੱਸਾ ਸਾਡੀ ਸਾਊਥ ਏਸ਼ੀਅਨ ਕਮਿਊਨਿਟੀ ਨੂੰ ਵੀ ਇਸ ਗੱਲ ਲਈ ਜ਼ਿੰਮੇਵਾਰ ਠਹਿਰਾਅ ਰਿਹਾ ਹੈ ਕਿ ਪੀਲ ਰੀਜ਼ਨ ਵਿੱਚ ਜੇਕਰ ਕਰੋਨਾਵਾਇਰਸ ਮਹਾਮਾਰੀ ਫੈਲ ਰਹੀ ਹੈ ਤਾਂ ਉਸ ਲਈ ਅਸੀਂ ਜ਼ਿੰਮੇਵਾਰ ਹਾਂ. ਕਿਉਂਕਿ ਅਸੀਂ ਕਰੋਨਾ ਮਹਾਮਾਰੀ ਨਾਲ ਸਬੰਧਤ ਨਿਯਮਾਂ ਦੀ ਪਾਲਣਾ ਨਹੀਂ ਕਰਦੇ. ਦੇਖੋ, ਮੇਨਸਟਰੀਮ ਇੰਗਲਿਸ਼ ਮੀਡੀਆ ਵੱਲੋਂ ਸਾਊਥ ਏਸ਼ੀਅਨ ਲੋਕਾਂ ਪ੍ਰਤੀ ਅਪਣਾਇਆ ਗਿਆ ਅਜਿਹਾ ਵਤੀਰਾ ਵੀ ਇੱਕ ਤਰ੍ਹਾਂ ਨਾਲ ਨਸਲਵਾਦ ਹੀ ਹੈ."

ਪ੍ਰੋ. ਰਜਨੀਸ਼ ਸ਼ਰਮਾ ਬੋਲਿਆ : "ਇਹ ਗੱਲ ਠੀਕ ਹੈ ਕਿ ਪੀਲ ਰੀਜਨ ਵਿੱਚ ਪੰਜਾਬੀ ਕਮਿਊਨਿਟੀ ਵੱਡੀ ਗਿਣਤੀ ਵਿੱਚ ਰਹਿੰਦੀ ਹੈ. ਪੀਲ ਰੀਜਨ ਦੇ ਬਰੈਂਪਟਨ ਸ਼ਹਿਰ ਨੂੰ ਹੀ ਲੈ ਲਓ. ਇਸ ਸ਼ਹਿਰ ਦੀ ਕੁੱਲ ਆਬਾਦੀ ਹੁਣ 7 ਲੱਖ ਤੋਂ ਵੀ ਵੱਧ ਹੋ ਚੁੱਕੀ ਹੈ. ਹਰ ਸਾਲ 1 ਲੱਖ ਤੋਂ ਵੀ ਵੱਧ ਗਿਣਤੀ ਵਿੱਚ ਇੰਟਰਨੈਸ਼ਨਲ ਸਟੂਡੈਂਟਸ ਇਸ ਇਲਾਕੇ ਵਿੱਚ ਪੜ੍ਹਣ ਲਈ ਆ ਰਹੇ ਹਨ. ਸਰਕਾਰ ਨੂੰ ਇਸ ਇਲਾਕੇ ਵਿੱਚ ਪੜ੍ਹਣ ਲਈ ਆ ਰਹੇ ਇੰਟਰਨੈਸ਼ਨਲ ਸਟੂਡੈਂਟਸ ਨਾਲ ਸਬੰਧਤ ਸਿਰਫ ਇਸ ਗੱਲ ਵਿੱਚ ਹੀ ਦਿਲਚਸਪੀ ਹੁੰਦੀ ਹੈ ਕਿ ਇੰਟਰਨੈਸ਼ਨਲ ਸਟੂਡੈਂਟਸ ਇੱਥੇ ਆ ਕੇ ਆਮ ਸਟੂਡੈਂਟਸ ਨਾਲੋਂ ਤਿੰਨ ਤਿੰਨ ਗੁਣਾ ਵੱਧ ਫੀਸਾਂ ਭਰਕੇ ਕੈਨੇਡਾ ਦੀ ਆਰਥਿਕਤਾ ਵਿੱਚ ਵਾਧਾ ਕਰਨ. ਪਰ ਕਦੀ ਕਿਸੀ ਨੇ ਇਹ ਨਹੀਂ ਸੋਚਿਆ ਕਿ ਉਨ੍ਹਾਂ ਦੇ ਰਹਿਣ ਲਈ ਚੰਗੇ ਘਰਾਂ ਦੀ ਵੀ ਉਸਾਰੀ ਕੀਤੀ ਜਾਵੇ. ਉਹ ਇੱਥੇ ਆ ਕੇ ਭੀੜ-ਭੜੱਕੇ ਵਾਲੇ ਘਰਾਂ ਵਿੱਚ ਰਹਿੰਦੇ ਹਨ. ਜਿੱਥੇ ਕਈ ਵਾਰੀ ਸਫਾਈ ਦੇ ਵੀ ਉਚਿਤ ਪ੍ਰਬੰਧ ਨਹੀਂ ਹੁੰਦੇ."

ਰਾਣੀ ਸਿੱਧੂ ਬੋਲੀ : "ਮਾਲਿਕ ਮਕਾਨਾਂ ਨੂੰ ਤਾਂ ਬਸ ਆਪਣੇ ਕਿਰਾਏ ਨਾਲ ਹੀ ਮਤਲਬ ਹੁੰਦਾ ਹੈ. ਜ਼ਾਹਿਰ ਹੈ ਕਿ ਅਜਿਹੇ ਨੌਜਵਾਨ ਜਦੋਂ ਭੀੜ-ਭੜੱਕੇ ਵਾਲੀਆਂ ਥਾਵਾਂ ਉੱਤੇ ਰਹਿਣਗੇ ਤਾਂ ਉਹ ਕਰੋਨਾ ਮਹਾਮਾਰੀ ਦੀ ਲਾਗ ਨਾਲ ਪੀੜਤ ਹੋਣ ਵਾਲੇ ਲੋਕਾਂ ਦੀ ਗਿਣਤੀ ਵਿੱਚ ਵੀ ਵਾਧਾ ਕਰਨਗੇ. ਇੰਨਾ ਹੀ ਨਹੀਂ, ਬਲਕਿ ਇਹ ਇੰਟਰਨੈਸ਼ਨਲ ਸਟੂਡੈਂਟ ਆਪਣੇ ਖਰਚੇ ਪੂਰੇ ਕਰਨ ਲਈ ਜਿੰਨ੍ਹਾਂ ਥਾਵਾਂ ਉੱਤੇ ਕੰਮ ਕਰਦੇ ਹਨ ਉਨ੍ਹਾਂ ਥਾਵਾਂ ਉੱਤੇ ਵੀ ਇਨ੍ਹਾਂ ਨੂੰ ਸਿਹਤ ਨਾਲ ਸਬੰਧਤ ਸੁਰੱਖਿਆ ਦੀਆਂ ਚੰਗੀਆਂ ਸਹੂਲਤਾਂ ਵੀ ਨਹੀਂ ਮਿਲਦੀਆਂ. ਕੰਮ ਦੇਣ ਵਾਲੇ ਇਨ੍ਹਾਂ ਦੀ ਮਜਬੂਰੀ ਦਾ ਨਜਾਇਜ਼ ਲਾਭ ਉਠਾਉਂਦੇ ਹਨ. ਜੇਕਰ ਇਹ ਸਟੂਡੈਂਟਸ ਕਿਸੀ ਗੱਲ ਦੀ ਸ਼ਿਕਾਇਤ ਕਰਦੇ ਹਨ ਤਾਂ ਫੈਕਟਰੀਆਂ ਦੇ ਮਾਲਿਕ ਕੋਈ ਹੋਰ ਬਹਾਨਾ ਕਰਕੇ ਉਨ੍ਹਾਂ ਨੂੰ ਕੰਮ ਤੋਂ ਛੁੱਟੀ ਕਰ ਦਿੰਦੇ ਹਨ. ਪੀਲ ਰੀਜਨ ਵਿੱਚ ਸਾਡੀ ਕਮਿਊਨਿਟੀ ਨਾਲ ਸਬੰਧਤ ਲੋਕ ਵੱਡੀ ਗਿਣਤੀ ਵਿੱਚ ਟਰੱਕ ਡਰਾਈਵਿੰਗ ਅਤੇ ਟੈਕਸੀ ਡਰਾਈਵਿੰਗ ਦਾ ਧੰਦਾ ਕਰਦੇ ਹਨ. ਇਹ ਕੰਮ ਵੀ ਹਰ ਵੇਲੇ ਖਤਰੇ ਨਾਲ ਭਰੇ ਰਹਿੰਦੇ ਹਨ."

ਫਾਜ਼ੀਆ ਮਿਨਹਾਸ ਬੋਲੀ : "ਕੈਨੇਡਾ ਵਿੱਚ ਸਿਹਤ ਨਾਲ ਸਬੰਧੀ ਸਹੂਲਤਾਂ ਉੱਤੇ ਨ ਤਾਂ ਫੈਡਰਲ ਸਰਕਾਰ ਅਤੇ ਨ ਹੀ ਪ੍ਰਾਂਤਕ ਸਰਕਾਰਾਂ ਹੀ ਓਨਾ ਖਰਚਾ ਕਰ ਰਹੀਆਂ ਹਨ ਜਿੰਨਾ ਕਿ ਉਨ੍ਹਾਂ ਨੂੰ ਕਰਨਾ ਚਾਹੀਦਾ. ਜਿਸਦੇ ਮਾੜੇ ਨਤੀਜੇ ਕਰੋਨਾ ਮਹਾਮਾਰੀ ਦੌਰਾਨ ਸਾਡੇ ਸਾਹਮਣੇ ਆਉਣੇ ਸ਼ੁਰੂ ਹੋ ਗਏ. ਓਨਟਾਰੀਓ ਅਤੇ ਕਿਊਬੈਕ ਵਿੱਚ ਤਾਂ ਕਰੋਨਾਵਾਇਰਸ ਮਹਾਮਾਰੀ ਦੀ ਪਹਿਲੀ ਲਹਿਰ ਦੌਰਾਨ 'ਬਜ਼ੁਰਗਾਂ ਦੇ ਘਰਾਂ' (ਲਾਂਗ ਟਰਮ ਕੇਅਰ ਹੋਮਜ਼) ਦੀ ਹਾਲਤ ਏਨੀ ਮਾੜੀ ਹੋ ਗਈ ਸੀ ਕਿ 'ਬਜ਼ੁਰਗਾਂ ਦੇ ਘਰਾਂ' ਦੀ ਦੇਖਭਾਲ ਅਤੇ ਪ੍ਰਬੰਧ ਫੌਜ ਦੇ ਹਵਾਲੇ ਕਰਨਾ ਪਿਆ ਸੀ. ਇਸਦਾ ਇੱਕ ਵੱਡਾ ਮੂਲ ਕਾਰਨ ਇਹ ਵੀ ਸੀ ਕਿ 'ਲਾਂਗ ਟਰਮ ਕੇਅਰ ਹੋਮਜ਼' ਵਿੱਚ ਕੰਮ ਕਰਨ ਵਾਲਿਆਂ ਕਾਮਿਆਂ ਨੂੰ ਨ ਤਾਂ ਚੰਗੀਆਂ ਤਨਖਾਹਾਂ ਹੀ ਦਿੱਤੀਆਂ ਜਾ ਰਹੀਆਂ ਸਨ ਅਤੇ ਨ ਹੀ ਉਨ੍ਹਾਂ ਨੂੰ ਆਪਣੀ ਸੁਰੱਖਿਆ ਲਈ 'ਪਰੋਟੈਕਸ਼ਨ ਕਿੱਟਸ' ਹੀ ਦਿੱਤੀਆਂ ਜਾ ਰਹੀਆਂ ਸਨ. ਜਿਸ ਕਾਰਨ ਲਾਂਗ ਟਰਮ ਕੇਅਰ ਸੈਂਟਰਜ਼ ਵਿੱਚ ਕੰਮ ਕਰਨ ਵਾਲੇ ਅਨੇਕਾਂ ਕਾਮਿਆਂ ਦੀਆਂ ਮੌਤਾਂ ਵੀ ਹੋਈਆਂ. ਓਨਟਾਰੀਓ ਅਤੇ ਕਿਊਬੈਕ ਦੇ ਅਨੇਕਾਂ ਲਾਂਗ ਟਰਮ ਕੇਅਰ ਸੈਂਟਰਜ਼ ਵਿੱਚ 80 ਸਾਲ ਦੇ ਆਸ ਪਾਸ ਦੀ ਉਮਰ ਵਾਲੇ ਸੈਂਕੜੇ ਬਜ਼ੁਰਗਾਂ ਦੀਆਂ ਕਰੋਨਾ ਮਹਾਮਾਰੀ ਕਾਰਨ ਮੌਤਾਂ ਹੋਈਆਂ."

ਪ੍ਰੋ. ਰਜਨੀਸ਼ ਸ਼ਰਮਾ ਬੋਲਿਆ : "ਕਰੋਨਾਵਾਇਰਸ ਮਹਾਮਾਰੀ ਦੌਰਾਨ ਸਰਕਾਰ ਦੀਆਂ ਦੋਗਲੀਆਂ ਨੀਤੀਆਂ ਕਾਰਨ ਗਰੀਬ ਅਤੇ ਅਮੀਰ ਦੌਰਾਨ ਹੋਰ ਵੀ ਜ਼ਿਆਦਾ ਪਾੜਾ ਵਧਿਆ ਹੈ. ਜਿਹੜੇ ਲੋਕ ਪਹਿਲਾਂ ਹੀ ਛੋਟੇ ਛੋਟੇ ਕੰਮ-ਧੰਦੇ ਕਰਦੇ ਸਨ ਜਾਂ ਇਨ੍ਹਾਂ ਛੋਟੇ ਛੋਟੇ ਵਿਉਪਾਰਾਂ ਵਿੱਚ ਥੋੜੀਆਂ ਥੋੜੀਆਂ ਤਨਖਾਹਾਂ ਉੱਤੇ ਕੰਮ ਕਰਦੇ ਸਨ-ਛੋਟੇ ਵਿਉਪਾਰ ਬਿਲਕੁਲ ਹੀ ਬੰਦ ਹੋ ਜਾਣ ਨਾਲ ਉਨ੍ਹਾਂ ਦਾ ਬਹੁਤ ਜ਼ਿਆਦਾ ਬੁਰਾ ਹਾਲ ਹੋ ਗਿਆ. ਸਰਕਾਰ ਨੇ ਵੀ ਜਿਹੜੀ ਲੋਕਾਂ ਦੀ ਆਰਥਿਕ ਮੱਦਦ ਕੀਤੀ ਉਹ ਵੀ ਇਹ ਦੇਖ ਕੇ ਕੀਤੀ ਕਿ ਤੁਸੀਂ ਕਰੋਨਾਵਾਇਰਸ ਮਹਾਮਾਰੀ ਤੋਂ ਪਹਿਲਾਂ ਕੀ ਕਮਾਂਦੇ ਸੀ. ਜਿਹੜੇ ਲੋਕ ਕਰੋਨਾਵਾਇਰਸ ਮਹਾਮਾਰੀ ਤੋਂ ਪਹਿਲਾਂ ਹੀ ਲੱਖਾਂ/ਕਰੋੜਾਂ ਡਾਲਰ ਕਮਾਂਦੇ ਸਨ-ਸਰਕਾਰ ਨੇ ਵੀ ਉਨ੍ਹਾਂ ਦੀ ਲੱਖਾਂ/ਕਰੋੜਾਂ ਵਿੱਚ ਮੱਦਦ ਕੀਤੀ. ਜਿਹੜੇ ਲੋਕ ਪਹਿਲਾਂ ਹੀ ਕੁਝ ਕੁ ਸੈਂਕੜੇ ਡਾਲਰ ਹੀ ਕਮਾਂਦੇ ਸਨ ਸਰਕਾਰ ਨੇ ਵੀ ਉਨ੍ਹਾਂ ਦੀ ਮੱਦਦ ਕੁਝ ਕੁ ਡਾਲਰਾਂ ਵਿੱਚ ਹੀ ਕੀਤੀ ਜਾਂ ਉਨ੍ਹਾਂ ਨੂੰ ਕੁਝ ਵੀ ਨਹੀਂ ਦਿੱਤਾ. ਅਜਿਹੀਆਂ ਮੁਸ਼ਕਿਲਾਂ ਭਰੀਆਂ ਘੜੀਆਂ ਵਿੱਚ ਅਨੇਕਾਂ ਛੋਟੇ ਵਿਉਪਾਰੀ ਮੁੜ ਆਪਣੇ ਪੈਰਾਂ ਉੱਤੇ ਕਦੀ ਵੀ ਖੜ੍ਹੇ ਹੋ ਹੀ ਨਹੀਂ ਸਕਣਗੇ."

ਰੌਜਰ ਸੰਧੂ ਬੋਲਿਆ : "ਭਾਵੇਂ ਕਿ ਗੱਲਾਂ ਤਾਂ ਹੋਰ ਵੀ ਬਹੁਤ ਕੀਤੀਆਂ ਜਾ ਸਕਦੀਆਂ ਹਨ; ਪਰ ਮੈਂ ਇੱਕ ਕੈਨੇਡੀਅਨ ਪੰਜਾਬੀ ਸ਼ਾਇਰ ਦੀ ਇੱਕ ਨਜ਼ਮ ਦੀਆਂ ਇਨ੍ਹਾਂ ਖੂਬਸੂਰਤ ਸਤਰਾਂ ਨਾਲ ਅੱਜ ਦਾ ਵਿਚਾਰ-ਚਰਚਾ ਇੱਥੇ ਹੀ ਸਮਾਪਤ ਕਰਨਾ ਚਾਹਾਂਗਾ:

ਦੇਸ ਪਰਤਿਆ, ਤਾਂ

ਇਹ ਗੱਲ ਮੇਰੇ ਕੰਨੀਂ ਪਈ–
ਬਾਂਦਰਾਂ ਦੀ ਗਿਣਤੀ 'ਚ
ਭਾਰੀ ਵਾਧਾ ਹੋ ਗਿਆ ਹੈ
ਥਾਂ, ਥਾਂ, ਪਿਸਤੌਲਾਂ, ਬੰਦੂਕਾਂ ਨਾਲ
ਠੂਹ, ਠਾਹ, ਹੋ ਰਹੀ ਹੈ
ਬੰਦਿਆਂ ਦੀ ਬਸਤੀ, ਹੁਣ
ਬਾਂਦਰਾਂ ਦੀ ਬਸਤੀ 'ਚ
ਬਦਲਦੀ ਜਾ ਰਹੀ ਹੈ"

ਜਸਟੀਨਾ ਧੰਜਲ ਬੋਲੀ : "ਅੱਜ ਦੀ ਗੱਲਬਾਤ ਦੇ ਅੰਤ ਉੱਤੇ ਮੈਂ ਇਹ ਗੱਲ ਵੀ ਜਰੂਰ ਕਹਿਣਾ ਚਾਹੁੰਦੀ ਹਾਂ ਕਿ ਅਨੇਕਾਂ ਦੇਸ਼ਾਂ ਦੇ ਮੁਕਾਬਲੇ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਕੈਨੇਡਾ ਦੀ ਫੈਡਰਲ ਸਰਕਾਰ ਅਤੇ ਪ੍ਰਾਂਤਕ ਸਰਕਾਰਾਂ ਨੇ ਬੜੇ ਵਧੀਆ ਢੰਗ ਨਾਲ ਨਜਿੱਠਿਆ ਹੈ. ਪਰ ਸਾਡੀਆਂ ਧਾਰਮਿਕ ਸੰਸਥਾਵਾਂ ਨੇ ਅਨੇਕਾਂ ਵਾਰ ਕਰੋਨਾਵਾਇਰਸ ਮਹਾਮਾਰੀ ਨਾਲ ਸਬੰਧਤ ਸਰਕਾਰੀ ਨਿਯਮਾਂ ਦੀ ਘੋਰ ਉਲੰਘਣਾ ਕਰਕੇ ਅਤੇ ਭੀੜ–ਭੜੱਕਾ ਕਰਕੇ ਕਰੋਨਾਵਾਇਰਸ ਮਹਾਮਾਰੀ ਨੂੰ ਮਿਸੀਸਾਗਾ, ਬਰੈਂਪਟਨ ਆਦਿ ਸ਼ਹਿਰਾਂ ਵਿੱਚ ਵਧਣ–ਫੁੱਲਣ ਦਾ ਮੌਕਾ ਦਿੱਤਾ ਹੈ."

ਫਾਜ਼ੀਆ ਮਿਨਹਾਸ ਬੋਲੀ : "ਮੈਂ ਇਹ ਕਹਿਣਾ ਵੀ ਜਰੂਰੀ ਸਮਝਦੀ ਹਾਂ ਕਿ ਕੈਨੇਡਾ ਵਿੱਚ ਕਰੋਨਾਵਾਇਰਸ ਮਹਾਮਾਰੀ ਦੀ ਸ਼ੁਰੂਆਤ ਦੇ ਦਿਨਾਂ ਵਿੱਚ ਟੋਰਾਂਟੋ, ਬਰੈਂਪਟਨ, ਮਿਸੀਸਾਗਾ ਆਦਿ ਸ਼ਹਿਰਾਂ ਵਿੱਚ ਅਨੇਕਾਂ ਪੰਜਾਬੀ ਦੁਕਾਨਦਾਰਾਂ ਨੇ ਸਥਿਤੀ ਦਾ ਨਜਾਇਜ਼ ਲਾਭ ਉਠਾ ਕੇ ਚੀਜ਼ਾਂ ਦੀਆਂ ਕੀਮਤਾਂ ਦੁੱਗਣੀਆਂ/ਤਿੱਗਣੀਆਂ ਕਰ ਦਿੱਤੀਆਂ ਸਨ. ਪਰ ਓਨਟਾਰੀਓ ਸਰਕਾਰ ਵੱਲੋਂ ਸਮੇਂ ਸਿਰ ਇਨ੍ਹਾਂ ਲੁਟੇਰਿਆਂ ਖਿਲਾਫ਼ ਕਾਨੂੰਨੀ ਕਾਰਵਾਈ ਕਰਨ ਸਦਕਾ ਇਸ ਤਰ੍ਹਾਂ ਦੀ ਚੋਰ ਬਜ਼ਾਰੀ ਨੂੰ ਵਧਣ ਤੋਂ ਰੋਕਿਆ ਜਾ ਸਕਿਆ ਸੀ."

ਰਾਣੀ ਸਿੱਧੂ ਬੋਲੀ : "ਕਰੋਨਾਵਾਇਰਸ ਮਹਾਮਾਰੀ ਦੌਰਾਨ ਅਨੇਕਾਂ ਘਰਾਂ ਵਿੱਚ ਆਰਥਿਕ ਮੰਦਹਾਲੀ ਕਾਰਨ ਔਰਤਾਂ ਉੱਤੇ ਹਿੰਸਾ ਵੀ ਵਧੀ."

ਰੌਜਰ ਸੰਧੂ ਬੋਲਿਆ : "ਲੋਕਾਂ ਦੀ ਆਰਥਿਕ ਮੰਦਹਾਲੀ ਵਧਣ ਕਾਰਨ ਕੈਨੇਡਾ ਦੇ ਅਨੇਕਾਂ ਸ਼ਹਿਰਾਂ ਵਿੱਚ ਲੁੱਟਾਂ, ਖੋਹਾਂ, ਚੋਰੀਆਂ, ਡਾਕਿਆਂ, ਕਤਲਾਂ ਦੀਆਂ ਘਟਨਾਵਾਂ ਵਿੱਚ ਵੀ ਭਾਰੀ ਵਾਧਾ ਹੋਇਆ."

ਕਰੋਨਾ ਮਹਾਮਾਰੀ ਦੇ ਪਾਸਾਰ ਨੂੰ ਦੇਖਦਿਆਂ ਕਰੋਨਾ ਮਹਾਮਾਰੀ ਸੰਕਟ ਨਾਲ ਨਜਿੱਠਣ ਲਈ ਕੈਨੇਡਾ ਸਰਕਾਰ ਦੀ ਜੱਦੋਜਹਿਦ ਅਤੇ ਉਪਰਾਲਿਆਂ ਨੇ ਆਮ ਲੋਕਾਂ ਦੀ ਕਾਫੀ ਮੱਦਦ ਕੀਤੀ; ਪਰ ਹਿੰਦੁਸਤਾਨ ਵਿੱਚ ਹਕੂਮਤ ਕਰ ਰਹੇ ਨੇਤਾ ਜੀ ਅਤੇ ਉਨ੍ਹਾਂ ਦੀ ਹਕੂਮਤ ਨੇ ਕੈਨੇਡਾ ਸਰਕਾਰ ਵੱਲੋਂ ਲੋਕਾਂ ਦੀ ਮੱਦਦ ਲਈ ਕੀਤੇ ਜਾ ਰਹੇ ਉਪਰਾਲਿਆਂ ਤੋਂ ਵੀ ਕੋਈ ਸਬਕ ਸਿੱਖਣ ਦੀ ਕੋਸ਼ਿਸ਼ ਨ ਕੀਤੀ. ਕਿਉਂਕਿ, ਉਹ ਤਾਂ ਇਸ ਘੁਮੰਡ

ਵਿੱਚ ਹੀ ਤੁਰੇ ਫਿਰਦੇ ਸਨ ਕਿ ਅਸੀਂ ਜਿਸ ਤਰ੍ਹਾਂ ਕਰੋਨਾ ਸੰਕਟ ਉੱਤੇ ਕਾਬੂ ਪਾਇਆ ਹੈ ਉਸ ਤਰ੍ਹਾਂ ਤਾਂ ਕੋਈ ਇਸ ਮਹਾਮਾਰੀ ਉੱਤੇ ਕਾਬੂ ਪਾ ਹੀ ਨਹੀਂ ਸਕਦਾ. ਪਰ ਇਸ ਘੁਮੰਡ ਦੇ ਖਤਰਨਾਕ ਨਤੀਜੇ ਵੀ ਨਿਕਲ ਸਕਦੇ ਹਨ; ਇਸ ਗੱਲ ਬਾਰੇ ਉਨ੍ਹਾਂ ਕਦੇ ਸੋਚਿਆ ਵੀ ਨਹੀਂ ਸੀ.

# 20.

ਕਰੋਨਾ ਮਹਾਮਾਰੀ ਨੇ ਭਾਵੇਂ ਕਿ ਦੁਨੀਆਂ ਦੇ ਕੋਨੇ ਕੋਨੇ ਵਿੱਚ ਤਬਾਹੀ ਮਚਾਈ ਹੈ, ਇਸ ਕਾਰਨ ਲੱਖਾਂ ਲੋਕਾਂ ਦੀਆਂ ਮੌਤਾਂ ਹੋਈਆਂ ਹਨ, ਜ਼ਿੰਦਗੀ ਦੇ ਹਰ ਖੇਤਰ ਵਿੱਚ ਇਸ ਕਾਰਨ ਉੱਥਲ-ਪੁੱਥਲ ਹੋਈ ਹੈ; ਪਰ, ਫਿਰ ਵੀ, ਕਰੋਨਾ ਵਾਇਰਸ ਮਹਾਮਾਰੀ ਸੰਕਟ ਕਾਲ ਦੇ ਕੁਝ ਚੰਗੇ ਪੱਖ ਵੀ ਹਨ. ਜਿਨ੍ਹਾਂ ਨੂੰ ਅਸੀਂ ਕਦੀ ਵੀ ਅਣਗੌਲਿਆ ਨਹੀਂ ਕਰ ਸਕਦੇ.

ਕਰੋਨਾ ਮਹਾਮਾਰੀ ਸੰਕਟ ਦੌਰਾਨ ਲੱਗੇ ਲੌਕਡਾਊਨ/ਕਰਫਿਊ ਨੇ ਲੋਕਾਂ ਨੂੰ ਸਭ ਤੋਂ ਪਹਿਲਾਂ ਆਪਣੇ ਆਪ ਦੇ ਨੇੜੇ ਲਿਆਂਦਾ ਹੈ. ਲੋਕ ਆਪਣੀ ਸਿਹਤ ਦਾ, ਆਪਣੀਆਂ ਜ਼ਰੂਰਤਾਂ ਦਾ, ਪਹਿਲਾਂ ਨਾਲੋਂ ਕੁਝ ਵਧੇਰੇ ਧਿਆਨ ਰੱਖਣ ਲੱਗ ਪਏ ਹਨ. ਲੋਕ ਆਪਣੇ ਦੋਸਤਾਂ, ਮਿੱਤਰਾਂ, ਸਾਥੀਆਂ, ਆਂਢੀਆਂ-ਗੁਆਂਢੀਆਂ ਅਤੇ ਰਿਸ਼ਤੇਦਾਰਾਂ ਦੇ ਪਹਿਲਾਂ ਨਾਲੋਂ ਵੀ ਵੱਧ ਨੇੜੇ ਹੋ ਗਏ ਹਨ. ਕਿਉਂਕਿ, ਲੌਕਡਾਊਨ/ਕਰਫਿਊ ਵਰਗੀਆਂ ਹੰਗਾਮੀ ਹਾਲਤਾਂ ਵਿੱਚ ਕਿਸੀ ਗੱਲ ਦੀ ਲੋੜ ਪੈਣ ਉੱਤੇ ਦੋਸਤਾਂ, ਮਿੱਤਰਾਂ, ਆਂਢੀਆਂ-ਗੁਆਂਢੀਆਂ, ਨੂੰ ਹੀ ਮੱਦਦ ਲਈ ਆਵਾਜ਼ ਮਾਰੀ ਜਾਂਦੀ ਸੀ. ਵਿਸ਼ੇਸ਼ ਤੌਰ ਉੱਤੇ, ਜੇਕਰ, ਵੱਡੀ ਉਮਰ ਦੇ ਲੋਕਾਂ ਨੂੰ ਕਿਸੀ ਚੀਜ਼ ਦੀ ਲੋੜ ਪੈ ਜਾਂਦੀ ਤਾਂ ਆਸ-ਪਾਸ ਦੇ ਘਰਾਂ ਵਿੱਚ ਰਹਿਣ ਵਾਲੇ ਨੌਜੁਆਨ ਉਨ੍ਹਾਂ ਦੀ ਮੱਦਦ ਲਈ ਬਹੁੜਦੇ.

ਇੱਕ ਦੂਜੇ ਦੀ ਮੱਦਦ ਕਰਨ ਦੇ ਸੰਕਲਪ ਵਿੱਚੋਂ ਹੀ, ਕਰੋਨਾ ਮਹਾਮਾਰੀ ਦੇ ਸੰਕਟ ਸਮੇਂ, ਅਨੇਕਾਂ ਮੱਦਦ ਕਰਨ ਵਾਲੀਆਂ ਸੰਸਥਾਵਾਂ ਨੇ ਜਨਮ ਲਿਆ. ਸੰਕਟ ਦੀ ਇਸ ਘੜੀ ਵਿੱਚ, ਲੋਕਾਂ ਅੰਦਰ, ਕਮਿਊਨਿਟੀ ਦੀ ਭਾਵਨਾ ਵਿੱਚ ਵੀ ਬਹੁਤ ਵਾਧਾ ਹੋਇਆ. ਇੰਡੀਆ ਵਿੱਚ ਤਾਂ ਬਹੁਤ ਸਾਰੀਆਂ ਕਮਿਊਨਿਟੀ ਸੰਸਥਾਵਾਂ ਨੇ ਗਰੀਬਾਂ, ਮਜ਼ਦੂਰਾਂ, ਬੇਘਰੇ ਲੋਕਾਂ, ਲਈ ਲੰਗਰ ਲਗਾਏ. ਜਿੱਥੇ ਜਾ ਕੇ ਕੋਈ ਵੀ ਬਿਨ੍ਹਾਂ ਕੋਈ ਪੈਸੇ ਦਿੱਤਿਆਂ ਰੋਟੀ ਖਾਹ ਸਕਦਾ ਸੀ.

ਚੀਨ ਵਿੱਚ ਤਾਂ ਕਮਿਊਨਿਟੀ ਵਾਲੰਟੀਅਰ ਗਰੁੱਪ ਵੀ ਬਣੇ.

ਜਿਨ੍ਹਾਂ ਦੀ ਡਿਊਟੀ ਸੀ ਕਿ ਆਪਣੇ ਆਪਣੇ ਇਲਾਕੇ ਦਾ ਖਿਆਲ ਰੱਖਣਾ.

ਉਹ ਵਾਲੰਟੀਅਰ, ਆਪਣੇ ਇਲਾਕੇ ਵਿੱਚ, ਲੌਕਡਾਊਨ ਦੌਰਾਨ ਬਾਹਰੋਂ ਆਉਣ ਵਾਲੇ ਹਰ ਵਿਅਕਤੀ ਬਾਰੇ ਪੂਰੀ ਜਾਣਕਾਰੀ ਦਾ ਰਿਕਾਰਡ ਰੱਖਦੇ, ਹਰ ਆਉਣ ਜਾਣ ਵਾਲੇ ਦਾ ਤਾਪਮਾਨ ਨੋਟ ਕਰਦੇ ਅਤੇ ਲੌਕਡਾਊਨ/ਕਰਫਿਊ ਦੌਰਾਨ ਘਰਾਂ ਵਿੱਚ ਬੰਦ ਲੋਕਾਂ ਦੀਆਂ ਜਰੂਰਤਾਂ ਦੀਆਂ ਚੀਜ਼ਾਂ ਉਨ੍ਹਾਂ ਤੱਕ ਪਹੁੰਚਾਉਂਦੇ. ਇਸੀ ਤਰ੍ਹਾਂ, ਇਸ ਸਮੇਂ ਦੌਰਾਨ, ਸਪੇਨ, ਇੰਡੀਆ ਅਤੇ ਕਈ ਹੋਰ ਦੇਸ਼ਾਂ ਵਿੱਚ ਕਮਿਊਨਿਟੀ ਸੰਗੀਤ ਗਰੁੱਪ ਵੀ ਬਣੇ. ਜੋ ਕਿ ਲੌਕਡਾਊਨ ਦੌਰਾਨ ਘਰਾਂ ਵਿੱਚ ਇਕੱਲਤਾ ਅਤੇ ਉਦਾਸੀ ਭੋਗ ਰਹੇ ਲੋਕਾਂ ਦਾ ਮਨੋਬਲ ਉੱਪਰ ਚੁੱਕਣ ਲਈ ਵੱਖ ਵੱਖ ਇਲਾਕਿਆਂ ਵਿੱਚ ਜਾ ਕੇ ਗੀਤ-ਸੰਗੀਤ

ਨਾਲ ਲੋਕਾਂ ਦਾ ਮਨੋਰੰਜਨ ਕਰਦੇ. ਲੋਕ ਆਪਣੇ ਘਰਾਂ ਦੀਆਂ ਬਾਲਕੋਨੀਆਂ ਵਿੱਚ ਆ ਕੇ ਜਾਂ ਆਪਣੇ ਘਰਾਂ ਦੇ ਦਰਵਾਜ਼ਿਆਂ ਅੱਗੇ ਖੜ੍ਹੇ ਹੋ ਕੇ ਉਨ੍ਹਾਂ ਦੇ ਗੀਤ-ਸੰਗੀਤ ਦਾ ਆਨੰਦ ਮਾਣਦੇ.

ਲੌਕਡਾਊਨ/ਕਰਫਿਊ ਕਿਉਂਕਿ ਦੁਨੀਆਂ ਦੇ ਅਨੇਕਾਂ ਦੇਸ਼ਾਂ ਵਿੱਚ ਲਾਗੂ ਹੋਇਆ, ਇਸ ਕਾਰਨ ਦੁਨੀਆਂ ਦੇ ਅਨੇਕਾਂ ਦੇਸ਼ਾਂ ਵਿੱਚ ਕਾਰਾਂ, ਬੱਸਾਂ, ਟਰੱਕਾਂ, ਗੱਡੀਆਂ, ਹਵਾਈ ਜਹਾਜ਼ਾਂ ਦੀ ਆਵਾਜਾਈ ਤਕਰੀਬਨ ਮੁਕੰਮਲ ਬੰਦ ਹੋ ਗਈ.

ਕਾਰਖਾਨੇ, ਫੈਕਟਰੀਆਂ, ਰੈਸਟੋਰੈਂਟ ਅਤੇ ਹਰ ਕਿਸਮ ਦਾ ਵਿਉਪਾਰ ਵੀ ਮੁਕੰਮਲ ਤੌਰ ਉੱਤੇ ਬੰਦ ਹੋ ਗਿਆ.

ਜਿਸ ਕਾਰਨ ਹਵਾ ਵਿੱਚ ਧੂੰਆਂ ਅਤੇ ਅਨੇਕਾਂ ਤਰ੍ਹਾਂ ਦੀਆਂ ਗੈਸਾਂ ਦਾ ਵਾਤਾਵਰਨ ਵਿੱਚ ਆਉਣਾ ਵੀ ਲੱਗਭਗ ਬੰਦ ਹੋ ਗਿਆ. ਜਿਸ ਕਾਰਨ ਹਵਾ ਬਹੁਤ ਸਾਫ ਹੋ ਗਈ ਅਤੇ ਨਦੀਆਂ, ਦਰਿਆਵਾਂ, ਝੀਲਾਂ ਦਾ ਪਾਣੀ ਵੀ ਬਹੁਤ ਸਾਫ ਹੋ ਗਿਆ.

ਹਵਾ ਅਤੇ ਪਾਣੀ ਦੀ ਪ੍ਰਦੂਸ਼ਣ ਘਟਣ ਦੇ ਨਾਲ ਨਾਲ ਆਵਾਜ਼ ਦੇ ਪ੍ਰਦੂਸ਼ਣ ਵਿੱਚ ਵੀ ਬਹੁਤ ਕਮੀ ਆਈ. ਕਿਉਂਕਿ ਸ਼ਹਿਰਾਂ ਦੀਆਂ ਸਭ ਸੜਕਾਂ ਉੱਤੇ ਸੁੰਨ-ਮਸਾਨ ਪਸਰੀ ਹੋਈ ਹੁੰਦੀ ਸੀ. ਹਰ ਚੀਜ਼ ਸਥਿਰ ਕਰ ਦਿੱਤੀ ਗਈ ਸੀ. ਨ ਮੰਦਿਰਾਂ, ਗੁਰਦੁਆਰਿਆਂ, ਗਿਰਜਿਆਂ, ਮਸਜਿਦਾਂ ਤੋਂ ਆਉਂਦੀ ਕੋਈ ਆਵਾਜ਼ ਸਵੇਰੇ ਸਵੇਰੇ ਘੂਕ ਸੁੱਤਿਆਂ ਨੂੰ ਹੀ ਜਗਾਂਦੀ ਸੀ. ਨ ਹੀ ਕੋਈ ਵਿਆਹਾਂ, ਜਨਮ ਦਿਨ ਦੀਆਂ ਪਾਰਟੀਆਂ ਜਾਂ ਰਾਜਨੀਤਕ ਜਲਸੇ ਜਲੂਸਾਂ ਦਾ ਹੀ ਕਿਧਰੇ ਕੋਈ ਸ਼ੋਰ-ਸ਼ਰਾਬਾ ਸੀ. ਨ ਹੀ ਫੈਕਟਰੀਆਂ ਦਾ ਗੰਦਾ ਕੂੜਾ ਹੀ ਨਦੀਆਂ, ਦਰਿਆਵਾਂ, ਝੀਲਾਂ ਵਿੱਚ ਸੁੱਟਿਆ ਜਾ ਰਿਹਾ ਸੀ.

ਇਸ ਮਹਾਮਾਰੀ ਨੇ ਸਮਾਜ ਵਿੱਚ ਉਨ੍ਹਾਂ ਲੋਕਾਂ ਬਾਰੇ ਵੀ ਸਾਡੀ ਚੇਤਨਾ ਵਿੱਚ ਵਾਧਾ ਕੀਤਾ ਜੋ ਲੋਕ ਇਨ੍ਹਾਂ ਔਖਿਆਂ ਸਮਿਆਂ ਵਿੱਚ ਆਪਣੀਆਂ ਜਾਨਾਂ ਤਲੀਆਂ ਉੱਤੇ ਰੱਖਕੇ ਸਾਡੇ ਲਈ ਮਹੱਤਵ-ਪੂਰਨ ਕੰਮ ਕਰਦੇ ਹਨ. ਜਿਨ੍ਹਾਂ ਵਿੱਚ ਡਾਕਟਰ, ਨਰਸਾਂ, ਮੈਡੀਕਲ ਸਟਾਫ, ਸਫਾਈ ਕਰਮਚਾਰੀ, ਦਵਾਈਆਂ ਵੇਚਣ ਵਾਲੇ, ਗਰੋਸਰੀ ਸਟੋਰਾਂ ਦੇ ਕਾਊਂਟਰਾਂ ਉੱਤੇ ਕੰਮ ਕਰਨ ਵਾਲੇ, ਟੈਕਸੀ ਡਰਾਈਵਰ, ਟਰੱਕ ਡਰਾਈਵਰ, ਪੁਲਿਸ ਵਾਲੇ, ਪੋਸਟ ਆਫਿਸ ਕਰਮਚਾਰੀ, ਡਲਿਵਰੀ ਪਰਸਨ, ਜਾਂ ਬੈਂਕ ਕਰਮਚਾਰੀ ਜੋ ਕਾਊਂਟਰਾਂ ਉੱਤੇ ਕੰਮ ਕਰਦੇ ਹਨ.

ਇਸ ਮਹਾਮਾਰੀ ਨੇ ਲੋਕਾਂ ਦੇ ਮਨਾਂ ਵਿੱਚ ਇਹ ਅਹਿਸਾਸ ਵੀ ਪੈਦਾ ਕਰ ਦਿੱਤਾ ਕਿ ਬਾਜ਼ਾਰ ਵਿੱਚ ਵਿਕ ਰਹੀਆਂ ਮਹਿੰਗੀਆਂ ਤੋਂ ਮਹਿੰਗੀਆਂ ਦਵਾਈਆਂ ਵੀ ਹਰ ਬੀਮਾਰੀ ਦਾ ਇਲਾਜ ਕਰਨ ਦੇ ਸਮਰੱਥ ਨਹੀਂ ਹਨ; ਪਰ ਜੇਕਰ ਰੋਜ਼ਾਨਾ ਖਾਣ ਪੀਣ ਵਾਲੀਆਂ ਚੀਜ਼ਾਂ ਨੂੰ ਹੀ ਉਨ੍ਹਾਂ ਦੇ ਗੁਣਾਂ/ਔਗੁਣਾਂ ਦੀ ਜਾਣਕਾਰੀ ਪ੍ਰਾਪਤ ਕਰਕੇ ਖਾਣਾ ਸ਼ੁਰੂ ਕਰ ਦੇਈਏ ਤਾਂ ਸਾਡੀਆਂ ਅਨੇਕਾਂ ਬੀਮਾਰੀਆਂ ਦਾ ਸਹਿਜੇ ਹੀ ਇਲਾਜ ਹੋ ਜਾਂਦਾ ਹੈ. ਜਿਵੇਂ ਕਿ ਹਲਦੀ, ਕਾਲੀ ਮਰਚ, ਲੌਂਗ, ਇਲਾਚੀ, ਮਲੱਠੀ, ਦਾਲਚੀਨੀ, ਨਿੰਮ, ਤੁਲਸੀ, ਈਸਬਗੋਲ, ਸੌਂਫ, ਜ਼ੀਰਾ, ਅਧਰਕ, ਲਸਣ, ਸ਼ਹਿਦ, ਨਿੰਬੂ ਅਤੇ ਸੰਤਰੇ ਦੀ

ਵਰਤੋਂ ਕਰਨ ਨਾਲ ਅਨੇਕਾਂ ਬੀਮਾਰੀਆਂ ਤੋਂ ਛੁਟਕਾਰਾ ਮਿਲ ਜਾਂਦਾ ਹੈ ਅਤੇ ਇਨ੍ਹਾਂ ਕੁਦਰਤੀ ਵਸਤਾਂ ਦੀ ਵਰਤੋਂ ਨਾਲ ਸਰੀਰ ਉੱਤੇ ਕੋਈ ਮਾੜਾ ਪ੍ਰਭਾਵ ਵੀ ਨਹੀਂ ਪੈਂਦਾ. ਆਯੁਰਵੈਦਾ ਅਤੇ ਚੀਨੀ ਮੈਡੀਸਨ ਵਿੱਚ ਵੀ ਅਜਿਹੀਆਂ ਜੜੀਆਂ/ਬੂਟੀਆਂ ਦੀ ਵਰਤੋਂ ਕਰਕੇ ਹੀ ਅਨੇਕਾਂ ਬੀਮਾਰੀਆਂ ਦਾ ਇਲਾਜ ਕੀਤਾ ਜਾਂਦਾ ਰਿਹਾ ਹੈ.

ਬੰਦੇ ਨੂੰ ਬਹੁਤੀਆਂ ਬੀਮਾਰੀਆਂ ਵੀ ਉਸਦਾ ਡਾਈਜੈਸਟਿਵ ਸਿਸਟਮ ਵਿਗੜ ਜਾਣ ਕਰਕੇ ਹੀ ਹੁੰਦੀਆਂ ਹਨ. ਦੇਸੀ ਜੜੀਆਂ/ਬੂਟੀਆਂ ਦੀ ਵਰਤੋਂ ਨਾਲ ਡਾਈਜੈਸਟਿਵ ਸਿਸਟਮ ਬੜੀ ਜਲਦੀ ਠੀਕ ਹੋ ਜਾਂਦਾ ਹੈ. ਕਰੋਨਾ ਮਹਾਮਾਰੀ ਦੌਰਾਨ ਵੀ ਬਹੁਤ ਸਾਰੇ ਲੋਕਾਂ ਨੇ ਆਪਣਾ ਇਲਾਜ ਚੀਨੀ ਮੈਡੀਸਨ ਜਾਂ ਆਯੁਰਵੈਦਾ ਦੀਆਂ ਜੜੀਆਂ/ਬੂਟੀਆਂ ਨਾਲ ਕੀਤਾ ਹੈ.

ਕਰੋਨਾ ਮਹਾਮਾਰੀ ਦੇ ਦੌਰ ਵਿੱਚ ਲੋਕਾਂ ਦੀਆਂ ਕੰਮਕਾਰ ਕਰਨ ਦੀਆਂ ਆਦਤਾਂ ਵਿੱਚ ਵੀ ਵੱਡੀ ਤਬਦੀਲੀ ਆਈ ਅਤੇ ਕੰਮਕਾਰ ਸਭਿਆਚਾਰ ਵੀ ਬਦਲਿਆ. ਬਹੁਤ ਸਾਰੇ ਲੋਕ ਘਰਾਂ ਤੋਂ ਹੀ ਔਨਲਾਈਨ ਡਿਊਟੀ ਦੇਣ ਲੱਗੇ. ਇਸ ਤਰ੍ਹਾਂ ਇੱਕ ਤਾਂ ਉਨ੍ਹਾਂ ਦੀ ਹਰ ਰੋਜ਼ ਤਿਆਰ ਹੋ ਕੇ ਕੰਮ ‘ਤੇ ਜਾਣ ਦੀ ਫਿਕਰਮੰਦੀ ਖਤਮ ਹੋਈ; ਦੂਜਾ, ਕੰਮ ਉੱਤੇ ਆਉਣ ਜਾਣ ਦਾ ਸਮਾਂ ਬਚਿਆ, ਤੀਜਾ, ਉਨ੍ਹਾਂ ਦਾ ਕੰਮ ਉੱਤੇ ਆਉਣ ਜਾਣ ਦਾ ਖਰਚਾ ਘਟਿਆ. ਇਸ ਤੋਂ ਵੀ ਉਪਰ ਸੜਕਾਂ, ਗੱਡੀਆਂ, ਬੱਸਾਂ ਵਿੱਚ ਭੀੜ ਭੜੱਕਾ ਘਟਿਆ. ਇਸ ਤਰ੍ਹਾਂ ਬਹੁਤ ਸਾਰੇ ਲੋਕਾਂ ਨੂੰ ਕੰਮ ਉੱਤੇ ਆਉਣ/ਜਾਣ ਦੀ ਸਟਰੈੱਸ ਕਾਰਨ ਪੈਦਾ ਹੁੰਦੀਆਂ ਬੀਮਾਰੀਆਂ ਤੋਂ ਵੀ ਰਾਹਤ ਮਿਲੀ. ਲੋਕਾਂ ਕੋਲ ਆਪਣੇ ਲਈ ਅਤੇ ਆਪਣੇ ਪ੍ਰਵਾਰ ਦੇ ਬੰਦਿਆਂ ਲਈ ਮਿਲ ਬੈਠਣ ਦਾ ਸਮਾਂ ਵੱਧ ਗਿਆ. ਬਹੁਤ ਸਾਰੇ ਲੋਕ ਇਸ ਫਾਲਤੂ ਸਮੇਂ ਦਾ ਲਾਭ ਉਠਾ ਕੇ ਵਾਧੂ ਸਮਾਂ ਅਤੇ ਗੂੜ੍ਹੀ ਨੀਂਦ ਸੌਣ ਲੱਗੇ.

ਇਸ ਸਾਰੇ ਨਵੇਂ ਤਰ੍ਹਾਂ ਦੇ ਪੈਦਾ ਹੋ ਰਹੇ ਸਭਿਆਚਾਰ ਵਿੱਚ ਲੋਕ ਕੁਦਰਤ ਨਾਲ ਪਹਿਲਾਂ ਨਾਲੋਂ ਵੱਧ ਜੁੜਨ ਲੱਗੇ.

ਪ੍ਰਦੂਸ਼ਨ ਘਟਣ ਕਾਰਨ ਅਨੇਕਾਂ ਤਰ੍ਹਾਂ ਦੇ ਪੰਛੀ ਵੀ ਦੁਬਾਰਾ ਪਿੰਡਾਂ/ਸ਼ਹਿਰਾਂ ਵਿੱਚ ਆ ਗਏ. ਚਿੜੀਆਂ ਅਤੇ ਕਾਂ ਤਾਂ ਜਿਵੇਂ ਕਿਧਰੇ ਅਲੋਪ ਹੀ ਹੋ ਗਏ ਸਨ. ਹਰ ਪਾਸੇ ਇੱਕ ਵਾਰ ਫਿਰ ਚੀਂ, ਚੀਂ, ਕਾਂ, ਕਾਂ ਹੋਣ ਲੱਗੀ ਸੀ. ਲੋਕ ਬਾਗਾਂ, ਬਗੀਚਿਆਂ ਦੀ ਸੈਰ ਕਰਨ ਲੱਗੇ, ਨਦੀਆਂ, ਦਰਿਆਵਾਂ ਦੇ ਕੰਢਿਆਂ ਉੱਤੇ ਜਾ ਕੇ ਬੈਠਣ ਲੱਗੇ. ਲੋਕਾਂ ਨੇ ਇੱਕ ਵਾਰ ਫਿਰ ਰਾਤ ਨੂੰ ਸਾਫ ਅਸਮਾਨ ਵਿੱਚ ਨਿਕਲੇ ਤਾਰਿਆਂ ਨੂੰ ਦੇਖਣਾ ਸ਼ੁਰੂ ਕੀਤਾ.

ਮਹਾਮਾਰੀ ਦੇ ਇਸ ਦੌਰ ਵਿੱਚ ਲੋਕਾਂ ਨੂੰ ਇਸ ਗੱਲ ਦਾ ਵੀ ਅਹਿਸਾਸ ਹੋਇਆ ਕਿ ਦੇਸ਼ਾਂ ਦੀਆਂ ਸਰਹੱਦਾਂ ਜਿਨ੍ਹਾਂ ਦੀ ਸੁਰੱਖਿਆ ਖਾਤਰ ਅੰਨ੍ਹੀ ਦੇਸ਼ ਭਗਤੀ ਦੇ ਨਾਮ ਉੱਤੇ ਹਜ਼ਾਰਾਂ/ਲੱਖਾਂ ਹੀ ਲੋਕਾਂ ਦੀਆਂ ਮੌਤਾਂ ਹੋ ਜਾਂਦੀਆਂ ਹਨ, ਕਰੋੜਾਂ ਰੁਪਏ ਦੀਆਂ ਜਾਇਦਾਦਾਂ ਮਿੱਟੀ ਵਿੱਚ ਮਿਲਾ ਦਿੱਤੀਆਂ ਜਾਂਦੀਆਂ ਹਨ ਉਨ੍ਹਾਂ ਸਰਹੱਦਾਂ ਦੇ ਹੁਣ ਕੋਈ ਅਰਥ ਬਾਕੀ ਨਹੀਂ ਰਹਿ ਗਏ.

ਕਰੋਨਾ-ਵਾਇਰਸ ਤਾਂ ਇੱਕ ਦੇਸ਼ ਦੀ ਸਰਹੱਦ ਟੱਪ ਕੇ ਦੂਜੇ ਦੇਸ਼ ਵਿੱਚ ਪਲਾਂ ਛਿਣਾਂ ਵਿੱਚ ਹੀ ਪਹੁੰਚ ਜਾਂਦਾ ਹੈ.

ਇਸ ਅਹਿਸਾਸ ਨੇ ਲੋਕਾਂ ਵਿੱਚ ਇਸ ਗੱਲ ਦੀ ਚੇਤਨਾ ਜਗਾਈ ਹੈ ਕਿ ਦੁਨੀਆਂ ਦੇ ਸਭ ਦੇਸ਼ਾਂ ਨੂੰ ਮਨੁੱਖਤਾ ਦੀ ਭਲਾਈ ਲਈ ਇੱਕ ਦੂਜੇ ਨਾਲ ਮਿਲਜੁਲ ਕੇ ਕੰਮ ਕਰਨਾ ਚਾਹੀਦਾ ਹੈ.

ਇਸ ਅਹਿਸਾਸ ਦੀ ਗਵਾਹੀ ਹੁਣ ਸਾਨੂੰ ਮਿਲ ਵੀ ਰਹੀ ਹੈ.

'ਕਰੋਨਾ ਵਾਇਰਸ ਮਹਾਮਾਰੀ' ਦੀ ਵੈਕਸੀਨ ਕੁਝ ਦੇਸ਼ਾਂ ਨੇ ਬਣਾ ਲਈ ਹੈ ਅਤੇ ਉਹ ਵੈਕਸੀਨ ਹੁਣ ਦੁਨੀਆਂ ਦੇ ਅਨੇਕਾਂ ਦੇਸ਼ਾਂ ਤੱਕ ਪਹੁੰਚਾਈ ਜਾ ਰਹੀ ਹੈ.

ਭਵਿੱਖ ਵਿੱਚ ਮਨੁੱਖ ਨੂੰ ਹੋਰ ਵੀ ਖਤਰਨਾਕ ਮਹਾਮਾਰੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ.

ਜੇਕਰ, ਵਿਸ਼ਵ-ਪੱਧਰ ਉੱਤੇ, ਸਭ ਦੇਸ਼ਾਂ ਦਾ ਇੱਕ ਦੂਜੇ ਨਾਲ ਮਿਲਵਰਤਣ ਹੋਵੇਗਾ ਤਾਂ ਮਹਾਮਾਰੀਆਂ ਨੂੰ ਪੈਦਾ ਹੁੰਦਿਆਂ ਸਾਰ ਹੀ ਦਬਾਇਆ ਜਾ ਸਕੇਗਾ.

ਇਸ ਗੱਲ ਤੋਂ ਪ੍ਰਭਾਵਤ ਹੋ ਕੇ ਵੱਖ ਵੱਖ ਦੇਸ਼ਾਂ ਦੇ ਲੋਕ ਆਪਣੀਆਂ ਸਰਕਾਰਾਂ ਉੱਤੇ ਇਸ ਗੱਲ ਲਈ ਵੀ ਜ਼ੋਰ ਪਾਉਣਗੇ ਕਿ ਉਨ੍ਹਾਂ ਦੀਆਂ ਸਰਕਾਰਾਂ ਹਥਿਆਰਾਂ ਉੱਤੇ ਬੇਤਹਾਸ਼ਾ ਖਰਚ ਕਰਨ ਦੀ ਥਾਂ ਲੋਕਾਂ ਦੀ ਸਿਹਤ ਵੱਲ ਧਿਆਨ ਦੇਣ ਵਾਲੇ ਵਿਭਾਗਾਂ ਉੱਤੇ ਜ਼ਿਆਦਾ ਖਰਚਾ ਕਰਨ.

ਇਸ ਮਹਾਮਾਰੀ ਦੇ ਅੰਤ ਤੋਂ ਬਾਹਦ ਦੁਨੀਆਂ ਭਰ ਵਿੱਚ ਅਮਨ, ਪਿਆਰ, ਦੋਸਤੀ ਅਤੇ ਸਾਂਝੀਵਾਲਤਾ ਦੀ ਲਹਿਰ ਜ਼ਰੂਰ ਪੈਦਾ ਹੋਵੇਗੀ.

ਲੋਕ ਉਹੋ ਜਿਹੀਆਂ ਸਰਕਾਰਾਂ ਚੁਨਣ ਨੂੰ ਪਹਿਲ ਦੇਣਗੇ ਜੋ ਸਰਕਾਰਾਂ ਆਪਣੇ ਗਵਾਂਢੀ ਮੁਲਕਾਂ ਨਾਲ ਪਿਆਰ, ਅਮਨ ਅਤੇ ਦੋਸਤੀ ਦੀ ਭਾਵਨਾ ਨਾਲ ਰਹਿਣਾ ਪਸੰਦ ਕਰਨਗੀਆਂ.

ਇਸ ਦੇ ਨਾਲ ਨਾਲ ਹੀ ਜੋ ਸਰਕਾਰਾਂ ਦੁਨੀਆਂ ਦੇ ਹੋਰ ਮੁਲਕਾਂ ਨਾਲ ਸਾਂਝੀਵਾਲਤਾ ਦੇ ਅਧੀਨ ਕੰਮ ਕਰਨੇ ਪਸੰਦ ਕਰਨਗੀਆਂ. ਜੋ ਕੰਮ ਸਾਰੀ ਮਨੁੱਖਤਾਂ ਦੇ ਭਲੇ ਲਈ ਹੋਣਗੇ; ਨ ਕਿ ਮੁੱਠੀ ਭਰ ਸਰਮਾਇਦਾਰਾਂ ਦੇ ਭਲੇ ਲਈ ਹੋਣਗੇ.

ਹੁਣ, ਲੋਕਾਂ ਨੂੰ ਇਸ ਗੱਲ ਦਾ ਵੀ ਅਹਿਸਾਸ ਹੋਣਾ ਸ਼ੁਰੂ ਹੋ ਗਿਆ ਹੈ ਕਿ ਚੰਗਾ ਵਾਤਾਵਰਨ ਤਾਂ ਹੀ ਹੋਵੇਗਾ ਜੇਕਰ ਸਾਡੇ ਚੌਗਿਰਦੇ ਵਿੱਚ ਵੱਧ ਤੋਂ ਵੱਧ ਰੁੱਖ ਹੋਣਗੇ, ਬਾਗ ਹੋਣਗੇ ਅਤੇ ਕੰਕਰੀਟ ਦੀਆਂ ਇਮਾਰਤਾਂ ਉਸਾਰੀ ਜਾਣ ਲਈ ਅੰਨ੍ਹੇਵਾਹ ਰੁੱਖਾਂ ਦਾ ਕੱਟਿਆ ਜਾਣਾ ਵੀ ਬੰਦ ਕਰਨਾ ਪਵੇਗਾ.

ਇਸ ਸੰਕਟ ਨੇ ਮਨੁੱਖ ਅੰਦਰ ਇਸ ਗੱਲ ਦਾ ਅਹਿਸਾਸ ਵੀ ਜਗਾਇਆ ਹੈ ਕਿ ਕੋਈ ਵੀ ਮਨੁੱਖ ਇਕੱਲਾ ਨਹੀਂ. ਅਸੀਂ ਸਭ ਇੱਕ ਦੂਜੇ ਨਾਲ ਜੁੜੇ ਹੋਏ ਹਾਂ.

ਦੇਖੋ, ਕਿਵੇਂ ਕਰੋਨਾਵਾਇਰਸ ਪੂਰੇ ਘਰ, ਪੂਰੀ ਕਮਿਊਨਿਟੀ, ਪੂਰੇ ਸ਼ਹਿਰ, ਪੂਰੇ ਦੇਸ਼ ਵਿੱਚ ਫੈਲ ਜਾਂਦਾ ਹੈ. ਕਿਉਂਕਿ, ਇਸ ਧਰਤੀ ਉੱਤੇ ਹਰ ਬੰਦੇ ਦਾ ਇੱਕ ਦੂਜੇ

ਨਾਲ ਬਿਨ੍ਹਾਂ ਚਾਹੇ ਵੀ ਸਬੰਧ ਜੁੜ ਜਾਂਦਾ ਹੈ.

ਅਸੀਂ, ਬਿਨ੍ਹਾਂ ਚਾਹਿਆਂ, ਬਿਨ੍ਹਾਂ ਜਾਣਿਆਂ, ਵੀ ਇੱਕ ਦੂਜੇ ਨੂੰ ਆਪਣੇ ਸਾਹਾਂ ਨਾਲ ਹੀ ਪ੍ਰਭਾਵਤ ਕਰ ਜਾਂਦੇ ਹਾਂ.

ਇਸ ਲਈ ਸਾਡੇ ਸਭ ਦੇ ਦੁੱਖ-ਸੁੱਖ ਸਾਂਝੇ ਹਨ. ਅਸੀਂ, ਬਿਨ੍ਹਾਂ ਚਾਹਿਆਂ, ਬਿਨ੍ਹਾਂ ਜਾਣਿਆਂ, ਵੀ ਕਿਸੀ ਦੀ ਮੌਤ ਦਾ ਕਾਰਨ ਬਣ ਸਕਦੇ ਹਾਂ.

ਮਹਿਜ਼, ਕਿਸੇ ਦੇ ਨੇੜੇ ਕੁਝ ਪਲਾਂ ਲਈ ਖੜੋਣ ਨਾਲ ਹੀ. ਜੇਕਰ ਕਰੋਨਾਵਾਇਰਸ ਸਾਡੇ ਸਰੀਰ ਵਿੱਚ ਪਹਿਲਾਂ ਦਾਖਲ ਹੋ ਚੁੱਕਾ ਹੈ.

ਕਰੋਨਾ ਮਹਾਮਾਰੀ ਸੰਕਟ ਦੇ ਇਸ ਦੌਰ ਵਿੱਚ, ਅਸੀਂ, ਔਨਲਾਈਨ ਟੈਕਨਾਲੋਜੀ ਦੀ ਜਿਸ ਹੱਦ ਤੱਕ ਅਤੇ ਜਿਸ ਸ਼ਿੱਦਤ ਨਾਲ ਜ਼ਿੰਦਗੀ ਦੇ ਹਰ ਖੇਤਰ ਵਿੱਚ ਹੀ ਵਰਤੋਂ ਕਰਨੀ ਸਿੱਖੀ ਹੈ- ਉਸ ਤਰ੍ਹਾਂ ਦੀ ਵਰਤੋਂ ਪਹਿਲਾਂ ਕਦੀ ਵੀ ਨਹੀਂ ਕੀਤੀ ਗਈ ਸੀ.

ਵਿਸ਼ੇਸ਼ ਕਰਕੇ, ਵਿੱਦਿਆ ਦੇ ਖੇਤਰ ਵਿੱਚ ਔਨਲਾਈਨ ਟੈਕਨਾਲੋਜੀ ਨੇ ਪਹਿਲੀ ਵਾਰ ਜਿਸ ਸ਼ਿੱਦਤ ਨਾਲ ਸਕੂਲਾਂ, ਕਾਲਿਜਾਂ, ਯੂਨੀਵਰਸਿਟੀਆਂ ਨਾਲ ਜੁੜੇ ਵਿਦਿਆਰਥੀਆਂ, ਅਧਿਆਪਕਾਂ, ਪ੍ਰਬੰਧਕਾਂ ਨੂੰ ਆਪਸ ਵਿੱਚ ਜੋੜਿਆ ਹੈ ਉਹ ਰਿਸ਼ਤਾ ਬਿਲਕੁਲ ਹੀ ਨਵਾਂ ਅਤੇ ਸ਼ਕਤੀਸ਼ਾਲੀ ਰਿਸ਼ਤਾ ਹੈ.

ਕਰੋਨਾ ਸੰਕਟ ਕਾਲ ਵਿੱਚ ਇਹ ਜਿੰਨੀਆਂ ਵੀ ਚੰਗੀਆਂ ਗੱਲਾਂ ਵਾਪਰੀਆਂ ਹਨ- ਇਨ੍ਹਾਂ ਦਾ ਸਾਡੀ ਜ਼ਿੰਦਗੀ ਨਾਲ ਆਉਣ ਵਾਲੇ ਸਮਿਆਂ ਵਿੱਚ ਵੀ ਗੂੜਾ ਰਿਸ਼ਤਾ ਬਣੇਗਾ.

ਨਿਰਸੰਦੇਹ, ਇਨ੍ਹਾਂ ਨਵੀਆਂ ਗੱਲਾਂ ਕਾਰਨ, ਮਨੁੱਖ ਕਰੋਨਾਵਾਇਰਸ ਸੰਕਟ ਨੂੰ, ਮਹਿਜ਼, ਇਸ ਸੰਕਟ ਕਾਲ ਵਿੱਚ ਮਿਲੇ ਦੁੱਖਾਂ, ਤਕਲੀਫਾਂ ਨਾਲ ਹੀ ਜੋੜ ਕੇ ਨਹੀਂ ਦੇਖੇਗਾ; ਉਹ ਇਸ ਦੌਰ ਵਿੱਚ ਸਿੱਖੀਆਂ/ਵਾਪਰੀਆਂ ਨਵੀਆਂ/ਚੰਗੀਆਂ ਗੱਲਾਂ ਕਰਕੇ ਵੀ ਕਰੋਨਾਵਾਇਰਸ ਮਹਾਮਾਰੀ ਸੰਕਟ ਕਾਲ ਨੂੰ ਯਾਦ ਰੱਖੇਗਾ.

ਇਸ ਗੱਲਬਾਤ ਨੂੰ ਮੈਂ ਆਪਣੀ ਹੀ ਇੱਕ ਨਜ਼ਮ 'ਜਿਉਣ ਦਾ ਸਲੀਕਾ ਸਿੱਖ ਰਹੀ ਕਵਿਤਾ' ਦੀਆਂ ਇਨ੍ਹਾਂ ਸਤਰਾਂ ਨਾਲ ਇੱਥੇ ਹੀ ਖਤਮ ਕਰਨਾ ਚਾਹਾਂਗਾ:

ਪਰ, ਇਸ ਘਾਤਕ ਮਹਾਮਾਰੀ ਨੇ
ਮਾਨਵ ਨੂੰ, ਕੁਝ ਤਾਂ
ਚੰਗਾ ਵੀ ਦਿੱਤਾ ਹੈ-

ਪਰਾ-ਆਧੁਨਿਕ ਸਮਿਆਂ ਦੇ
ਵਿਕਾਸ ਦੀ ਦਹਿਸ਼ਤ ਦੇ ਝੰਭੇ, ਪੰਛੀ
ਜੋ, ਜੰਗਲਾਂ ਨੂੰ ਭੱਜ
ਤੁਰੇ ਸਨ, ਫਿਰ
ਆਪਣੀ ਮਰਿਆਦਾ ਵਿੱਚ ਬੱਝੇ

ਘਰਾਂ ਦੇ ਵਿਹੜਿਆਂ ਵਿੱਚ
ਰਾਗ ਅਲਾਪ ਰਹੇ ਹਨ
ਰੁੱਖਾਂ ਨਾਲ, ਆਪਣੇ
ਮੁੱਢ-ਕਦੀਮੀ, ਰਿਸ਼ਤਿਆਂ ਦੀ
ਗਹਿਰਾਈ ਨਾਪ ਰਹੇ ਹਨ

ਕਰੋਨਾ ਮਹਾਮਾਰੀ ਸੰਕਟ ਕਾਲ ਨੇ ਭਾਵੇਂ ਕਿ ਦੁਨੀਆਂ ਨੂੰ ਅਨੇਕਾਂ ਚੰਗੀਆਂ ਗੱਲਾਂ ਵੀ ਦਿੱਤੀਆਂ ਅਤੇ ਦੁਨੀਆਂ ਭਰ ਦੇ ਲੋਕਾਂ ਵਿੱਚ ਅਮਨ ਅਤੇ ਦੋਸਤੀ ਦਾ ਅਹਿਸਾਸ ਪਹਿਲਾਂ ਨਾਲੋਂ ਵੀ ਵਧਿਆ; ਪਰ ਨੇਤਾ ਜੀ ਅਤੇ ਹਿਜ਼ ਮਾਸਟਰਜ਼ ਵਾਇਸ ਹਿੰਦੁਸਤਾਨੀ ਭੌਂਕੂ ਮੀਡੀਆ ਨੇ ਇਸ ਸਮੇਂ ਦੌਰਾਨ ਵੀ ਆਪਣੇ ਗੁਆਂਢੀ ਮੁਲਕਾਂ ਵਿਰੁੱਧ ਨਫ਼ਰਤ ਫੈਲਾਉਣ ਅਤੇ ਜੰਗ ਦੀਆਂ ਗੱਲਾਂ ਕਰਨ ਨੂੰ ਹੀ ਤਰਜੀਹ ਦਿੱਤੀ)

# 21.

ਚੀਨ ਦੇ ਵੂਹਾਨ ਸ਼ਹਿਰ ਅਤੇ ਉਸਦੇ ਆਸ-ਪਾਸ ਦੇ ਇਲਾਕਿਆਂ ਵਿੱਚ ਭਾਰੀ ਤਬਾਹੀ ਅਤੇ ਦਹਿਸ਼ਤ ਫੈਲਾਉਣ ਤੋਂ ਬਾਹਦ ਕਰੋਨਾਵਾਇਰਸ ਮਹਾਮਾਰੀ ਨੇ ਯੋਰਪ ਵੱਲ ਆਪਣਾ ਰੁਖ ਕੀਤਾ.

ਯੋਰਪ ਵਿੱਚ ਫਰਾਂਸ, ਯੂ.ਕੇ., ਇਟਲੀ, ਸਪੇਨ ਅਤੇ ਰੂਸ ਵਿੱਚ ਕਰੋਨਾਵਾਇਰਸ ਨੇ ਬਹੁਤ ਨੁਕਸਾਨ ਕੀਤਾ ਅਤੇ ਜ਼ਿੰਦਗੀ ਨਾਲ ਸਬੰਧਤ ਹਰ ਖੇਤਰ ਵਿੱਚ ਹੀ ਉੱਥਲ-ਪੁੱਥਲ ਕਰ ਦਿੱਤੀ.

ਯੋਰਪ ਅਤੇ ਫਰਾਂਸ ਵਿੱਚ ਕਰੋਨਾਵਾਇਰਸ ਮਹਾਮਾਰੀ ਨੇ ਇੱਕੋ ਹੀ ਦਿਨ, 24 ਜਨਵਰੀ, 2020 ਨੂੰ, ਦਸਤਕ ਦਿੱਤੀ.

ਫਰਾਂਸ ਦਾ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਪਹਿਲਾ ਮਰੀਜ਼ ਬੋਰਡੋਅ ਸ਼ਹਿਰ ਵਿੱਚ ਮਿਲਿਆ.

ਫਰਾਂਸ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਪਹਿਲੇ ਪੰਜ ਵਿਅਕਤੀ ਫਰਾਂਸ ਦੀ ਯਾਤਰਾ ਕਰਨ ਆਏ ਚੀਨ ਦੇ ਯਾਤਰੀ ਹੀ ਸਨ.

ਇੱਕ ਚੀਨੀ ਯਾਤਰੀ ਜੋ ਕਿ 28 ਜਨਵਰੀ, 2020 ਨੂੰ ਪੈਰਿਸ ਦੇ ਇੱਕ ਹਸਪਤਾਲ ਵਿੱਚ ਦਾਖਲ ਹੋਇਆ ਸੀ ਅਤੇ ਜਿਸਦੀ 14 ਫਰਵਰੀ ਨੂੰ ਮੌਤ ਹੋ ਗਈ ਸੀ- ਉਹ ਵਿਅਕਤੀ ਏਸ਼ੀਆ ਤੋਂ ਬਾਹਰ ਅਤੇ ਫਰਾਂਸ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਮਰਨ ਵਾਲਾ ਪਹਿਲਾ ਵਿਅਕਤੀ ਸੀ.

ਫਰਾਂਸ ਵਿੱਚ ਕਰੋਨਾਵਾਇਰਸ ਮਹਾਮਾਰੀ ਫੈਲਣ ਦੀ ਸਭ ਤੋਂ ਪਹਿਲੀ ਵੱਡੀ ਘਟਨਾ ਮੱਲਹਾਊਸ ਇਲਾਕੇ ਵਿੱਚ 17 ਫਰਵਰੀ ਤੋਂ 24 ਫਰਵਰੀ ਦੌਰਾਨ ਵਾਪਰੀ. ਇਹ ਘਟਨਾ ਕਰਿਸਚੀਅਨ ਚਰਚ ਵੱਲੋਂ ਖੁੱਲ੍ਹੇ ਇਲਾਕੇ ਵਿੱਚ ਆਯੋਜਿਤ ਕੀਤਾ ਗਿਆ ਇੱਕ ਸੱਤ-ਰੋਜ਼ਾ ਧਾਰਮਿਕ ਇਕੱਠ ਸੀ. ਜਿਸ ਇਕੱਠ ਵਿੱਚ ਤਕਰੀਬਨ 2,500 ਦੇ ਕਰੀਬ ਲੋਕ ਸ਼ਾਮਿਲ ਹੋਏ ਸਨ.

ਬਾਹਦ ਵਿੱਚ ਪਤਾ ਲੱਗਾ ਸੀ ਕਿ ਕਰਿਸਚੀਅਨ ਲੋਕਾਂ ਦੇ ਇਸ ਸਮਾਰੋਹ ਵਿੱਚ ਸ਼ਾਮਿਲ ਹੋਏ 2,500 ਲੋਕਾਂ ਵਿੱਚੋਂ 1,200 ਤੋਂ ਵੀ ਵੱਧ ਲੋਕਾਂ ਨੂੰ ਕਰੋਨਾਵਾਇਰਸ ਮਹਾਮਾਰੀ ਦੀ ਲਾਗ ਲੱਗ ਗਈ ਸੀ.

ਕਰੋਨਾਵਾਇਰਸ ਦੀ ਦਹਿਸ਼ਤ ਵੱਧਦੀ ਜਾਂਦੀ ਦੇਖ ਕੇ ਫਰਾਂਸ ਦੇ ਪ੍ਰਧਾਨ ਇਮੈਨੂਅਲ ਮੈਕਰੋਨ ਨੇ 12 ਮਾਰਚ ਨੂੰ ਪਬਲਿਕ ਟੀਵੀ ਉੱਤੇ ਪੇਸ਼ ਹੋ ਕੇ ਕੌਮ ਦੇ ਨਾਮ ਸੰਦੇਸ਼ ਦਿੱਤਾ ਕਿ ਸਭ ਸਕੂਲ ਅਤੇ ਯੂਨੀਵਰਸਿਟੀਆਂ 16 ਮਾਰਚ ਤੋਂ ਲੈ ਕੇ ਉਦੋਂ ਤੱਕ ਬੰਦ ਰਹਿਣਗੇ ਜਦੋਂ ਤੱਕ ਕਿ ਸਰਕਾਰ ਕੋਈ ਹੋਰ ਨਵਾਂ ਸੰਦੇਸ਼ ਨਹੀਂ ਦਿੰਦੀ.

14 ਮਾਰਚ ਨੂੰ ਫਰਾਂਸ ਦੇ ਪ੍ਰਧਾਨ ਮੰਤਰੀ ਜੌਂਅ ਕਾਸਟੈਕਸ ਨੇ ਹੁਕਮ ਦੇ

ਦਿੱਤਾ ਕਿ ਸਭ ਗ਼ੈਰ-ਜ਼ਰੂਰੀ ਅਦਾਰੇ ਜਿਵੇਂ ਕਿ ਪਬਲਿਕ ਥਾਵਾਂ, ਰੈਸਟੋਰੈਂਟ, ਕੈਫ਼ੇ, ਸਿਨਮੇ, ਨਾਈਟ ਕਲੱਬ ਆਦਿ ਬੰਦ ਰਹਿਣਗੇ.

ਲੱਗਦੇ ਹੱਥ ਹੀ, 16 ਮਾਰਚ ਨੂੰ, ਪ੍ਰਧਾਨ ਇਮੈਨੂਅਲ ਮੈਕਰੋਨ ਨੇ ਦੇਸ਼ ਵਿੱਚ 15 ਦਿਨਾਂ ਲਈ ਲੌਕਡਾਊਨ ਲਗਾਉਣ ਦਾ ਐਲਾਨ ਕਰ ਦਿੱਤਾ. 15 ਦਿਨਾਂ ਲਈ ਲੋਕ ਘਰਾਂ ਤੋਂ ਬਾਹਰ ਨਹੀਂ ਨਿਕਲਣਗੇ.

ਪਰ ਇਹ ਲੌਕਡਾਊਨ ਵੱਧਦਾ ਵੱਧਦਾ 11 ਮਈ ਤੱਕ ਚੱਲਦਾ ਰਿਹਾ. ਜਦੋਂ ਸਰਕਾਰ ਵੱਲੋਂ 11 ਮਈ ਨੂੰ ਦੇਸ਼ ਭਰ ਵਿੱਚ ਲੌਕਡਾਊਨ ਖਤਮ ਹੋਣ ਦਾ ਐਲਾਨ ਕੀਤਾ ਗਿਆ ਤਾਂ ਅਨੇਕਾਂ ਸ਼ਹਿਰਾਂ ਦੇ ਮੇਅਰ ਇਸ ਗੱਲ ਦੇ ਹੱਕ ਵਿੱਚ ਬਿਲਕੁਲ ਹੀ ਨਹੀਂ ਸਨ ਕਿ ਅਜੇ ਦੇਸ਼ ਵਿੱਚ ਲੌਕਡਾਊਨ ਖਤਮ ਕਰਨ ਵਾਲੇ ਹਾਲਾਤ ਹਨ.

ਅਗਸਤ ਦੇ ਮਹੀਨੇ ਵਿੱਚ ਇੱਕ ਵਾਰੀ ਫਿਰ ਫਰਾਂਸ ਵਿੱਚ 26,896 ਕਰੋਨਾ ਮਹਾਮਾਰੀ ਦੇ ਨਵੇਂ ਮਰੀਜ਼ ਆਏ ਸਨ. ਇਹ ਸਮੁੱਚੇ ਯੋਰਪ ਵਿੱਚ ਇੱਕ ਦਿਨ ਵਿੱਚ ਕਰੋਨਾਵਾਇਰਸ ਮਹਾਮਾਰੀ ਦੇ ਨਵੇਂ ਮਰੀਜ਼ ਆਉਣ ਦਾ ਇੱਕ ਨਵਾਂ ਰਿਕਾਰਡ ਸੀ. ਜਿਸ ਕਾਰਨ 28 ਅਕਤੂਬਰ ਨੂੰ ਫਰਾਂਸ ਵਿੱਚ ਇੱਕ ਵਾਰੀ ਫਿਰ ਲੌਕਡਾਉਨ ਲਾਗੂ ਕਰ ਦਿੱਤਾ ਗਿਆ.

ਕਰੋਨਾਵਾਇਰਸ ਮਹਾਮਾਰੀ ਕਾਰਨ ਫਰਾਂਸ ਨੂੰ ਆਰਥਿਕ ਪੱਖੋਂ ਬਹੁਤ ਨੁਕਸਾਨ ਹੋਇਆ ਅਤੇ 10 ਲੱਖ ਤੋਂ ਵੀ ਵੱਧ ਲੋਕ ਬੇਰੁਜ਼ਗਾਰ ਹੋ ਗਏ.

ਫਰਾਂਸ ਦੀ ਆਰਥਿਕਤਾ ਟੂਰਿਜ਼ਮ ਅਤੇ ਟੂਰਿਸਟਾਂ ਨਾਲ ਜੁੜੀ ਹੋਈ ਹੈ. ਅਨੁਮਾਨ ਲਗਾਇਆ ਜਾਂਦਾ ਹੈ ਕਿ ਕਰੋਨਾਵਾਇਰਸ ਮਹਾਮਾਰੀ ਕਾਰਨ ਫਰਾਂਸ ਦੀ ਟੂਰਿਸਟ ਇੰਡਸਟਰੀ ਨੂੰ ਭਾਰੀ ਨੁਕਸਾਨ ਹੋਇਆ ਹੈ ਅਤੇ ਸਾਲ 2020 ਦੇ ਅਖੀਰ ਤੱਕ ਫਰਾਂਸ ਨੂੰ ਟੂਰਿਸਟ ਘੱਟ ਜਾਣ ਕਾਰਨ ਤਕਰੀਬਨ 48 ਬਿਲੀਅਨ ਯੂਰੋ ਦਾ ਨੁਕਸਾਨ ਹੋਇਆ ਹੈ. ਵਰਲਡ ਟਰੈਵਲ ਐਂਡ ਟੂਰਿਜ਼ਮ ਕਾਊਂਸਲ ਦੀ ਪ੍ਰਧਾਨ ਅਤੇ ਸੀਈਓ ਗਲੋਰੀਆ ਗੁਵੈਰਾ ਨੇ ਕਿਹਾ ਕਿ ਇੰਟਰਨੈਸ਼ਨਲ ਟੂਰਿਜ਼ਮ ਘੱਟ ਜਾਣ ਕਾਰਨ ਫਰਾਂਸ ਨੂੰ ਹਰ ਸਾਲ 131.2 ਮਿਲੀਅਨ ਯੂਰੋ ਦਾ ਹਰ ਦਿਨ ਘਾਟਾ ਪੈ ਸਕਦਾ ਹੈ. ਏਨਾ ਘਾਟਾ ਪੂਰਾ ਕਰਨ ਲਈ ਫਰਾਂਸ ਨੂੰ ਅਨੇਕਾਂ ਸਾਲ ਲੱਗ ਜਾਣਗੇ. ਫਰਾਂਸ ਵਿੱਚ ਵਧੇਰੇ ਟੂਰਿਸਟ ਯੂ.ਕੇ., ਜਰਮਨੀ, ਇਟਲੀ, ਬੈਲਜੀਅਮ ਆਦਿ ਦੇਸ਼ਾਂ ਤੋਂ ਹੀ ਆਉਂਦੇ ਹਨ.

ਫਰਾਂਸ ਵਿੱਚ ਇਸ ਵਿਸ਼ੇ ਉੱਤੇ ਤਿੱਖੀ ਬਹਿਸ ਛਿੜੀ ਹੋਈ ਹੈ ਕਿ ਇਹ ਪਤਾ ਲਗਾਇਆ ਜਾਵੇ ਕਿ ਕਰੋਨਾਵਾਇਰਸ ਮਹਾਮਾਰੀ ਦਾ ਮੁਕਾਬਲਾ ਕਰਨ ਵਿੱਚ ਫਰਾਂਸ ਨੂੰ ਮਿਲੀ ਅਸਫਲਤਾ ਲਈ ਕਿਹੜਾ ਕਿਹੜਾ ਰਾਜਨੀਤੀਵਾਨ ਜਾਂ ਅਧਿਕਾਰੀ ਜ਼ਿੰਮੇਵਾਰ ਹੈ ਅਤੇ ਉਸਨੂੰ ਕਾਨੂੰਨ ਦੇ ਕਟਹਿਰੇ ਵਿੱਚ ਖੜ੍ਹਾ ਕੀਤਾ ਜਾਵੇ.

ਕਰੋਨਾਵਾਇਰਸ ਮਹਾਮਾਰੀ ਦਾ ਮੁਕਾਬਲਾ ਕਰਨ ਵਿੱਚ ਫਰਾਂਸ ਨੂੰ ਇਸ ਕਰਕੇ ਅਸਫਲਤਾ ਨਹੀਂ ਮਿਲੀ ਕਿ ਉਸਨੂੰ ਪਤਾ ਨਹੀਂ ਸੀ ਕਿ ਫਰਾਂਸ ਉੱਤੇ ਕਰੋਨਾਵਾਇਰਸ ਮਹਾਮਾਰੀ ਦਾ ਹਮਲਾ ਹੋ ਸਕਦਾ ਹੈ; ਬਲਕਿ, ਉਸਦੀ ਅਸਫਲਤਾ

ਇਸ ਕਰਕੇ ਹੋਈ ਕਿਉਂਕਿ ਉਹ ਕਰੋਨਾਵਾਇਰਸ ਜਿਹੀ ਕਿਸੀ ਮਹਾਮਾਰੀ ਦਾ ਮੁਕਾਬਲਾ ਕਰਨ ਲਈ ਪੂਰੀ ਤਰ੍ਹਾਂ ਤਿਆਰ ਹੀ ਨਹੀਂ ਸੀ.

ਫਰਾਂਸ ਨੂੰ ਮਿਲੀ ਅਸਫਲਤਾ ਨੂੰ ਵਿਚਾਰਨ ਵੇਲੇ ਇਹ ਤੱਥ ਵੀ ਧਿਆਨ ਵਿੱਚ ਰੱਖਣਾ ਜ਼ਰੂਰੀ ਹੈ ਕਿ ਵੱਖੋ ਵੱਖ ਪ੍ਰਬੰਧਕੀ ਢਾਂਚਿਆਂ ਵਿੱਚ ਨ ਸਿਰਫ ਤਾਲ-ਮੇਲ ਦੀ ਹੀ ਘਾਟ ਸੀ; ਬਲਕਿ, ਬਹੁਤ ਸਾਰੇ ਪ੍ਰਬੰਧਕੀ ਢਾਂਚੇ ਤਾਂ ਇੱਕ ਦੂਜੇ ਵੱਲੋਂ ਕੀਤਾ ਜਾ ਰਹੇ ਫੈਸਲਿਆਂ ਨੂੰ ਜਨਤਾ ਉੱਤੇ ਲਾਗੂ ਕਰਨ ਲਈ ਹੀ ਤਿਆਰ ਨਹੀਂ ਸਨ.

ਕਈ ਇਲਾਕਿਆਂ ਵਿੱਚ ਤਾਂ ਇਹੀ ਗੱਲ ਹੀ ਸਪੱਸ਼ਟ ਨਹੀਂ ਸੀ ਕਿ ਉਨ੍ਹਾਂ ਇਲਾਕਿਆਂ ਵਿੱਚ ਕਰਫਿਊ ਲਗਾਉਣ ਦਾ ਅਧਿਕਾਰ ਕਿਸ ਨੂੰ ਸੀ? ਸ਼ਾਇਦ, ਇਸੀ ਕਾਰਨ ਹੀ ਕਈ ਇਲਾਕਿਆਂ ਵਿੱਚ ਅਦਾਲਤਾਂ ਨੇ ਹੀ ਕਹਿ ਦਿੱਤਾ ਸੀ ਕਿ ਇਨ੍ਹਾਂ ਇਲਾਕਿਆਂ ਵਿੱਚ ਕਰਫਿਊ ਲਗਾਉਣਾ ਹੀ ਗ਼ੈਰ-ਕਾਨੂੰਨੀ ਹੈ. ਕਈ ਅਦਾਲਤਾਂ ਅਤੇ ਸੰਸਥਾਵਾਂ ਨੇ ਸਰਕਾਰ ਵੱਲੋਂ ਕੀਤੀ ਜਾ ਰਹੀ ਸਖਤੀ ਨੂੰ ਦੇਸ਼ ਦੀਆਂ ਉੱਚ ਅਦਾਲਤਾਂ ਵਿੱਚ ਇਹ ਕਹਿਕੇ ਚੁਣੌਤੀ ਵੀ ਦਿੱਤੀ ਕਿ ਸਰਕਾਰ ਲੋਕਾਂ ਦੇ ਡੈਮੋਕਰੈਟਿਕ ਹੱਕਾਂ ਉੱਤੇ ਛਾਪਾ ਮਾਰ ਕੇ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰ ਰਹੀ ਹੈ ਅਤੇ ਇਸ ਤਰ੍ਹਾਂ ਕਰਨ ਨਾਲ ਫਰਾਂਸ ਵਿੱਚ ਡੈਮੋਕਰੇਸੀ ਹੀ ਖਤਰੇ ਵਿੱਚ ਪੈ ਰਹੀ ਹੈ.

9 ਜਨਵਰੀ, 2021 ਤੱਕ ਫਰਾਂਸ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਲੋਕਾਂ ਦੀ ਕੁੱਲ ਗਿਣਤੀ 2,767, 312 ਅਤੇ ਮਰਨ ਵਾਲਿਆਂ ਦੀ ਕੁੱਲ ਗਿਣਤੀ 67,599 ਹੋ ਚੁੱਕੀ ਸੀ.

ਇੱਕ ਅਨੁਮਾਨ ਅਨੁਸਾਰ ਫਰਾਂਸ ਵਿੱਚ ਪੁਲਿਸ ਦੇ 10,000 ਤੋਂ ਵੀ ਵੱਧ ਸਿਪਾਹੀ ਕਰੋਨਾਵਾਇਰਸ ਮਹਾਮਾਰੀ ਦਾ ਸ਼ਿਕਾਰ ਹੋ ਗਏ ਹਨ.

ਫਰਾਂਸ ਸਰਕਾਰ ਨੇ ਕਿਹਾ ਹੈ ਕਿ ਅਸੀਂ ਹਰ ਨਾਗਰਿਕ ਨੂੰ ਕਰੋਨਾ ਵੈਕਸੀਨ ਇੰਜੈਕਸ਼ਨ ਲਗਾਉਣ ਲਈ 200 ਮਿਲੀਅਨ ਡੋਜ਼ਿਜ਼ ਕਰੋਨਾ ਵਾਇਰਸ ਦੀਆਂ ਖਰੀਦ ਰਹੇ ਹਾਂ. ਜਦੋਂ ਕਿ ਫਰਾਂਸ ਦੀ ਆਬਾਦੀ ਕੇਵਲ 70 ਮਿਲੀਅਨ ਹੈ.

ਪਰ ਸਮੱਸਿਆ ਇਹ ਹੈ ਕਿ ਫਰਾਂਸ ਵਿੱਚ ਕੀਤੇ ਗਏ ਇੱਕ ਸਰਵੇਖਣ ਅਨੁਸਾਰ ਫਰਾਂਸ ਵਿੱਚ ਸਿਰਫ 53% ਲੋਕ ਹੀ ਕਰੋਨਾਵਾਇਰਸ ਵੈਕਸੀਨ ਇੰਜੈਕਸ਼ਨ ਲਗਵਾਉਣ ਦੇ ਹੱਕ ਵਿੱਚ ਹਨ. ਇਹ ਗਿਣਤੀ ਦੁਨੀਆਂ ਵਿੱਚ ਕਿਸੀ ਵੀ ਦੇਸ਼ ਵਿੱਚ ਸਭ ਤੋਂ ਘੱਟ ਲੋਕਾਂ ਵੱਲੋਂ ਕਰੋਨਾਵਾਇਰਸ ਵੈਕਸੀਨ ਪਸੰਦ ਕਰਨ ਵਾਲਿਆਂ ਦੀ ਹੈ.

ਯੋਰਪ ਵਿੱਚ ਕਰੋਨਾਵਾਇਰਸ ਮਹਾਮਾਰੀ ਦੇ ਪਾਸਾਰ ਦੀ ਗੱਲ ਹੋਣ ਵੇਲੇ ਯੂ.ਕੇ. ਨੂੰ ਇੱਕ ਵਿਸ਼ੇਸ਼ ਸਥਾਨ ਹਾਸਿਲ ਹੈ.

ਕਿਉਂਕਿ, ਦੁਨੀਆਂ ਵਿੱਚ ਕਰੋਨਾਵਾਇਰਸ ਮਹਾਮਾਰੀ ਦਾ ਪਹਿਲਾ ਮਰੀਜ਼ ਮਿਲਣ ਤੋਂ ਕੇਵਲ 45 ਦਿਨ ਪਹਿਲਾਂ 24 ਅਕਤੂਬਰ, 2019 ਨੂੰ 'ਗਲੋਬਲ ਹੈਲਥ ਸਿਕਿਉਰਟੀ' ਵੱਲੋਂ ਜਾਰੀ ਕੀਤੀ ਗਈ ਰਿਪੋਰਟ ਵਿੱਚ ਦੱਸਿਆ ਗਿਆ ਸੀ ਕਿ ਜੇਕਰ ਦੁਨੀਆਂ ਵਿੱਚ ਮਹਾਮਾਰੀ ਫੈਲ ਜਾਵੇ ਤਾਂ ਦੁਨੀਆਂ ਦੇ 195 ਦੇਸ਼ਾਂ ਵਿੱਚ ਮਹਾਮਾਰੀ ਦਾ

ਮੁਕਾਬਲਾ ਕਰਨ ਲਈ ਸਭ ਤੋਂ ਵੱਧ ਤਿਆਰੀ ਅਮਰੀਕਾ ਦੀ ਹੈ ਅਤੇ ਉਸ ਤੋਂ ਬਾਹਦ ਸਭ ਤੋਂ ਵੱਧ ਤਿਆਰ ਮੁਲਕਾਂ ਵਿੱਚ ਯੂ.ਕੇ. ਦਾ ਨੰਬਰ ਆਉਂਦਾ ਹੈ. ਜਿਸ ਦਾ ਮਤਲਬ ਹੈ ਕਿ ਇਹ ਦੇਸ਼ ਸਭ ਤੋਂ ਵੱਧ ਫੁਰਤੀ ਨਾਲ ਕੰਮ ਕਰਨਗੇ. ਇਨ੍ਹਾਂ ਦੋ ਦੇਸ਼ਾਂ ਦੇ ਹੈਲਥ ਕੇਅਰ ਸਿਸਟਮ ਮਹਾਮਾਰੀ ਦਾ ਸ਼ਿਕਾਰ ਲੋਕਾਂ ਦੇ ਨਾਲ ਨਾਲ ਹੈਲਥ ਕੇਅਰ ਵਰਕਰਜ਼ ਦਾ ਵੀ ਸਭ ਤੋਂ ਵਧੀਆ ਢੰਗ ਨਾਲ ਧਿਆਨ ਰੱਖਣਗੇ. ਪਰ ਜਦੋਂ ਇਨ੍ਹਾਂ ਦੋਨਾਂ ਮੁਲਕਾਂ, ਅਮਰੀਕਾ ਅਤੇ ਯੂ.ਕੇ., ਉੱਤੇ, ਹਕੀਕਤ ਵਿੱਚ, ਕਰੋਨਾਵਾਇਰਸ ਮਹਾਮਾਰੀ ਦਾ ਭਾਰ ਆਉਣ ਪਿਆ ਤਾਂ ਇਹ ਦੋਨੋਂ ਹੀ ਮੁਲਕ ਕਰੋਨਾ ਵਾਇਰਸ ਮਹਾਮਾਰੀ ਦਾ ਮੁਕਾਬਲਾ ਕਰਨ ਵਿੱਚ ਸਭ ਤੋਂ ਵੱਧ ਨਿਖਿਧ ਮੁਲਕ ਸਾਬਿਤ ਹੋਏ.

ਅਮਰੀਕਾ ਦਾ ਪ੍ਰਧਾਨ ਡੋਨਲਡ ਟਰੰਪ ਅਤੇ ਯੂ.ਕੇ. ਦਾ ਪ੍ਰਧਾਨ ਮੰਤਰੀ ਬੋਰਿਸ ਜਾਹਨਸਨ, ਇਹ ਦੋਵੇਂ ਹੀ, ਵਿਗਿਆਨ ਵਿਰੋਧੀ ਮੰਨੇ ਜਾਂਦੇ ਹਨ. ਇਹ ਦੋਨੋਂ ਹੀ ਵਿਅਕਤੀ ਕਰੋਨਾ ਵਾਇਰਸ ਦਾ ਮੁਕਾਬਲਾ ਕਰਨ ਲਈ ਦੁਨੀਆਂ ਦੇ ਹੋਰ ਦੇਸ਼ਾਂ ਦੀਆਂ ਸਰਕਾਰਾਂ ਨਾਲ ਕਦਮ ਮਿਲਾ ਕੇ ਚੱਲਣ ਵਿੱਚ ਵਿਸ਼ਵਾਸ ਨਹੀਂ ਰੱਖਦੇ. ਇਨ੍ਹਾਂ ਦੋਨਾਂ ਨੇਤਾਵਾਂ ਨੂੰ ਇਹ ਵੀ ਵਹਿਮ ਸੀ ਕਿ ਇਹ ਮਹਾਮਾਰੀ ਸਾਡੇ ਮੁਲਕਾਂ ਵਿੱਚ ਰਹਿਣ ਵਾਲੇ ਲੋਕਾਂ ਦਾ ਕੁਝ ਨਹੀਂ ਵਿਗਾੜ ਸਕਦੀ. ਇਸ ਲਈ ਇਨ੍ਹਾਂ ਦੋਨਾਂ ਮੁਲਕਾਂ ਨੇ ਹੀ 'ਵਿਸ਼ਵ ਹੈਲਥ ਔਰਗੇਨਾਈਜ਼ੇਸ਼ਨ' ਵੱਲੋਂ ਕਰੋਨਾ ਮਹਾਮਾਰੀ ਦਾ ਮੁਕਾਬਲਾ ਕਰਨ ਲਈ ਦਿੱਤੀਆਂ ਜਾਂਦੀਆਂ ਨਸੀਹਤਾਂ ਨੂੰ ਮੰਨਣ ਤੋਂ ਹੀ ਇਨਕਾਰ ਕਰ ਦਿੱਤਾ. ਇਸੀ ਤਰ੍ਹਾਂ ਹੀ ਇਨ੍ਹਾਂ ਦੋਨੋਂ ਹੀ ਮੁਲਕਾਂ ਨੇ ਮਹਾਮਾਰੀਆਂ ਦਾ ਮੁਕਾਬਲਾ ਕਰਨ ਲਈ ਰਾਖਵੇਂ ਕੀਤੇ ਜਾਂਦੇ ਸਰਕਾਰੀ ਖਰਚਿਆਂ ਵਿੱਚ ਵੀ ਕਟੌਤੀਆਂ ਕਰ ਦਿੱਤੀਆਂ.

'ਵਿਸ਼ਵ ਹੈਲਥ ਔਰਗੇਨਾਈਜ਼ਸ਼ਨ' ਨੇ ਜਦੋਂ ਦੁਨੀਆਂ ਭਰ ਦੇ ਮੁਲਕਾਂ ਨੂੰ ਕਿਹਾ ਕਿ ਜਦੋਂ ਵੀ ਤੁਹਾਨੂੰ ਕਿਸੀ ਕਰੋਨਾਵਾਇਰਸ ਮਹਾਮਾਰੀ ਮਰੀਜ਼ ਦਾ ਪਤਾ ਲੱਗਦਾ ਹੈ ਤਾਂ ਤੁਸੀਂ ਝੱਟ ਪਤਾ ਕਰੋ ਕਿ ਇਹ ਮਰੀਜ਼ ਕਿੰਨ੍ਹਾਂ ਲੋਕਾਂ ਨੂੰ ਮਿਲਦਾ ਰਿਹਾ ਹੈ – ਤਾਂ ਕਿ ਉਨ੍ਹਾਂ ਸਭ ਲੋਕਾਂ ਨੂੰ ਮਿਲ ਕੇ ਪਤਾ ਲਗਾਇਆ ਜਾ ਸਕੇ ਕਿ ਇਸ ਬੀਮਾਰੀ ਦੀ ਲਾਗ ਕਿੱਥੋਂ ਆਈ ਹੈ ਅਤੇ ਇਹ ਲਾਗ ਹੋਰ ਕਿੰਨੇ ਕੁ ਲੋਕਾਂ ਨੂੰ ਲੱਗ ਚੁੱਕੀ ਹੈ? ਪਰ ਅਮਰੀਕਾ ਅਤੇ ਯੂ.ਕੇ. ਦੋਨਾਂ ਹੀ ਦੇਸ਼ਾਂ ਦੀਆਂ ਸਰਕਾਰਾਂ ਨੇ ਇਹ ਕਿਹਾ ਕਿ ਵਿਸ਼ਵ ਹੈਲਥ ਔਰਗੇਨਾਈਜ਼ਸ਼ਨ ਦੀ ਇਹ ਗੱਲ ਸਾਡੇ ਦੇਸ਼ਾਂ ਦੇ ਸਿਸਟਮਾਂ ਉੱਤੇ ਲਾਗੂ ਨਹੀਂ ਹੁੰਦੀ. ਜਿਸ ਕਾਰਨ ਅਮਰੀਕਾ ਅਤੇ ਇੰਗਲੈਂਡ ਵਿੱਚ ਹਜ਼ਾਰਾਂ ਹੀ ਲੋਕਾਂ ਦੀਆਂ ਵਾਧੂ ਮੌਤਾਂ ਹੋਈਆਂ. ਜਿਨ੍ਹਾਂ ਨੂੰ ਸਮੇਂ ਸਿਰ ਮੈਡੀਕਲ ਸਹਾਇਤਾ ਦੇਣ ਨਾਲ ਉਨ੍ਹਾਂ ਦੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਸਨ.

ਯੂ.ਕੇ. ਵਿੱਚ ਕਰੋਨਾਵਾਇਰਸ ਮਹਾਮਾਰੀ ਵੱਲੋਂ ਮਚਾਈ ਗਈ ਭਾਰੀ ਤਬਾਹੀ ਦਾ ਇੱਕ ਕਾਰਨ ਇਹ ਵੀ ਮੰਨਿਆਂ ਜਾ ਰਿਹਾ ਹੈ ਕਿ ਯੂ.ਕੇ. ਦੀ ਸਰਕਾਰ ਅਤੇ ਉੱਥੇ ਦੇ ਵਿਗਿਆਨੀਆਂ ਦਰਮਿਆਨ ਕੋਈ ਤਾਲਮੇਲ ਹੀ ਨਹੀਂ ਸੀ.

ਯੂ.ਕੇ. ਅਤੇ ਅਮਰੀਕਾ, ਦੋਨੋਂ ਦੇਸ਼ਾਂ ਵਿੱਚ ਹੀ ਕਰੋਨਾਵਾਇਰਸ ਮਹਾਮਾਰੀ

ਵੱਲੋਂ ਮਚਾਈ ਗਈ ਭਾਰੀ ਤਬਾਹੀ ਦਾ ਇੱਕ ਇਹ ਵੀ ਕਾਰਨ ਸੀ ਕਿ ਇਨ੍ਹਾਂ ਦੋਨਾਂ ਦੇਸ਼ਾਂ ਦੀਆਂ ਸਰਕਾਰਾਂ ਦੇ ਹੈਲਥ ਵਿਭਾਗਾਂ ਨੇ ਹਸਪਤਾਲਾਂ ਵਿੱਚ ਕੰਮ ਕਰਨ ਵਾਲੇ ਅਨੇਕਾਂ ਡਾਕਟਰਾਂ, ਨਰਸਾਂ ਅਤੇ ਹੋਰ ਮੈਡੀਕਲ ਸਟਾਫ ਨੂੰ ਪਰੋਟੈੱਕਸ਼ਨ ਕਿੱਟਸ ਹੀ ਨਹੀਂ ਦਿੱਤੀਆਂ. ਉਨ੍ਹਾਂ ਹੈਲਥ ਵਰਕਰਜ਼ ਨੂੰ ਮਜਬੂਰ ਕੀਤਾ ਜਾਂਦਾ ਰਿਹਾ ਕਿ ਉਹ ਆਪਣੇ ਸਰੀਰਾਂ ਅਤੇ ਚਿਹਰਿਆਂ ਨੂੰ ਗਾਰਬਿਜ਼ ਬੈਗਜ਼ ਨਾਲ ਹੀ ਢਕ ਲੈਣ. ਜਿਸ ਕਾਰਨ ਸੈਂਕੜੇ ਡਾਕਟਰਾਂ, ਨਰਸਾਂ, ਹੈਲਥ ਵਰਕਰਾਂ ਦੀਆਂ ਕਰੋਨਾ ਵਾਇਰਸ ਮਹਾਮਾਰੀ ਦਾ ਸ਼ਿਕਾਰ ਹੋਏ ਮਰੀਜ਼ਾਂ ਦਾ ਧਿਆਨ ਕਰਦਿਆਂ ਲਾਗ ਲੱਗ ਜਾਣ ਕਾਰਨ ਮੌਤਾਂ ਹੋਈਆਂ.

ਯੂ.ਕੇ. ਬਾਰੇ ਗੱਲ ਕਰਦਿਆਂ ਇਹ ਦੱਸਣਾ ਵੀ ਜਰੂਰੀ ਬਣ ਜਾਂਦਾ ਹੈ ਕਿ ਯੂਨਾਈਟਿਡ ਕਿੰਗਡਮ, ਅਸਲ ਵਿੱਚ, ਚਾਰ ਕੌਮਾਂ ਦਾ ਇੱਕ ਸਾਂਝਾ ਢਾਂਚਾ ਹੈ. ਇਹ ਚਾਰ ਕੌਮਾਂ ਹਨ : ਇੰਗਲੈਂਡ, ਨਾਰਦਰਨ ਆਇਰਲੈਂਡ, ਸਕਾਟਲੈਂਡ ਅਤੇ ਵੇਲਜ਼. ਇਨ੍ਹਾਂ ਚਾਰਾਂ ਕੌਮਾਂ ਦੇ ਆਪਣੇ ਆਪਣੇ ਸਰਕਾਰੀ ਸਹਾਇਤਾ ਨਾਲ ਚੱਲਣ ਵਾਲੇ ਸਿਹਤ ਵਿਭਾਗ ਹਨ, ਇਨ੍ਹਾਂ ਦੀਆਂ ਆਪਣੀਆਂ ਆਪਣੀਆਂ ਪਾਰਲੀਮੈਂਟ ਹਨ ਅਤੇ ਆਪਣੀਆਂ, ਆਪਣੀਆਂ ਸਰਕਾਰਾਂ ਹਨ. ਇਸ ਲਈ ਇਹ ਚਾਰੇ ਕੌਮਾਂ ਯੂਨਾਈਟਿਡ ਕਿੰਗਡਮ ਵਿੱਚ ਹੋਣ ਦੇ ਬਾਵਜੂਦ ਵੀ ਕਰੋਨਾ ਮਹਾਮਾਰੀ ਨਾਲ ਨਜਿੱਠਣ ਲਈ ਆਪਣੇ ਆਪਣੇ ਤੌਰ ਉੱਤੇ ਵੱਖੋ ਵੱਖ ਫੈਸਲੇ ਲੈਂਦੀਆਂ ਰਹੀਆਂ ਹਨ.

ਕਰੋਨਾਵਾਇਰਸ ਮਹਾਮਾਰੀ ਨੇ ਯੂ.ਕੇ. ਵਿੱਚ 31 ਜਨਵਰੀ, 2020 ਨੂੰ ਦਸਤਕ ਦਿੱਤੀ.

ਯੂ.ਕੇ. ਦੇ ਯੌਰਕ ਇਲਾਕੇ ਵਿੱਚ 31 ਜਨਵਰੀ, 2020 ਨੂੰ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਪਹਿਲਾ ਮਰੀਜ਼ ਮਿਲਿਆ.

27 ਫਰਵਰੀ ਨੂੰ ਨਾਰਦਰਨ ਆਇਰਲੈਂਡ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਪਹਿਲਾ ਮਰੀਜ਼ ਮਿਲਿਆ.

28 ਫਰਵਰੀ ਨੂੰ ਵੇਲਜ਼ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਪਹਿਲਾ ਮਰੀਜ਼ ਮਿਲਿਆ.

28 ਫਰਵਰੀ ਨੂੰ ਹੀ ਡਾਇਮੈਂਡ ਪ੍ਰਿੰਸਸ ਸ਼ਿੱਪ ਰਾਹੀਂ ਸਫ਼ਰ ਕਰਨ ਵਾਲਾ ਇੱਕ ਵਿਅਕਤੀ ਯੂਨਾਈਟਿਡ ਕਿੰਗਡਮ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਮਰਨ ਵਾਲਾ ਪਹਿਲਾ ਵਿਅਕਤੀ ਬਣਿਆ.

1 ਮਾਰਚ ਨੂੰ ਸਕਾਟਲੈਂਡ ਵਿੱਚ ਕਰੋਨਾਵਾਇਰਸ ਦੀ ਲਾਗ ਵਾਲਾ ਪਹਿਲਾ ਵਿਅਕਤੀ ਮਿਲਿਆ.

4 ਅਪ੍ਰੈਲ ਨੂੰ ਯੂ.ਕੇ. ਦੇ ਪ੍ਰਧਾਨ ਮੰਤਰੀ ਬੋਰਿਸ ਜਾਹਨਸਨ ਨੂੰ ਕਰੋਨਾਵਾਇਰਸ ਮਹਾਮਾਰੀ ਦੀ ਲਾਗ ਲੱਗ ਜਾਣ ਕਾਰਨ ਹਸਪਤਾਲ ਵਿੱਚ ਦਾਖਲ ਹੋਣਾ ਪਿਆ.

10 ਜਨਵਰੀ, 2021 ਤੱਕ ਯੂ.ਕੇ. ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਕੁੱਲ ਲੋਕਾਂ ਦੀ ਗਿਣਤੀ 3,072,349 ਅਤੇ ਮਰਨ ਵਾਲਿਆਂ ਦੀ ਗਿਣਤੀ

81,431 ਹੋ ਚੁੱਕੀ ਸੀ.

ਯੂਨਾਈਟਿਡ ਕਿੰਗਡਮ ਵਿੱਚ ਕਰੋਨਾਵਾਇਰਸ ਮਹਾਮਾਰੀ ਦੇ ਕੀਟਾਣੂੰ ਸਿੱਧੇ ਚੀਨ ਤੋਂ ਆਉਣ ਦੀ ਥਾਂ ਇਟਲੀ, ਫਰਾਂਸ, ਸਪੇਨ ਅਤੇ ਸਿੰਘਾਪੁਰ ਤੋਂ ਹੀ ਆਏ ਮੰਨੇ ਜਾਂਦੇ ਹਨ.

ਕਰੋਨਾਵਾਇਰਸ ਮਹਾਮਾਰੀ ਨੇ ਅਨੇਕਾਂ ਹੋਰ ਯੋਰਪੀਅਨ ਦੇਸ਼ਾਂ ਵਾਂਗ ਹੀ ਯੂਨਾਈਟਿਡ ਕਿੰਗਡਮ ਉੱਤੇ ਵੀ ਆਰਥਿਕ, ਸਮਾਜਿਕ, ਰਾਜਨੀਤਕ, ਧਾਰਮਿਕ, ਵਿੱਦਿਅਕ ਪੱਖਾਂ ਤੋਂ ਕਾਫੀ ਗੰਭੀਰ ਪ੍ਰਭਾਵ ਪਾਇਆ ਹੈ; ਪਰ ਯੂਨਾਈਟਡ ਕਿੰਗਡਮ ਉੱਤੇ ਇਸ ਮਹਾਮਾਰੀ ਨੇ ਇੱਕ ਹੋਰ ਪੱਖੋਂ ਵੀ ਗੰਭੀਰ ਪ੍ਰਭਾਵ ਪਾਇਆ ਹੈ.

ਕਰੋਨਾ ਮਹਾਮਾਰੀ ਸੰਕਟ ਕਾਰਨ ਯੂਨਾਈਟਿਡ ਕਿੰਗਡਮ ਦੀ ਸਰਕਾਰ ਵਿੱਚ ਭਾਈਵਾਲ ਚਾਰ ਕੌਮਾਂ ਇੰਗਲੈਂਡ, ਨਾਰਦਰਨ ਆਇਰਲੈਂਡ, ਸਕਾਟਲੈਂਡ ਅਤੇ ਵੇਲਜ਼ ਦਰਮਿਆਨ ਖਿੱਚੋਤਾਣ ਵੱਧ ਗਈ ਹੈ. ਕਰੋਨਾਵਾਇਰਸ ਮਹਾਮਾਰੀ ਸੰਕਟ ਨਾਲ ਨਿਬੜਨ ਤੋਂ ਬਾਹਦ ਇਹ ਕੌਮਾਂ ਯੂਨਾਈਟਿਡ ਕਿੰਗਡਮ ਤੋਂ ਵੱਖ ਹੋਣ ਦਾ ਰਾਗ ਪਹਿਲਾਂ ਨਾਲੋਂ ਵੀ ਉੱਚੀ ਆਵਾਜ਼ ਵਿੱਚ ਅਲਾਪ ਸਕਦੀਆਂ ਹਨ. ਭਾਵੇਂ ਕਿ ਸਕਾਟਲੈਂਡ ਵਿੱਚ ਤਾਂ ਕਰੋਨਾਵਾਇਰਸ ਮਹਾਮਾਰੀ ਦੀ ਦਸਤਕ ਹੋਣ ਤੋਂ ਪਹਿਲਾਂ ਹੀ ਯੂਨਾਈਟਿਡ ਕਿੰਗਡਮ ਤੋਂ ਆਜ਼ਾਦ ਹੋਣ ਦੀ ਲਹਿਰ ਜ਼ੋਰ ਫੜ ਚੁੱਕੀ ਹੈ.

ਭਾਵੇਂ ਕਿ ਯੂਨਾਈਟਿਡ ਕਿੰਗਡਮ ਦੁਨੀਆਂ ਦਾ ਪਹਿਲਾ ਅਜਿਹਾ ਦੇਸ਼ ਬਣ ਗਿਆ ਹੈ ਜਿਸਨੇ ਕਰੋਨਾਵਾਇਰਸ ਮਹਾਮਾਰੀ ਦੀ ਵੈਕਸੀਨ ਬਣਾ ਲਈ ਹੈ ਅਤੇ ਲੋਕਾਂ ਨੂੰ ਵੈਕਸੀਨ ਦੇ ਇੰਜੈਕਸ਼ਨ ਲਗਾਉਣੇ ਵੀ ਸ਼ੁਰੂ ਕਰ ਦਿੱਤੇ ਹਨ; ਪਰ ਕੀ ਇਹ ਵੈਕਸੀਨ ਦੇ ਆਉਣ ਨਾਲ ਯੂਨਾਈਟਿਡ ਕਿੰਗਡਮ ਆਪਣੀਆਂ ਇਨ੍ਹਾਂ ਦਿਓ ਕੱਦ ਸਮੱਸਿਆਵਾਂ ‘ਚੋਂ ਬਾਹਰ ਆ ਸਕੇਗਾ?

ਇਸ ਗੱਲ ਦਾ ਉੱਤਰ ਲੱਭਣ ਲਈ ਆਉਣ ਵਾਲੇ ਕੁਝ ਸਾਲਾਂ ਅੰਦਰ ਵਿਸ਼ਵ ਭਰ ਦੀਆਂ ਨਜ਼ਰਾਂ ਯੂਨਾਈਟਿਡ ਕਿੰਗਡਮ ਦੇ ਰਾਜਸੀ ਸਿਸਟਮ ਉੱਤੇ ਲੱਗੀਆਂ ਰਹਿਣਗੀਆਂ.

ਸਪੇਨ ਯੋਰਪ ਦਾ ਇੱਕ ਹੋਰ ਮਹੱਤਵ-ਪੂਰਨ ਦੇਸ਼ ਹੈ ਜਿੱਥੇ ਕਰੋਨਾਵਾਇਰਸ ਨੇ ਭਾਰੀ ਤਬਾਹੀ ਮਚਾਈ.

ਸਪੇਨ ਵਿੱਚ 31 ਜਨਵਰੀ, 2020 ਨੂੰ ਕਰੋਨਾਵਾਇਰਸ ਮਹਾਮਾਰੀ ਨੇ ਦਸਤਕ ਦਿੱਤੀ.

ਸਪੇਨ ਵਿੱਚ ਕਰੋਨਾਵਾਇਰਸ ਮਹਾਮਾਰੀ ਦੇ ਸ਼ਿਕਾਰ ਹੋਏ ਪਹਿਲੇ ਵਿਅਕਤੀ ਵਜੋਂ ਇੱਕ ਜਰਮਨ ਵਿਅਕਤੀ ਦੀ ਪਹਿਚਾਣ ਹੋਈ ਸੀ. ਜੋ ਕਿ ਲਾ ਗੋਮਰਾ, ਕਾਨਰੀ ਆਈਲੈਂਡਜ਼ ਦੀ ਸੈਰ ਕਰਨ ਆਇਆ ਹੋਇਆ ਸੀ.

13 ਮਾਰਚ ਤੱਕ ਸਪੇਨ ਦੇ ਸਾਰੇ 50 ਪ੍ਰਾਂਤਾਂ ਵਿੱਚ ਕਰੋਨਾਵਾਇਰਸ ਮਹਾਮਾਰੀ ਦਾ ਪਾਸਾਰ ਹੋ ਚੁੱਕਾ ਸੀ.

14 ਮਾਰਚ ਨੂੰ ਸਪੇਨ ਵਿੱਚ ਲੌਕਡਾਊਨ ਲਾਗੂ ਕਰ ਦਿੱਤਾ ਗਿਆ.

2 ਅਪ੍ਰੈਲ ਨੂੰ ਕਰੋਨਾਵਾਇਰਸ ਮਹਾਮਾਰੀ ਕਾਰਨ ਸਪੇਨ ਵਿੱਚ, ਮਹਿਜ਼, 24 ਘੰਟਿਆਂ ਅੰਦਰ 950 ਵਿਅਕਤੀਆਂ ਦੀ ਮੌਤ ਹੋਈ. ਇਸ ਦਿਨ ਤੱਕ ਦੁਨੀਆਂ ਦੇ ਹੋਰ ਕਿਸੇ ਵੀ ਦੇਸ਼ ਵਿੱਚ ਕਰੋਨਾਵਾਇਰਸ ਮਹਾਮਾਰੀ ਕਾਰਨ 24 ਘੰਟਿਆਂ ਵਿੱਚ 950 ਵਿਅਕਤੀਆਂ ਦੀਆਂ ਮੌਤਾਂ ਨਹੀਂ ਹੋਈਆਂ ਸਨ.

1 ਜੂਨ, ਪਹਿਲਾ ਦਿਨ ਸੀ ਜਦੋਂ ਸਪੇਨ ਦੇ ਕਿਸੇ ਵੀ ਇਲਾਕੇ ਵਿੱਚ ਕਰੋਨਾਵਾਇਰਸ ਮਹਾਮਾਰੀ ਕਾਰਨ ਇੱਕ ਵੀ ਵਿਅਕਤੀ ਦੀ ਮੌਤ ਨਹੀਂ ਹੋਈ ਸੀ.

ਪਰ ਸਪੇਨ ਵਿੱਚ ਮੁੜ ਕਰੋਨਾਵਾਇਰਸ ਮਹਾਮਾਰੀ ਦਾ ਪਾਸਾਰ ਵੱਧ ਜਾਣ ਕਾਰਨ 21 ਅਕਤੂਬਰ ਤੱਕ 10 ਲੱਖ ਤੋਂ ਵੀ ਵੱਧ ਲੋਕ ਇਸ ਬੀਮਾਰੀ ਨਾਲ ਪੀੜਤ ਹੋ ਚੁੱਕੇ ਸਨ ਅਤੇ 34,366 ਲੋਕਾਂ ਦੀਆਂ ਕਰੋਨਾਵਾਇਰਸ ਮਹਾਮਾਰੀ ਕਾਰਨ ਮੌਤਾਂ ਹੋ ਚੁੱਕੀਆਂ ਸਨ. ਸਪੇਨ ਵਿੱਚ ਹੋਈਆਂ ਕੁੱਲ ਮੌਤਾਂ ਵਿੱਚ ਤੀਸਰਾ ਹਿੱਸਾ ਮੌਤਾਂ ਇਕੱਲੇ ਮੈਡਰਿਡ ਦੇ ਇਲਾਕੇ ਵਿੱਚ ਹੋਈਆਂ ਸਨ.

ਮੈਡਰਿਡ ਇਲਾਕੇ ਵਿੱਚ ਕਰੋਨਾਵਾਇਰਸ ਨੇ ਇੰਨੀ ਤੇਜ਼ੀ ਨਾਲ ਅਤੇ ਇੰਨੀ ਵੱਡੀ ਗਿਣਤੀ ਵਿੱਚ ਲਾਸ਼ਾਂ ਦੇ ਅੰਬਾਰ ਲਗਾਉਣੇ ਸ਼ੁਰੂ ਕੀਤੇ ਕਿ ਲਾਸ਼ਾਂ ਰੱਖਣ ਲਈ ਵੀ ਹਸਪਤਾਲਾਂ ਜਾਂ ਲਾਸ਼ਾਂ ਦਫਨਾਉਣ ਵਾਲੇ ਟਿਕਾਣਿਆਂ ਵਿੱਚ ਵੀ ਥਾਂ ਨਹੀਂ ਰਹੀ. ਸਰਕਾਰ ਨੂੰ ਇਹ ਲਾਸ਼ਾਂ ਸਕੇਟਿੰਗ ਮੈਦਾਨਾਂ ਵਿੱਚ ਰੱਖਣੀਆਂ ਪਈਆਂ.

ਪ੍ਰਸਿੱਧ ਅਖਬਾਰ 'ਦ ਗਾਰਡੀਅਨ' ਦਾ ਕਹਿਣਾ ਹੈ ਕਿ ਸਪੇਨ ਵਿੱਚ ਕਰੋਨਾਵਾਇਰਸ ਮਹਾਮਾਰੀ ਏਨੀ ਤੇਜ਼ੀ ਨਾਲ ਫੈਲਣ ਅਤੇ ਏਨੀ ਵੱਡੀ ਪੱਧਰ ਉੱਤੇ ਤਬਾਹੀ ਮਚਾਉਣ ਲਈ ਸਪੇਨ ਦੀ ਸਰਕਾਰ ਹੀ ਜ਼ਿਮੇਵਾਰ ਹੈ. ਕਿਉਂਕਿ, ਸਪੇਨ ਸਰਕਾਰ ਨੇ ਕਰੋਨਾਵਾਇਰਸ ਮਹਾਮਾਰੀ ਨੂੰ ਰੋਕਣ ਲਈ ਸਮੇਂ ਸਿਰ ਕਦਮ ਚੁੱਕਣ ਵਿੱਚ ਹੀ ਬਹੁਤ ਦੇਰ ਕਰ ਦਿੱਤੀ.

ਕੁਝ ਲੋਕਾਂ ਦਾ ਇਹ ਵੀ ਵਿਚਾਰ ਹੈ ਕਿ ਸਪੇਨ ਦੇ ਪ੍ਰਧਾਨ ਮੰਤਰੀ ਪੈਡਰੋ ਸਾਨਸ਼ੇਜ਼ ਨੇ ਇਟਲੀ ਵਿੱਚ ਕਰੋਨਾਵਾਇਰਸ ਮਹਾਮਾਰੀ ਵੱਲੋਂ ਮਚਾਈ ਜਾ ਰਹੀ ਤਬਾਹੀ ਵੱਲ ਕੋਈ ਧਿਆਨ ਨਹੀਂ ਦਿੱਤਾ ਅਤੇ ਉਸ ਤੋਂ ਕੋਈ ਸਬਕ ਨਹੀਂ ਸਿੱਖਿਆ. ਪ੍ਰਧਾਨ ਮੰਤਰੀ ਪੈਡਰੋ ਸਾਨਸ਼ੇਜ਼ ਨੇ ਵੀ ਫਰਾਂਸ ਅਤੇ ਯੂਨਾਈਟਿਡ ਕਿੰਗਡਮ ਦੇ ਪ੍ਰਧਾਨ ਮੰਤਰੀਆਂ ਵਾਂਗ ਹੀ ਗਲਤੀ ਕੀਤੀ ਅਤ ਕਰੋਨਾਵਾਇਰਸ ਮਹਾਮਾਰੀ ਨੂੰ ਗੰਭੀਰਤਾ ਨਾਲ ਹੀ ਨਹੀਂ ਲਿਆ. ਇਸਦੀ ਰੋਕਥਾਮ ਲਈ ਕੋਈ ਕਾਰਵਾਈ ਸਮੇਂ ਸਿਰ ਨਹੀਂ ਕੀਤੀ.

ਪਰ ਕੁਝ ਲੋਕਾਂ ਦਾ ਵਿਚਾਰ ਹੈ ਕਿ ਸਪੇਨ ਵਿੱਚ ਘੱਟ ਗਿਣਤੀ ਸਰਕਾਰ ਹੋਣ ਕਰਕੇ ਪ੍ਰਧਾਨ ਮੰਤਰੀ ਪੈਡਰੋ ਸਾਨਸ਼ੇਜ਼ ਸਖਤ ਫੈਸਲੇ ਲੈਣ ਤੋਂ ਡਰਦਾ ਸੀ; ਤਾਂ ਕਿ ਕਿਧਰੇ ਉਸਦੀ ਸਰਕਾਰ ਦੇ ਹੋਰ ਭਾਈਵਾਲ ਵਧੇਰੇ ਸਖਤ ਕਦਮ ਚੁੱਕਣ ਕਾਰਨ ਕਿਧਰੇ ਨਾਰਾਜ਼ ਹੀ ਨ ਹੋ ਜਾਣ. ਜੇਕਰ, ਪੈਡਰੋ ਸਾਨਸ਼ੇਜ਼ ਸਮੇਂ ਸਿਰ ਸਖਤ ਕਦਮ ਚੁੱਕ ਲੈਂਦਾ ਤਾਂ ਹਜ਼ਾਰਾਂ ਲੋਕਾਂ ਦੀਆਂ ਜਾਨਾਂ ਬਚਾਈਆਂ ਜਾ ਸਕਦੀਆਂ ਸਨ.

ਸਪੇਨ ਸਰਕਾਰ ਦਾ ਇਸ ਸਬੰਧ ਵਿੱਚ ਸਭ ਤੋਂ ਵੱਧ ਲਾਪ੍ਰਵਾਹੀ ਵਾਲਾ ਫੈਸਲਾ 8 ਮਾਰਚ ਨੂੰ 'ਇੰਟਰਨੈਸ਼ਨਲ ਵੁਮੈੱਨ ਡੇਅ' ਉੱਤੇ ਮੈਡਰਿਡ ਸ਼ਹਿਰ ਵਿੱਚ ਹਜ਼ਾਰਾਂ ਔਰਤਾਂ ਨੂੰ ਜਲੂਸ ਕੱਢਣ ਦੀ ਆਗਿਆ ਦੇਣਾ ਸੀ; ਜਦੋਂ ਕਿ ਉਸ ਸਮੇਂ ਤੱਕ ਸਪੇਨ ਵਿੱਚ ਪਹਿਲਾਂ ਹੀ ਕਰੋਨਾਵਾਇਰਸ ਮਹਾਮਾਰੀ ਕਾਰਨ 500 ਲੋਕ ਪੀੜਤ ਹੋ ਚੁੱਕੇ ਸਨ. ਔਰਤਾਂ ਦੇ ਇਸ ਜਲੂਸ ਵਿੱਚ 120,000 ਤੋਂ ਵੀ ਵੱਧ ਔਰਤਾਂ ਨੇ ਹਿੱਸਾ ਲਿਆ ਸੀ. ਸਥਿਤੀ ਦੀ ਗੰਭੀਰਤਾ ਨੂੰ ਦੇਖਦਿਆਂ ਹੋਇਆਂ ਸਰਕਾਰ ਨੂੰ ਇਹੋ ਜਿਹੇ ਫੈਸਲੇ ਲੈਣ ਵੇਲੇ ਹੋਰ ਵੀ ਵੱਧ ਗੰਭੀਰਤਾ ਨਾਲ ਸੋਚਣਾ ਚਾਹੀਦਾ ਸੀ.

ਸਪੇਨ ਵਿੱਚ ਹੈਲਥ ਮਨਿਸਟਰੀ ਕੋਆਰਡੀਨੇਟਰ ਸੈਂਟਰ ਨੇ ਅਲਰਟਸ ਐਂਡ ਐਮਰਜੈਂਸੀ ਦੇ ਕੋਆਰਡੀਨੇਟਰ ਫਰਨੈਂਡੋ ਸਾਈਮਨ ਨੇ ਇੱਕ ਹੋਰ ਬਹੁਤ ਮਹੱਤਵ-ਪੂਰਨ ਗੱਲ ਵੱਲ ਧਿਆਨ ਦੁਆਇਆ. ਉਸ ਨੇ ਕਿਹਾ ਕਿ ਸਪੇਨ ਵਿੱਚ ਜਦੋਂ ਕਰੋਨਾਵਾਇਰਸ ਮਹਾਮਾਰੀ ਸੰਕਟ ਦੀ ਸ਼ੁਰੂਆਤ ਹੋਈ ਤਾਂ ਸਪੇਨ ਦੀ 47 ਮਿਲੀਅਨ ਆਬਾਦੀ ਦੀ ਦੇਖਭਾਲ ਕਰਨ ਲਈ ਕੇਵਲ 4,400 ਇੰਟੈਂਸਿਵ ਕੇਅਰ ਬੈੱਡ ਸਨ; ਜਦੋਂ ਕਿ ਇਸਦੇ ਮੁਕਾਬਲੇ ਵਿੱਚ ਜਰਮਨੀ ਕੋਲ 84 ਮਿਲੀਅਨ ਲੋਕਾਂ ਦੀ ਦੇਖਭਾਲ ਕਰਨ ਲਈ 28,000 ਕਰਿਟੀਕਲ ਕੇਅਰ ਬੈੱਡਜ਼ ਸਨ. ਇਸ ਗੱਲ ਤੋਂ ਹੀ ਪਤਾ ਲੱਗ ਜਾਂਦਾ ਹੈ ਕਿ ਸਪੇਨ ਸਰਕਾਰ ਇੰਨੇ ਵੱਡੇ ਸਿਹਤ ਸੰਕਟ ਦਾ ਮੁਕਾਬਲਾ ਕਰਨ ਲਈ ਕਿੰਨ੍ਹੀ ਕੁ ਤਿਆਰ ਸੀ?

ਸਿਰਫ ਇਹੀ ਹੀ ਗੱਲ ਨਹੀਂ. ਜਦੋਂ ਮੁਸ਼ਕਿਲ ਸਿਰ ਉੱਤੇ ਆਣ ਪਈ ਤਾਂ ਸਪੇਨ ਸਰਕਾਰ ਨੇ ਫੌਰਨ ਨਵੇਂ ਹਸਪਤਾਲਾਂ ਦੀ ਉਸਾਰੀ ਕਰਨੀ ਸ਼ੁਰੂ ਕਰ ਦਿੱਤੀ; ਪਰ ਹੁਣ ਇੱਕ ਹੋਰ ਸਮੱਸਿਆ ਆਉਣ ਖੜ੍ਹੀ ਹੋਈ ਕਿ ਇਨ੍ਹਾਂ ਨਵੇਂ ਹਸਪਤਾਲਾਂ ਲਈ ਲੋੜੀਂਦਾ ਮੈਡੀਕਲ ਸਮਾਨ ਕਿੱਥੋਂ ਆਏ? ਹੁਣ ਡਾਕਟਰਾਂ ਲਈ ਇਸ ਗੱਲ ਦਾ ਫੈਸਲਾ ਕਰਨਾ ਵੀ ਚੁਣੌਤੀ ਬਣ ਗਿਆ ਕਿ ਕਿਹੜਾ ਮੈਡੀਕਲ ਸਮਾਨ ਕਿਸ ਤਰ੍ਹਾਂ ਦੇ ਮਰੀਜ਼ਾਂ ਨੂੰ ਪਹਿਲਾਂ ਦਿੱਤਾ ਜਾਵੇ ਅਤੇ ਕਿਨ੍ਹਾਂ ਨੂੰ ਬਾਹਦ ਵਿੱਚ? ਕੁਝ ਇਸ ਤਰ੍ਹਾਂ ਦੀਆਂ ਸਮੱਸਿਆਵਾਂ ਦਾ ਸਾਹਮਣਾ ਇਟਲੀ ਦੇ ਹਸਪਤਾਲਾਂ ਅਤੇ ਡਾਕਟਰਾਂ ਨੂੰ ਵੀ ਕਰਨਾ ਪਿਆ ਸੀ.

ਇਸ ਸੰਕਟ ਸਮੇਂ ਵੀ ਸਪੇਨ ਦੀ ਘੱਟ ਗਿਣਤੀ ਸਰਕਾਰ ਵਿੱਚ ਭਾਈਵਾਲ ਖੱਬੇ ਪੱਖੀਆਂ ਅਤੇ ਸੱਜੇ ਪੱਖੀਆਂ ਵਿੱਚ ਇੱਕ ਦੂਜੇ ਨੂੰ ਨੀਂਵਾਂ ਦਿਖਾਉਣ ਦੀ ਰੱਸਾ-ਕਸੀ ਦੀ ਖੇਡ ਵੀ ਚੱਲਦੀ ਰਹੀ: ਜਿਸ ਕਾਰਨ ਸਪੇਨ ਸਰਕਾਰ ਵੱਲੋਂ ਅਨੇਕਾਂ ਬਹੁਤ ਹੀ ਮਹੱਤਵ-ਪੂਰਨ ਫੈਸਲੇ ਸਮੇਂ ਸਿਰ ਨ ਲਏ ਜਾ ਸਕੇ; ਜਿਸ ਕਾਰਨ ਸਪੇਨ ਵਿੱਚ ਲਾਸ਼ਾਂ ਦੇ ਅੰਬਾਰ ਲੱਗਦੇ ਰਹੇ.

10 ਜਨਵਰੀ, 2021 ਤੱਕ ਸਪੇਨ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਲੋਕਾਂ ਦੀ ਕੁੱਲ ਗਿਣਤੀ 2,050,360 ਅਤੇ ਮਰਨ ਵਾਲਿਆਂ ਦੀ ਗਿਣਤੀ 51,874 ਹੋ ਚੁੱਕੀ ਸੀ.

ਕਰੋਨਾਵਾਇਰਸ ਮਹਾਮਾਰੀ ਦਾ ਮੁਕਾਬਲਾ ਕਰਦਿਆਂ ਇਟਲੀ ਦੀ ਤ੍ਰਾਸਦਿਕ

ਸਥਿਤੀ ਅਤੇ ਬੇਚਾਰਗੀ ਬਾਰੇ ਇਟਲੀ ਦੀ ਹੈਲਥ ਮਨਿਸਟਰੀ ਵਿੱਚ ਅੰਡਰ ਸੈਕ੍ਰੇਟਰੀ ਦੇ ਅਹੁਦੇ ਉੱਤੇ ਕੰਮ ਕਰ ਰਹੀ ਸੈਂਡਰਾ ਜ਼ੈਮਪਾ ਨੇ ਕੁਝ ਇਸ ਤਰ੍ਹਾਂ ਬਿਆਨ ਕੀਤਾ ਹੈ:

> "ਇਟਲੀ ਨੇ ਚੀਨ ਦੀ ਉਦਾਹਰਣ ਵੱਲ ਇਸ ਤਰ੍ਹਾਂ ਵੇਖਿਆ–ਇੱਕ ਚੁਣੌਤੀ ਭਰਪੂਰ ਵਜੋਂ ਨਹੀਂ–ਬਲਕਿ, ਇੱਕ ਸਾਇੰਸ ਫਿਕਸ਼ਨ ਮੂਵੀ ਵਜੋਂ ਹੀ–ਜਿਸਦਾ ਸਾਡੇ ਨਾਲ ਕੋਈ ਸਬੰਧ ਹੀ ਨ ਹੋਵੇ ਅਤੇ ਜਦੋਂ ਵਾਇਰਸ ਧਮਾਕੇ ਨਾਲ ਫੈਲਿਆ ਤਾਂ ਯੋਰਪ ਵੀ ਸਾਡੇ ਵੱਲ ਉਸ ਤਰ੍ਹਾਂ ਹੀ ਦੇਖਦਾ ਰਿਹਾ ਜਿਵੇਂ ਕਿ ਅਸੀਂ ਚੀਨ ਵੱਲ ਦੇਖਦੇ ਰਹੇ ਸੀ."

ਇਟਲੀ ਵਿੱਚ ਜਦੋਂ ਕਰੋਨਾਵਾਇਰਸ ਮਹਾਮਾਰੀ ਨਾਲ ਹੋ ਰਹੀ ਤਬਾਹੀ ਸਿਖਰਾਂ ਛੋਹ ਰਹੀ ਸੀ ਤਾਂ ਕੇਵਲ ਇੱਕ ਦਿਨ ਵਿੱਚ ਹੀ 900 ਤੋਂ ਵੀ ਵੱਧ ਮੌਤਾਂ ਹੋ ਰਹੀਆਂ ਸਨ.

ਜਿਸ ਕਾਰਨ, ਸਮੁੱਚੇ ਇਟਲੀ ਵਿੱਚ, ਕਰੋਨਾਵਾਇਰਸ ਮਹਾਮਾਰੀ ਦੀ ਦਹਿਸ਼ਤ ਫੈਲ ਗਈ.

ਕਰੋਨਾਵਾਇਰਸ ਮਹਾਮਾਰੀ ਕਾਰਨ ਜਦੋਂ ਇਟਲੀ ਤ੍ਰਾਸਦਿਕ ਹਾਲਤ ਵਿੱਚੋਂ ਲੰਘ ਰਿਹਾ ਸੀ ਤਾਂ ਯੋਰਪੀਅਨ ਯੂਨੀਅਨ ਨੇ ਵੀ ਉਸਦੀ ਬਾਂਹ ਨ ਫੜੀ. ਜਿਸਦਾ ਇਟਲੀ ਨੂੰ ਬਹੁਤ ਦੁੱਖ ਹੋਇਆ.

ਇੱਥੋਂ ਤੱਕ ਕਿ ਯੋਰਪੀਅਨ ਯੂਨੀਅਨ ਵਿੱਚ ਇਟਲੀ ਦੇ ਐਂਬੈਸਡਰ ਮੌਰੀਜ਼ੀਓ ਮਾਜ਼ਰਟ ਨੇ ਇੱਥੋਂ ਤੱਕ ਵੀ ਬਿਆਨ ਦੇ ਦਿੱਤਾ ਕਿ ਮੁਸੀਬਤ ਵੇਲੇ ਸਾਡੀ ਮੱਦਦ ਸਿਰਫ ਚੀਨ ਨੇ ਕੀਤੀ ਹੈ. ਯੋਰਪੀਅਨ ਯੂਨੀਅਨ ਦੇ ਦੇਸ਼ਾਂ ਵਿੱਚ ਕੋਈ ਆਪਸੀ ਏਕਤਾ ਨਹੀਂ ਹੈ. ਏਕਤਾ ਦੀਆਂ ਗੱਲਾਂ ਮਹਿਜ਼ ਕਲਪਿਤ ਕਹਾਣੀਆਂ ਤੋਂ ਵੱਧ ਹੋਰ ਕੁਝ ਵੀ ਨਹੀਂ.

ਕਰੋਨਾਵਾਇਰਸ ਮਹਾਮਾਰੀ ਸਦਕਾ ਇਟਲੀ ਵਿੱਚ ਸਭ ਤੋਂ ਵੱਧ ਤਬਾਹੀ ਬਰਗੈਮੋ ਪ੍ਰਾਂਤ ਵਿੱਚ ਹੋਈ.

ਇਟਲੀ ਵਿੱਚ ਕਰੋਨਾਵਾਇਰਸ ਮਹਾਮਾਰੀ ਵੱਲੋਂ ਮਚਾਈ ਗਈ ਭਾਰੀ ਤਬਾਹੀ ਦੇ ਪੰਜ ਕਾਰਨ ਸਮਝੇ ਜਾ ਰਹੇ ਹਨ:

1. ਵੱਡੀ ਗਿਣਤੀ ਵਿੱਚ ਬਜ਼ੁਰਗ ਲੋਕ
2. ਇੱਕ ਦੂਜੇ ਨੂੰ ਬਹੁਤ ਨੇੜੇ ਹੋ ਕੇ ਮਿਲਣ ਦਾ ਸੁਭਾਅ
3. ਸੰਘਣੀ ਵੱਸੋਂ
4. ਉੱਤਰੀ ਇਟਲੀ ਵਿਉਪਾਰਕ ਕੇਂਦਰ
5. ਕਰੋਨਾਵਾਇਰਸ ਮਹਾਮਾਰੀ ਵੱਡੀ ਪੱਧਰ ਉੱਤੇ ਫੈਲ ਜਾਣ ਤੋਂ ਬਾਹਦ ਇਸ ਸਥਿਤੀ ਨਾਲ ਨਿਬੜਨ ਲਈ ਇਟਲੀ ਕੋਲ ਕਿਸੇ ਰੋਲ ਮਾਡਲ ਦੇਸ਼ ਦੀ ਅਣਹੋਂਦ

ਇਟਲੀ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਪਹਿਲੇ ਦੋ ਵਿਅਕਤੀਆਂ ਦੀ ਪਹਿਚਾਣ 31 ਜਨਵਰੀ, 2020 ਨੂੰ ਹੋਈ.

ਇਹ ਦੋ ਵਿਅਕਤੀ ਰੋਮ ਦੀ ਸੈਰ ਕਰਨ ਆਏ ਚੀਨੀ ਯਾਤਰੀ ਸਨ.

ਇਸ ਘਟਨਾ ਤੋਂ ਕੇਵਲ ਸੱਤ ਦਿਨ ਬਾਹਦ ਹੀ ਵੂਹਾਨ, ਚੀਨ ਤੋਂ ਦੇਸ਼ ਪਰਤਿਆ ਇਟਲੀ ਦਾ ਹੀ ਇੱਕ ਨਾਗਰਿਕ ਇਟਲੀ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਤੀਜਾ ਵਿਅਕਤੀ ਹੋ ਨਿਬੜਿਆ.

21 ਫਰਵਰੀ ਤੱਕ ਲੋਮਬਾਰਡੀ ਅਤੇ ਵੈਨੇਟੋ ਦੇ ਇਲਾਕਿਆਂ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਅਨੇਕਾਂ ਲੋਕਾਂ ਬਾਰੇ ਪਤਾ ਲੱਗ ਚੁੱਕਾ ਸੀ.

ਇਟਲੀ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਸਭ ਤੋਂ ਪਹਿਲੀ ਮੌਤ 22 ਫਰਵਰੀ ਨੂੰ ਦਰਜ ਕੀਤੀ ਗਈ.

ਇਟਲੀ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਮਰਨ ਵਾਲਾ ਸਭ ਤੋਂ ਪਹਿਲਾ ਵਿਅਕਤੀ ਲੋਮਬਾਰਡੀ ਸ਼ਹਿਰ ਵਿੱਚ ਰਹਿਣ ਵਾਲੀ 77 ਸਾਲ ਦੀ ਇੱਕ ਬਜ਼ੁਰਗ ਔਰਤ ਸੀ.

ਮਾਰਚ ਮਹੀਨੇ ਦੇ ਸ਼ੁਰੂ ਹੋਣ ਤੱਕ ਕਰੋਨਾਵਾਇਰਸ ਮਹਾਮਾਰੀ ਇਟਲੀ ਦੇ ਤਕਰੀਬਨ ਹਰ ਖੇਤਰ ਵਿੱਚ ਫੈਲ ਚੁੱਕੀ ਸੀ.

11 ਮਾਰਚ ਨੂੰ ਇਟਲੀ ਦੇ ਪ੍ਰਧਾਨ ਮੰਤਰੀ ਜੀਓਸੈਪ ਕੌਂਟੇ ਨੇ ਸਮੁੱਚੇ ਦੇਸ਼ ਵਿੱਚ ਲੌਕਡਾਊਨ ਲਗਾ ਕੇ ਤਕਰੀਬਨ 60 ਮਿਲੀਅਨ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਵਿੱਚ ਬੰਦ ਕਰ ਦਿੱਤਾ.

21 ਮਾਰਚ ਨੂੰ ਇਟਲੀ ਦੀ ਸਰਕਾਰ ਨੇ ਸਿਵਾਏ ਬਹੁਤ ਹੀ ਜ਼ਰੂਰੀ ਵਸਤਾਂ ਦੀਆਂ ਦੁਕਾਨਾਂ ਨੂੰ ਛੱਡ ਹੋਰ ਹਰ ਤਰ੍ਹਾਂ ਦੇ ਵਿਉਪਾਰ ਅਤੇ ਇੰਡਸਟਰੀ ਨੂੰ ਬੰਦ ਕਰਨ ਦਾ ਹੁਕਮ ਦੇ ਦਿੱਤਾ ਅਤੇ ਆਮ ਲੋਕਾਂ ਦੇ ਘਰਾਂ ਤੋਂ ਬਾਹਰ ਆਉਣ ਉੱਤੇ ਵੀ ਪਾਬੰਧੀ ਲਗਾ ਦਿੱਤੀ.

10 ਜਨਵਰੀ 2021 ਤੱਕ ਇਟਲੀ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਲੋਕਾਂ ਦੀ ਕੁੱਲ ਗਿਣਤੀ 2,276,491 ਅਤੇ ਮਰਨ ਵਾਲਿਆਂ ਦੀ ਗਿਣਤੀ 78,755 ਹੋ ਚੁੱਕੀ ਹੈ.

ਰੂਸ ਵਿੱਚ ਕਰੋਨਾਵਾਇਰਸ ਮਹਾਮਾਰੀ ਨੇ 31 ਜਨਵਰੀ, 2021 ਨੂੰ ਦਸਤਕ ਦਿੱਤੀ ਜਦੋਂ ਕਿ ਦੋ ਚੀਨੀ ਯਾਤਰੀ ਕਰੋਨਾ ਪਾਜ਼ਿਟਿਵ ਪਾਏ ਗਏ. ਇੱਕ ਯਾਤਰੀ ਰੂਸ ਦੇ ਸਾਇਬੇਰੀਆ ਇਲਾਕੇ ਵਿੱਚ ਅਤੇ ਦੂਜਾ ਯਾਤਰੀ ਰੂਸ ਦੇ ਪੂਰਬੀ ਹਿੱਸੇ ਵਿੱਚ ਕਰੋਨਾਵਾਇਰਸ ਨਾਲ ਪੀੜਤ ਮਿਲਿਆ.

ਜਿਸ ਕਾਰਨ ਰੂਸ ਅਤੇ ਚੀਨ ਦਾ ਬਾਰਡਰ ਬੰਦ ਕਰ ਦਿੱਤਾ ਗਿਆ. ਦੇਸ਼ ਅੰਦਰ ਵੱਡੀ ਪੱਧਰ ਉੱਤੇ ਕਰੋਨਾਵਾਇਰਸ ਨਾਲ ਪੀੜਤ ਲੋਕਾਂ ਦਾ ਪਤਾ ਲਗਾਉਣ ਲਈ ਵੱਡੀ ਪੱਧਰ ਉੱਤੇ ਲੋਕਾਂ ਦੀ ਸਿਹਤ ਦੀ ਚੈੱਕਅਪ ਕਰਨੀ ਸ਼ੁਰੂ ਕਰ ਦਿੱਤੀ ਗਈ.

2 ਮਾਰਚ ਨੂੰ ਕਰੋਨਾਵਾਇਰਸ ਨਾਲ ਪੀੜਤ ਕੁਝ ਅਜਿਹੇ ਲੋਕਾਂ ਦਾ ਵੀ ਰੂਸ ਵਿੱਚ ਪਤਾ ਲੱਗਾ ਜੋ ਕਿ ਇਟਲੀ ਤੋਂ ਆਏ ਸਨ.

ਜਿਸ ਕਾਰਨ ਸਰਕਾਰ ਦੀ ਚਿੰਤਾ ਵਧ ਗਈ.

ਸਰਕਾਰ ਨੇ ਸਕੂਲ, ਥੀਏਟਰ, ਮਿਊਜ਼ਿਅਮ ਆਦਿ ਸਭ ਕੁਝ ਬੰਦ ਕਰਨ ਦੇ ਹੁਕਮ ਦੇ ਦਿੱਤੇ. ਸਰਕਾਰ ਨੇ ਇਸ ਦੇ ਨਾਲ ਹੀ ਦੇਸ਼ ਦੇ ਬਾਰਡਰ ਬੰਦ ਕਰਨ ਦੇ ਵੀ ਹੁਕਮ ਜਾਰੀ ਕਰ ਦਿੱਤੇ.

ਮਾਰਚ ਮਹੀਨੇ ਦੇ ਅੰਤ ਤੱਕ ਰੂਸ ਦੇ ਤਕਰੀਬਨ ਸਭ ਹਿੱਸਿਆਂ ਵਿੱਚ ਕਰੋਨਾਵਾਇਰਸ ਫੈਲ ਜਾਣ ਕਾਰਨ ਲੌਕਡਾਊਨ ਲਗਾ ਦਿੱਤਾ ਗਿਆ ਸੀ.

17 ਅਪ੍ਰੈਲ, 2020 ਤੱਕ ਰੂਸ ਦੇ ਸਭ ਹਿੱਸਿਆਂ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਮਰੀਜ਼ਾਂ ਦੇ ਹੋਣ ਦੀ ਪੁਸ਼ਟੀ ਹੋ ਚੁੱਕੀ ਸੀ.

1 ਸਤੰਬਰ, 2020 ਤੱਕ ਰੂਸ ਵਿੱਚ ਕਰੋਨਾਵਾਇਰਸ ਮਹਾਮਾਰੀ ਨਾਲ ਪੀੜਤ ਲੋਕਾਂ ਦੀ ਕੁੱਲ ਗਿਣਤੀ 10 ਲੱਖ ਤੱਕ ਪਹੁੰਚ ਚੁੱਕੀ ਸੀ.

ਭਾਵੇਂ ਕਿ ਰੂਸ ਨੂੰ ਕਰੋਨਾਵਾਇਰਸ ਮਹਾਮਾਰੀ ਦੀ ਤਕੜੀ ਮਾਰ ਝੱਲਣੀ ਵੀ ਪੈ ਰਹੀ ਸੀ; ਪਰ ਇਨ੍ਹਾਂ ਦੁੱਖਾਂ ਦੀਆਂ ਘੜੀਆਂ ਵਿੱਚ ਵੀ ਰੂਸ ਨੇ ਕਰੋਨਾਵਾਇਰਸ ਮਹਾਮਾਰੀ ਦੀ ਮਾਰ ਝੱਲ ਰਹੇ ਹੋਰਨਾਂ ਮੁਲਕਾਂ ਦੀ ਮੱਦਦ ਕਰਨੀ ਫਿਰ ਵੀ ਜਾਰੀ ਰੱਖੀ. ਫਰਵਰੀ ਦੇ ਮੁੱਢ ਵਿੱਚ ਹੀ ਰੂਸ ਨੇ ਆਪਣੇ ਗਵਾਂਢੀ ਮੁਲਕ ਚੀਨ ਨੂੰ ਮੱਦਦ ਭੇਜੀ. ਮਾਰਚ ਦੇ ਮਹੀਨੇ ਵਿੱਚ ਜਦੋਂ ਇਟਲੀ ਬੁਰੀ ਤਰ੍ਹਾਂ ਕਰੋਨਾਵਾਇਰਸ ਮਹਾਮਾਰੀ ਦੇ ਹਮਲੇ ਦਾ ਸ਼ਿਕਾਰ ਹੋ ਚੁੱਕਾ ਸੀ ਤਾਂ ਇਟਲੀ ਦੇ ਪ੍ਰਧਾਨ ਮੰਤਰੀ ਗੀਸੈਪ ਕੌਂਟੇ ਨਾਲ ਰੂਸ ਦੇ ਪ੍ਰਧਾਨ ਵਲਾਦੀਮੀਰ ਪੂਤਿਨ ਨੇ ਫੋਨ ਉੱਤੇ ਗੱਲਬਾਤ ਕਰਨ ਤੋਂ ਬਾਹਦ 22 ਮਾਰਚ, 2020 ਨੂੰ ਰੂਸ ਦੇ ਫੌਜੀ ਜਹਾਜ਼ ਰਾਹੀਂ ਇਟਲੀ ਵੱਲੋਂ ਮੰਗਿਆ ਗਿਆ ਮੈਡੀਕਲ ਸਮਾਨ ਭੇਜਿਆ.

ਇੱਥੋਂ ਤੱਕ ਕਿ ਅਮਰੀਕਾ ਨੇ ਜਦੋਂ ਰੂਸ ਤੋਂ ਕੁਝ ਜਰੂਰੀ ਸਮਾਨ ਖ੍ਰੀਦਣ ਦੀ ਪੇਸ਼ਕਸ਼ ਕੀਤੀ ਤਾਂ ਰੂਸ ਦੇ ਪ੍ਰਧਾਨ ਵਲਾਦੀਮੀਰ ਪੂਤਿਨ ਨੇ 1 ਅਪ੍ਰੈਲ, 2020 ਨੂੰ ਅਮਰੀਕਾ ਲਈ ਜਹਾਜ਼ ਭਰਕੇ ਮੈਡੀਕਲ ਸਮਾਨ ਭੇਜਿਆ.

ਕਰੋਨਾਵਾਇਰਸ ਮਹਾਮਾਰੀ ਕਾਰਨ ਰੂਸ ਨੂੰ ਵੀ ਆਰਥਿਕ ਤੌਰ ਉੱਤੇ ਵੀ ਬਹੁਤ ਮਾਰ ਝੱਲਣੀ ਪਈ.

20 ਫਰਵਰੀ, 2020 ਨੂੰ ਰੂਸ ਦੇ ਫਾਈਨੈਂਸ ਮਨਿਸਟਰ ਐਂਤੁਨ ਸਿਲੂਆਨੋਵ ਨੇ ਕਿਹਾ ਕਿ ਚੀਨ ਨਾਲ ਵਪਾਰ ਘਟ ਜਾਣ ਨਾਲ ਰੂਸ ਨੂੰ ਹਰ ਦਿਨ 1 ਬਿਲੀਅਨ ਰੂਬਲ ਦਾ ਨੁਕਸਾਨ ਹੋ ਰਿਹਾ ਹੈ.

5 ਮਾਰਚ, 2020 ਨੂੰ ਰਸ਼ੀਅਨ ਐਸੋਸੀਏਸ਼ਨ ਆਫ ਟੂਰ ਅਪਰੇਟਰਜ਼ ਦੇ ਮੁਖੀ ਨੇ ਕਿਹਾ ਕਿ ਰੂਸ ਦੇ ਟੂਰਿਜ਼ਮ ਖੇਤਰ ਨੂੰ ਕਰੋਨਾਵਾਇਰਸ ਮਹਾਮਾਰੀ ਕਾਰਨ ਹੁਣ ਤੱਕ 27 ਬਿਲੀਅਨ ਰੂਬਲ ਦਾ ਘਾਟਾ ਪੈ ਚੁੱਕਾ ਹੈ.

17 ਮਾਰਚ, 2020 ਨੂੰ ਟਰਾਂਸਪੋਰਟ ਐਂਡ ਫੈਡਰਲ ਏਅਰ ਟਰਾਂਸਪੋਰਟ ਏਜੰਸੀ ਦੇ ਮੁਖੀ ਅਲੈਗਜ਼ੈਂਡਰ ਨੈਰੋਡਕੋ ਨੇ ਕਿਹਾ ਕਿ ਕਰੋਨਾ ਮਹਾਮਾਰੀ ਕਾਰਨ ਜਿਸ ਤਰ੍ਹਾਂ ਏਨੀਆਂ ਉਡਾਣਾਂ ਰੱਦ ਕਰਨੀਆਂ ਪੈ ਰਹੀਆਂ ਉਸ ਦੇ ਬਹੁਤ ਮਾਰੂ ਪ੍ਰਭਾਵ ਪੈਣਗੇ.

ਬਹੁਤ ਸਾਰੀਆਂ ਰੂਸੀ ਏਅਰ ਲਾਈਨਜ਼ ਦਾ ਦਿਵਾਲਾ ਨਿਕਲ ਜਾਏਗਾ. ਉਸ ਨੇ ਕਿਹਾ ਕਿ ਸਿਰਫ ਫਰਵਰੀ ਦੇ ਮਹੀਨੇ ਵਿੱਚ ਹੀ ਚੀਨ ਲਈ ਅਨੇਕਾਂ ਉਡਾਣਾਂ ਬੰਦ ਹੋ ਜਾਣ ਕਾਰਨ ਰੂਸੀ ਏਅਰ ਲਾਈਨਜ਼ ਨੂੰ 1.7 ਬਿਲੀਅਨ ਰੂਬਲ ਦਾ ਘਾਟਾ ਪੈ ਚੁੱਕਾ ਹੈ. ਉਸ ਨੇ ਕਿਹਾ ਕਿ ਜੇਕਰ ਇਹੀ ਹਾਲ ਰਿਹਾ ਤਾਂ ਰੂਸੀ ਏਅਰਲਾਈਨਜ਼ ਨੂੰ 2020 ਸਾਲ ਦੇ ਅੰਤ ਤੱਕ 100 ਬਿਲੀਅਨ ਰੂਬਲਜ਼ ਦਾ ਘਾਟਾ ਪੈ ਸਕਦਾ ਹੈ.

ਯੋਰਪ ਦੇ ਕਈ ਹੋਰ ਦੇਸ਼ਾਂ ਵਾਂਗ ਰੂਸ ਵਿੱਚ ਵੀ ਸੀਨੀਅਰ ਸਿਟੀਜ਼ਨਜ਼ ਲੌਂਗਟਰਮ ਕੇਅਰ ਹੋਮਜ਼ ਵਿੱਚ ਕਰੋਨਾਵਾਇਰਸ ਮਹਾਮਾਰੀ ਕਾਰਨ ਬਹੁਤ ਮੌਤਾਂ ਹੋਈਆਂ.

ਮਾਸਕੋ ਤੋਂ 400 ਕਿਲੋਮੀਟਰ ਦੂਰ ਪੱਛਮ ਵੱਲ ਇੱਕ ਇਲਾਕੇ ਸਮੋਲੈਨਸਕ ਵਿੱਚ ਸਥਿਤ 'ਵੀਸ਼ੈਨਸਕੀ ਹੋਮ ਫਾਰ ਦੀ ਐਲਡਰਲੀ' ਬਾਰੇ ਜਾਣਕਾਰੀ ਪੜਣ ਨੂੰ ਮਿਲੀ ਤਾਂ ਪਤਾ ਲੱਗਾ ਕਿ ਐਲਡਰਲੀ ਹੋਮਜ਼ ਵਿੱਚ ਹਾਲਾਤ ਕਿਹੋ ਜਿਹੇ ਸਨ.

ਇਸ ਵੀਸ਼ੈਨਸਕੀ ਹੋਮ ਕੇਅਰ ਵਿੱਚ ਕੰਮ ਕਰਨ ਵਾਲੇ ਇੱਕ ਸਿਹਤ ਕਾਮੇ ਨੇ ਬੀਬੀਸੀ ਟੈਲੀਵੀਜ਼ਨ ਵਾਲਿਆਂ ਨੂੰ ਫੋਨ ਕਰਕੇ ਦੱਸਿਆ ਕਿ ਸਾਡਾ ਹੋਮ ਕੇਅਰ ਸੈਂਟਰ ਵੀ ਅਨੇਕਾਂ ਹੋਰ ਕੇਅਰ ਸੈਂਟਰਾਂ ਵਾਂਗ ਹੀ ਸਰਕਾਰੀ ਫੰਡਿਡ ਹੋਮ ਕੇਅਰ ਸੈਂਟਰ ਹੈ. ਇੱਥੇ ਜਦੋਂ ਕੰਮ ਕਰਨ ਵਾਲੇ ਲੋਕਾਂ ਨੂੰ ਕਰੋਨਾਵਾਇਰਸ ਮਹਾਮਾਰੀ ਹੋ ਗਈ ਤਾਂ ਇਸ ਸੈਂਟਰ ਵਿੱਚ ਰਹਿੰਦੇ ਬਹੁਤ ਸਾਰੇ ਸੀਨੀਅਰ ਸਿਟੀਜ਼ਨਜ਼ ਨੂੰ ਵੀ ਉਸ ਤੋਂ ਲਾਗ ਲੱਗ ਗਈ ਅਤੇ ਉਨ੍ਹਾਂ ਵਿੱਚੋਂ ਬਹੁਤ ਸਾਰੇ ਲੋਕ ਮਰਨ ਲੱਗੇ. ਪਰ ਕਿਉਂਕਿ ਸਾਡੇ ਇੱਥੇ ਕਿਸੀ ਦਾ ਵੀ ਮੌਤ ਹੋ ਜਾਣ ਤੋਂ ਬਾਹਦ ਪੋਸਟਮਾਰਟਮ ਕਰਨ ਦਾ ਰਿਵਾਜ਼ ਨਹੀਂ ਹੈ. ਇਸ ਲਈ ਇਹੀ ਕਿਹਾ ਜਾਂਦਾ ਹੈ ਕਿ ਇਹ ਲੋਕ ਹੋਰ ਬੀਮਾਰੀਆਂ ਕਾਰਨ ਮਰੇ ਹਨ.

ਇਸ ਸੈਂਟਰ ਵਿੱਚ ਹੀ ਕੰਮ ਕਰਨ ਵਾਲੇ ਇੱਕ ਹੋਰ ਵਿਅਕਤੀ ਨੇ ਬੀਬੀਸੀ ਵਾਲਿਆਂ ਨੂੰ ਦੱਸਿਆ : "ਸਾਨੂੰ ਤਾਂ ਕਿਸੀ ਨੇ ਕਦੀ ਇਹ ਵੀ ਨਹੀਂ ਦੱਸਿਆ ਕਿ ਵੀਸ਼ੈਨਸਕੀ ਹੋਮ ਫਾਰ ਦੀ ਐਲਡਰਲੀ ਵਿੱਚ ਕੋਵਿਡ-19 ਮਹਾਮਾਰੀ ਫੈਲ ਗਈ ਹੈ. ਸਾਨੂੰ ਤਾਂ ਇਸ ਗੱਲ ਦਾ ਪਤਾ ਉਦੋਂ ਲੱਗਿਆ ਜਦੋਂ ਇਸ ਹੋਮ ਕੇਅਰ ਸੈਂਟਰ ਵਿੱਚ ਬਹੁਤ ਜ਼ਿਆਦਾ ਬੀਮਾਰ ਹੋ ਜਾਣ ਵਾਲੇ ਲੋਕਾਂ ਨੂੰ ਹਸਪਤਾਲ ਵਿੱਚ ਲਿਜਾਣ ਲਈ ਐਂਬੂਲੈਂਸ ਆਉਂਦੀ ਸੀ ਤਾਂ ਉਨ੍ਹਾਂ ਲੋਕਾਂ ਨੇ ਚਿੱਟੇ ਰੰਗ ਦੇ ਪਰੋਟੈੱਕਸ਼ਨ ਸੂਟ ਪਾਏ ਹੁੰਦੇ ਸਨ."

ਰੂਸ ਵਿੱਚ ਕਰੋਨਾਵਾਇਰਸ ਮਹਾਮਾਰੀ ਦੇ ਸਭ ਤੋਂ ਵੱਧ ਮਰੀਜ਼ ਮਾਸਕੋ ਦੇ ਇਲਾਕੇ ਵਿੱਚ ਹੀ ਸਨ.

ਰੂਸ ਵਿੱਚ ਕਰੋਨਾਵਾਇਰਸ ਮਹਾਮਾਰੀ ਦੇ ਦਸਤਕ ਦੇਣ ਦੇ ਪਹਿਲੇ ਦਿਨ ਤੋਂ ਹੀ ਰੂਸ ਸਰਕਾਰ ਨੇ ਇਸ ਮਹਾਮਾਰੀ ਦੀ ਰੋਕਥਾਮ ਕਰਨ ਲਈ ਜ਼ਰੂਰੀ ਕਦਮ ਚੁੱਕਣ ਵਿੱਚ ਕੋਈ ਕਾਹਲ ਦਿਖਾਣ ਦੀ ਥਾਂ ਹਰ ਜਰੂਰੀ ਕਦਮ ਬੜੀ ਹੌਲੀ ਹੌਲੀ ਹੀ ਚੁੱਕਿਆ. ਇਸ ਦੇ ਨਾਲ ਹੀ ਰੂਸ ਦੀ ਕੇਂਦਰੀ ਸਰਕਾਰ ਨੇ ਕਰੋਨਾਵਾਇਰਸ ਮਹਾਮਾਰੀ ਦੀ ਰੋਕਥਾਮ ਲਈ ਜਰੂਰੀ ਕਦਮ ਚੁੱਕਣ ਵਾਸਤੇ ਵੱਖੋ ਵੱਖ ਸੂਬਿਆਂ ਦੀਆਂ ਸਰਕਾਰਾਂ ਨੂੰ ਜ਼ਿੰਮੇਵਾਰੀ ਸੌਂਪ ਦਿੱਤੀ; ਜਦੋਂ ਕਿ ਰੂਸ ਦੀ ਕੇਂਦਰ ਸਰਕਾਰ ਵਧੇਰੇ ਮਹੱਤਵ-ਪੂਰਨ

ਕੰਮਾਂ ਵੇਲੇ ਫੈਸਲੇ ਕਰਨ ਦੀ ਜ਼ਿੰਮੇਵਾਰੀ ਆਪਣੇ ਹੱਥ ਹੀ ਰੱਖਦੀ ਹੈ.

ਅਨੇਕਾਂ ਹੋਰ ਦੇਸ਼ਾਂ ਵਾਂਗ ਕਰੋਨਾਵਾਇਰਸ ਮਹਾਮਾਰੀ ਦੌਰਾਨ ਰੂਸ ਵਿੱਚ ਵੀ ਘਰੇਲੂ ਹਿੰਸਾ ਵਿੱਚ ਕਾਫੀ ਵਾਧਾ ਹੋਇਆ. ਭਾਵੇਂ ਕਿ ਰੂਸ ਸਰਕਾਰ ਇਸ ਗੱਲ ਨੂੰ ਮੰਨਣ ਲਈ ਤਿਆਰ ਨਹੀਂ. ਇਹ ਘਰੇਲੂ ਹਿੰਸਾ ਵਧਣ ਦਾ ਇੱਕ ਕਾਰਨ ਇਹ ਵੀ ਦਸਿਆ ਜਾਂਦਾ ਹੈ ਕਿ ਪਰਵਾਰਿਕ ਝਗੜਿਆਂ ਵਿੱਚ ਚਰਚਾ ਦੀਆਂ ਕੰਜ਼ਰਵੇਟਿਵ ਕਦਰਾਂ-ਕੀਮਤਾਂ ਦੀ ਦਖਲ-ਅੰਦਾਜ਼ੀ ਵਧ ਰਹੀ ਹੈ. ਜਿਸ ਕਾਰਨ ਸਰਕਾਰ ਵੀ ਘਰੇਲੂ ਹਿੰਸਾ ਨੂੰ ਉਨੀ ਦੇਰ ਤੱਕ ਜੁਰਮ ਹੀ ਨਹੀਂ ਮੰਨਦੀ ਜਦੋਂ ਤੱਕ ਕਿ ਕਿਸੀ ਨੂੰ ਸੱਟ ਫੇਟ ਵੱਜਣ ਕਾਰਨ ਹਸਪਤਾਲ ਨ ਜਾਣਾ ਪੈ ਜਾਵੇ.

ਰੂਸ ਸਰਕਾਰ ਦਾ ਦਾਹਵਾ ਹੈ ਕਿ ਰੂਸ ਵਿੱਚ ਅਨੇਕਾਂ ਕੰਪਨੀਆਂ ਕਰੋਨਾਵਾਇਰਸ ਮਹਾਮਾਰੀ ਦੀ ਰੋਕਥਾਮ ਲਈ ਵੈਕਸੀਨ ਬਣਾ ਰਹੀਆਂ ਹਨ.

ਅਗਸਤ, 2020 ਵਿੱਚ ਰੂਸ ਦੇ ਪ੍ਰਧਾਨ ਵਲਾਦੀਮੀਰ ਪੂਤਿਨ ਨੇ ਐਲਾਨ ਕੀਤਾ ਸੀ ਕਿ ਕਰੋਨਾਵਾਇਰਸ ਮਹਾਮਾਰੀ ਦੀ ਰੋਕਥਾਮ ਲਈ ਦੁਨੀਆਂ ਵਿੱਚ ਸਭ ਤੋਂ ਪਹਿਲੀ ਵੈਕਸੀਨ ਰੂਸ ਨੇ ਤਿਆਰ ਕਰ ਲਈ ਹੈ. ਰੂਸ ਨੇ ਇਸ ਵੈਕਸੀਨ ਦਾ ਨਾਮ 'ਸਪੂਤਨਿਕ 5' ਰੱਖਿਆ ਹੈ. ਪੁਲਾੜ ਵਿੱਚ ਰੂਸ ਵੱਲੋਂ ਛੱਡੇ ਗਏ ਪਹਿਲੇ ਰਾਕਟ ਦਾ ਨਾਮ ਵੀ 'ਸਪੂਤਨਿਕ' ਹੀ ਸੀ.

ਰੂਸ ਵੱਲੋਂ ਬਣਾਈ ਗਈ ਇਹ ਵੈਕਸੀਨ ਕਿੰਨੀ ਕੁ ਕਾਮਿਯਾਬ ਹੋਵੇਗੀ? ਇਹ ਤਾਂ ਸਮਾਂ ਹੀ ਦੱਸੇਗਾ.

ਪਰ ਰੂਸ ਦੇ ਪ੍ਰਧਾਨ ਵਲਾਦੀਮੀਰ ਪੂਤਿਨ ਨੇ ਇਸ ਵੈਕਸੀਨ ਨੂੰ ਆਮ ਲੋਕਾਂ ਵਿੱਚ ਪਾਪੂਲਰ ਕਰਨ ਲਈ ਐਲਾਨ ਕੀਤਾ ਹੈ ਕਿ ਉਹ ਆਪ ਵੀ ਜਲਦੀ ਹੀ 'ਸਪੂਤਨਿਕ 5' ਵੈਕਸੀਨ ਦਾ ਇੰਜੈਕਸ਼ਨ ਲਗਵਾਏਗਾ.

ਰੂਸ ਦੇ ਪ੍ਰਧਾਨ ਵੱਲੋਂ ਇਸ ਤਰ੍ਹਾਂ ਕਰਨ ਨਾਲ ਰੂਸੀ ਵੈਕਸੀਨ 'ਸਪੂਤਨਿਕ 5' ਵਿੱਚ ਆਮ ਲੋਕਾਂ ਦਾ ਵਿਸ਼ਵਾਸ ਵੀ ਵਧੇਗਾ.

ਭਾਵੇਂ ਕਿ ਰੂਸ ਵਿੱਚ ਲੋਕ ਫਿਰ ਵੀ ਕਹਿੰਦੇ ਰਹਿਣਗੇ ਕਿ ਵੈਕਸੀਨ ਦਾ ਇੰਜੈਕਸ਼ਨ ਲਗਵਾਉਣ ਤੋਂ ਬਿਨ੍ਹਾਂ ਹੀ ਅਸੀਂ ਵਧੇਰੇ ਸੁਰੱਖਿਅਤ ਹਾਂ. ਸਾਨੂੰ ਕਰੋਨਾਵਾਇਰਸ ਮਹਾਮਾਰੀ ਤੋਂ ਕੋਈ ਖਤਰਾ ਨਹੀਂ.

ਕਰੋਨਾਵਾਇਰਸ ਮਹਾਮਾਰੀ ਅਤੇ ਯੋਰਪ ਦੀ ਤ੍ਰਾਸਦੀ ਬਾਰੇ ਚਰਚਾ ਮੈਂ ਆਪਣੀ ਹੀ ਇੱਕ ਨਜ਼ਮ 'ਕੁੱਕੜ ਖੁੱਡੇ' ਦੀਆਂ ਇਨ੍ਹਾਂ ਸਤਰਾਂ ਨਾਲ ਇੱਥੇ ਹੀ ਖਤਮ ਕਰਨਾ ਚਾਹਾਂਗਾ :

ਪਰ, ਇੱਕ ਨਿੱਕਾ ਜਿਹਾ
ਕੀਟਾਣੂੰ, ਚੁੱਪ-ਚਾਪ ਆਇਆ
ਗਲੋਬਲ ਸੁਨਾਮੀ ਵਾਂਗ
ਅਮਰੀਕਾ, ਇਟਲੀ, ਫਰਾਂਸ, ਯੂ.ਕੇ., ਸਪੇਨ, ਚੀਨ

ਪਿੰਡ, ਪਿੰਡ, ਸ਼ਹਿਰ, ਸ਼ਹਿਰ, ਦੇਸ਼, ਦੇਸ਼
ਲਾਸ਼ਾਂ ਦੇ ਅੰਬਾਰ ਲਗਾਉਂਦਾ
ਸਭ ਕੁਝ ਅਰਥਹੀਣ
ਕਰ ਗਿਆ
ਆਈਫਲ, ਸੀਐਨ, ਖਲੀਫ਼ਾ ਟਾਵਰ
ਲੰਡਨ ਬਰਿੱਜ, ਨਿਆਗਰਾ ਫਾਲਜ਼
ਨਿਊਯਾਰਕ ਸੁਕਏਰ ਗਾਰਡਨ
ਲੋਕਾਂ ਦੀ ਯਾਦਾਸ਼ਤ 'ਚੋਂ
ਮਨਫ਼ੀ ਹੋ ਗਏ

ਕਰੋਨਾ ਮਹਾਮਾਰੀ ਦਾ ਯੋਰਪ ਦੇ ਦੇਸ਼ਾਂ ਉੱਤੇ ਅਨੇਕਾਂ ਪੱਖਾਂ ਤੋਂ ਪ੍ਰਭਾਵ ਪਿਆ ਅਤੇ ਯੋਰਪ ਵਿੱਚ ਕਰੋਨਾ ਮਹਾਮਾਰੀ ਕਾਰਨ ਭਾਰੀ ਤਬਾਹੀ ਹੋਈ; ਪਰ ਨੇਤਾ ਜੀ ਨੇ ਕਰੋਨਾ ਮਹਾਮਾਰੀ ਵੱਲੋਂ ਯੋਰਪ ਵਿੱਚ ਕੀਤੀ ਗਈ ਭਾਰੀ ਤਬਾਹੀ ਤੋਂ ਕੋਈ ਸਬਕ ਨ ਸਿੱਖਿਆ. ਜਿਸ ਕਾਰਨ ਹਿੰਦੁਸਤਾਨ ਵਿੱਚ ਵੀ ਯੋਰਪ ਵਾਲੇ ਹੀ ਹਾਲਾਤ ਪੈਦਾ ਹੋ ਗਏ ਅਤੇ ਇੱਕ ਦਿਨ ਵਿੱਚ ਕਰੋਨਾ ਮਹਾਮਾਰੀ ਕਾਰਨ ਹਜ਼ਾਰਾਂ ਲੋਕਾਂ ਦੀਆਂ ਮੌਤਾਂ ਹੋਣ ਲੱਗੀਆਂ. ਸ਼ਮਸ਼ਾਨ ਭੂਮੀਆਂ ਵਿੱਚ ਲਾਸ਼ਾਂ ਫੂਕਣ ਵਾਲਿਆਂ ਦੀਆਂ ਲੰਬੀਆਂ ਕਤਾਰਾਂ ਲੱਗਣ ਲੱਗ ਪਈਆਂ.

# 22.

ਚੀਨ, ਅਮਰੀਕਾ, ਯੂ.ਕੇ., ਫਰਾਂਸ, ਸਪੇਨ, ਇਟਲੀ, ਰੂਸ, ਵਰਗੇ ਦੇਸ਼ਾਂ ਨੇ ਕਰੋਨਾ ਮਹਾਮਾਰੀ ਦੀ ਪਹਿਲੀ ਲਹਿਰ ਵੱਲੋਂ ਮਚਾਈ ਗਈ ਭਾਰੀ ਤਬਾਹੀ ਤੋਂ ਬਹੁਤ ਕੁਝ ਸਿੱਖਿਆ.

ਉਨ੍ਹਾਂ ਨੇ ਕਰੋਨਾ ਮਹਾਮਾਰੀ ਦੀ ਪਹਿਲੀ ਲਹਿਰ ਦੇ ਅੰਤ ਤੋਂ ਬਾਹਦ ਸਿਹਤ ਸੇਵਾਵਾਂ ਨੂੰ ਹੋਰ ਵਧੇਰੇ ਵਿਕਸਤ ਕਰਨ ਅਤੇ ਚੰਗੇ ਢੰਗਾਂ ਨਾਲ ਤਰਤੀਬ ਦੇਣੀ ਸ਼ੁਰੂ ਕਰ ਦਿੱਤੀ.

ਤਾਂ ਜੁ. ਭਵਿੱਖ ਵਿੱਚ, ਕਿਸੇ ਮਹਾਮਾਰੀ ਵੱਲੋਂ ਕੀਤੇ ਜਾਣ ਵਾਲਿਆਂ ਹਮਲਿਆਂ ਨਾਲ ਹੋਰ ਵਧੇਰੇ ਸ਼ਕਤੀਸ਼ਾਲੀ ਢੰਗ ਨਾਲ ਲੜਿਆ ਜਾ ਸਕੇ.

ਉਨ੍ਹਾਂ ਦੇਸ਼ਾਂ ਨੇ, ਆਪਣੇ, ਦੇਸ਼ਵਾਸੀਆਂ ਨੂੰ ਕਰੋਨਾ ਵੈਕਸੀਨ ਦੇ ਇੰਜੈਕਸ਼ਨ ਬਹੁਤ ਵੱਡੀ ਪੱਧਰ ਉੱਤੇ ਲਗਾਉਣੇ ਸ਼ੁਰੂ ਕਰ ਦਿੱਤੇ.

ਕਰੋਨਾ ਮਹਾਮਾਰੀ ਦਾ ਸ਼ਿਕਾਰ, ਬਹੁਤ, ਘੱਟ ਲੋਕ, ਹੁਣ, ਹਸਪਤਾਲਾਂ ਵਿੱਚ ਜਾਣ ਲੱਗੇ.

ਬਹੁਤ ਘੱਟ ਲੋਕ, ਹੁਣ, ਕਰੋਨਾ ਮਹਾਮਾਰੀ ਨਾਲ ਮਰਨ ਲੱਗੇ.

ਉਨ੍ਹਾਂ ਦੇਸ਼ਾਂ ਦੀ ਆਰਥਿਕਤਾ ਵੀ, ਹੌਲੀ, ਹੌਲੀ, ਖੜੋਤ ਵਾਲੀ ਸਥਿਤੀ ਵਿੱਚੋਂ ਬਾਹਰ ਨਿਕਲ ਤੇਜ਼ ਰਫਤਾਰ ਫੜਨ ਲੱਗੀ.

ਪਰ, ਇਸਦੇ ਉਲਟ, ਨੇਤਾ ਜੀ ਦੀ ਅਗਵਾਈ ਵਾਲੀ ਹਿੰਦੁਸਤਾਨ ਸਰਕਾਰ ਨੇ ਕਰੋਨਾ ਮਹਾਮਾਰੀ ਦੀ ਪਹਿਲੀ ਲਹਿਰ ਵੱਲੋਂ ਹਿੰਦੁਸਤਾਨ ਵਿੱਚ ਮਚਾਈ ਤਬਾਹੀ ਤੋਂ ਕੋਈ ਸਬਕ ਸਿੱਖਣ ਦੀ ਕੋਸ਼ਿਸ਼ ਨ ਕੀਤੀ.

ਨ ਹੀ, ਭਵਿੱਖ਼ ਵਿੱਚ ਆਉਣ ਵਾਲੀਆਂ ਮਹਾਮਾਰੀਆਂ ਨਾਲ ਹੋਰ ਵਧੇਰੇ ਚੰਗੀ ਤਰ੍ਹਾਂ ਮੁਕਾਬਲਾ ਕਰਨ ਲਈ ਕੋਈ ਯੋਗ ਪ੍ਰਬੰਧ ਹੀ ਕੀਤੇ.

ਇਸਦੇ ਉਲਟ, ਹਿੰਦੁਸਤਾਨ ਵਿੱਚ ਰਾਜ ਕਰ ਰਹੀ ਰਾਜਨੀਤਕ ਪਾਰਟੀ ਭਾਜਪਾ ਹਿੰਦੁਸਤਾਨ ਦੇ ਪ੍ਰਾਂਤਾਂ ਕੈਰਲਾ, ਪੱਛਮੀ ਬੰਗਾਲ, ਆਸਾਮ, ਤਾਮਿਲ ਨਾਇਡੂ, ਪਾਂਡੀਚਰੀ ਦੀਆਂ ਵਿਧਾਨ ਸਭਾਵਾਂ ਦੀਆਂ ਚੋਣ ਰੈਲੀਆਂ ਵਿੱਚ ਲੱਖਾਂ ਲੋਕਾਂ ਦੀਆਂ ਭੀੜਾਂ ਇਕੱਠੀਆਂ ਕਰਨ ਵਿੱਚ ਮਸਤ ਰਹੀ.

ਇਸ ਤੋਂ ਵੀ ਵੱਧ, ਇਨ੍ਹਾਂ ਲੱਖਾਂ ਲੋਕਾਂ ਵਾਲੀਆਂ ਵਿਸ਼ਾਲ ਚੋਣ ਰੈਲੀਆਂ ਵਿੱਚ, ਹੋਰ ਲੋਕਾਂ ਨੂੰ ਤਾਂ ਛੱਡੋ, ਦੇਸ਼ ਦਾ ਹੋਮ ਮਨਿਸਟਰ ਅਮਿਤ ਸ਼ਾਹ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਪਣੇ ਮੂੰਹਾਂ ਉੱਤੇ ਮਾਸਕ ਪਾਉਣ ਤੋਂ ਬਿਨ੍ਹਾਂ ਹੀ ਤੁਰੇ ਫਿਰਦੇ ਵੇਖੇ ਗਏ.

ਹਿੰਦੁਸਤਾਨ ਦੀ ਭਾਜਪਾ ਸਰਕਾਰ ਨੇ ਦੇਸ਼ ਵਿੱਚ ਕਰੋਨਾ ਮਹਾਮਾਰੀ ਦੇ ਵੱਧ

ਰਹੇ ਪ੍ਰਭਾਵ ਤੋਂ ਬੇਖਬਰ ਹੋ ਅਤੇ ਹਿੰਦੁਸਤਾਨ ਦੇ ਵੱਖੋ ਵੱਖ ਸੂਬਿਆਂ ਦੀਆਂ ਵਿਧਾਨ ਸਭਾਵਾਂ ਦੀਆਂ ਚੋਣਾਂ ਲਈ ਪੈ ਰਹੀਆਂ ਵੋਟਾਂ ਵਿੱਚ ਹਿੰਦੂ ਬਹੁ-ਗਿਣਤੀ ਨੂੰ ਖੁਸ਼ ਕਰਨ ਲਈ 50 ਲੱਖ ਤੋਂ ਵੀ ਵੱਧ ਨਾਂਗੇ ਸਾਧੂਆਂ ਨੂੰ ਗੰਗਾ ਦਰਿਆ ਦੇ ਕਿਨਾਰੇ ਮਣਾਏ ਜਾਂਦੇ ਕੁੰਭ ਮੇਲੇ ਵਿੱਚ ਆਉਣ ਲਈ ਖੁੱਲ੍ਹ ਦੇ ਦਿੱਤੀ.

ਗੰਗਾ ਮਈਆ ਵਿੱਚ ਡੁੱਬਕੀਆਂ ਲਗਾਉਣ ਤੋਂ ਬਾਹਦ ਦੇਸ਼ ਦੇ ਵੱਖੋ ਵੱਖ ਹਿੱਸਿਆਂ ਤੋਂ ਆਏ ਨਾਂਗੇ ਸਾਧੂ ਜਦੋਂ ਆਪਣੇ ਪਿੰਡਾਂ, ਸ਼ਹਿਰਾਂ, ਕਸਬਿਆਂ, ਵੱਲ ਮੁੜੇ ਤਾਂ ਉਨ੍ਹਾਂ ਵਿੱਚੋਂ ਬਹੁਤ ਸਾਰੇ ਨਾਂਗੇ ਸਾਧੂ ਆਪਣੇ ਨਾਲ ਕਰੋਨਾ ਮਹਾਮਾਰੀ ਦੇ ਕੀਟਾਣੂੰ ਵੀ ਲੈ ਗਏ.

ਜਿਸ ਕਾਰਨ, ਦੇਖਦਿਆਂ ਹੀ ਦੇਖਦਿਆਂ, ਕੁਝ ਦਿਨਾਂ ਵਿੱਚ ਹੀ, ਹਿੰਦੁਸਤਾਨ ਵਿੱਚ ਕਰੋਨਾ ਮਹਾਮਾਰੀ ਦੀ ਸੁਨਾਮੀ ਦੂਜੀ ਲਹਿਰ ਵੀ ਆ ਗਈ.

ਹਿੰਦੁਸਤਾਨ ਵਿੱਚ, ਹਰ ਦਿਨ, ਕਰੋਨਾ ਮਹਾਮਾਰੀ ਦੇ 11-12,000 ਨਵੇਂ ਮਰੀਜ਼ ਆਉਣ ਦੀ ਥਾਂ, ਹੁਣ, ਨਿੱਤ ਦਿਨ, ਕਰੋਨਾ ਮਹਾਮਾਰੀ ਦੇ 4 ਲੱਖ ਤੋਂ ਵੀ ਵੱਧ ਨਵੇਂ ਮਰੀਜ਼ ਆਉਣੇ ਸ਼ੁਰੂ ਹੋ ਗਏ. ਹਜ਼ਾਰਾਂ ਲੋਕਾਂ ਦੀ, ਹਰ ਦਿਨ, ਕਰੋਨਾ ਮਹਾਮਾਰੀ ਕਾਰਨ ਮੌਤ ਹੋਣ ਲੱਗੀ.

ਸ਼ਮਸ਼ਾਨ ਭੂਮੀਆਂ ਵਿੱਚ ਅਰਥੀਆਂ ਲੈ ਕੇ ਆਉਣ ਵਾਲਿਆਂ ਦੀ ਭੀੜ ਏਨੀ ਵੱਧ ਗਈ ਕਿ ਸ਼ਮਸ਼ਾਨ ਭੂਮੀਆਂ ਦੇ ਪ੍ਰਬੰਧਕਾਂ ਨੂੰ ਟੋਕਨ ਸਿਸਟਮ ਲਾਗੂ ਕਰਨਾ ਪਿਆ.

ਕਰੋਨਾ ਮਹਾਮਾਰੀ ਨਾਲ ਮਰਨ ਵਾਲਿਆਂ ਦੀ ਗਿਣਤੀ ਇੱਕ ਦਮ ਏਨੀ ਜ਼ਿਆਦਾ ਵੱਧ ਗਈ ਕਿ ਲੋਕ ਸੜਕਾਂ ਦੇ ਕੰਢੇ ਹੀ ਮੁਰਦੇ ਸਾੜਨ ਲੱਗੇ.

ਮੁਰਦੇ ਨੂੰ ਘਰੋਂ ਲਿਜਾਣ ਅਤੇ ਉਸਨੂੰ ਸ਼ਮਸ਼ਾਨ ਭੂਮੀ ਵਿੱਚ ਲਿਜਾ ਕੇ ਫੂਕਣ ਦਾ ਖਰਚਾ ਬਹੁਤ ਵੱਧ ਜਾਣ ਕਾਰਨ ਲੋਕਾਂ ਨੇ ਪਿੰਡਾਂ/ਸ਼ਹਿਰਾਂ ਦੇ ਨੇੜੇ ਵਗਦੇ ਦਰਿਆਵਾਂ ਦੇ ਪਾਣੀਆਂ ਵਿੱਚ ਹੀ ਮੁਰਦੇ ਰੋੜ੍ਹਣੇ ਸ਼ੁਰੂ ਕਰ ਦਿੱਤੇ.

ਆਕਸੀਜ਼ਨ ਦੀ ਇੱਕ ਦਮ ਭਾਰੀ ਕਮੀ ਹੋ ਜਾਣ ਕਾਰਨ ਅਤੇ ਬੀਮਾਰਾਂ ਨੂੰ ਹਸਪਤਾਲਾਂ ਵਿੱਚ ਕੋਈ ਥਾਂ ਨ ਮਿਲ ਸਕਣ ਕਾਰਨ ਹਜ਼ਾਰਾਂ ਲੋਕ ਹਸਪਤਾਲਾਂ ਦੇ ਬਾਹਰ ਬੈਠੇ ਹੀ ਲਾਸ਼ਾਂ ਬਣ ਗਏ.

ਅਜਿਹੇ ਦੁਖਾਂਤਮਈ ਸਮਿਆਂ ਵਿੱਚ ਵੀ ਹਿੰਦੁਸਤਾਨ ਦੇ ਇੱਕ ਪ੍ਰਾਂਤ ਯੂ.ਪੀ. ਦੀ ਸਰਕਾਰ ਵੱਲੋਂ ਦਿਖਾਇਆ ਜਾ ਰਿਹਾ ਵਤੀਰਾ ਤਾਂ ਬਿਲਕੁਲ ਇਸ ਤਰ੍ਹਾਂ ਦਾ ਪ੍ਰਭਾਵ ਦਿੰਦਾ ਸੀ ਜਿਵੇਂ ਕਿਤੇ ਤੁਸੀਂ ਕੋਈ ਕਾਮੇਡੀ ਫਿਲਮ ਦੇਖ ਰਹੇ ਹੋਵੋ.

ਜਿਸ ਸਮੇਂ, ਹਿੰਦੁਸਤਾਨ ਵਿੱਚ, ਮਹਿਜ਼, 24 ਘੰਟਿਆਂ ਵਿੱਚ ਕਰੋਨਾ ਮਹਾਮਾਰੀ ਨਾਲ ਪੀੜਤ 349,691 ਨਵੇਂ ਮਰੀਜ਼ ਆਉਣ ਨਾਲ ਵਿਸ਼ਵ ਦੇ ਪਹਿਲੇ ਸਭ ਰਿਕਾਰਡ ਟੁੱਟ ਚੁੱਕੇ ਸਨ, ਹਿੰਦੁਸਤਾਨ ਦੇ ਹਸਪਤਾਲ ਇੰਨੀ ਵੱਡੀ ਗਿਣਤੀ ਵਿੱਚ ਆ ਰਹੇ ਮਰੀਜ਼ਾਂ ਨਾਲ ਨਿਪਟਣ ਵਿੱਚ ਆਪਣੇ ਆਪ ਨੂੰ ਬੁਰੀ ਤਰ੍ਹਾਂ ਅਸਮਰੱਥ ਸਮਝ ਰਹੇ ਸਨ; ਠੀਕ ਉਸ ਸਮੇਂ ਹੀ ਯੂ.ਪੀ. ਪ੍ਰਾਂਤ ਦਾ ਮੁੱਖ ਮੰਤਰੀ ਅਦਿੱਤਿਆ ਨਾਥ ਯੋਗੀ ਆਪਣੇ ਪ੍ਰਾਂਤ

ਦੀਆਂ ਗਊਸ਼ਾਲਾਵਾਂ ਵਿੱਚ ਗਾਵਾਂ ਦੀ ਮੱਦਦ ਲਈ 700 ਹੈਲਪ ਡੈਸਕ ਸਥਾਪਤ ਕਰਨ ਦੇ ਹੁਕਮ ਦੇ ਰਿਹਾ ਸੀ. ਯੂ.ਪੀ. ਸਰਕਾਰ ਨੇ ਗਾਵਾਂ ਦੀ ਸਿਹਤ ਦਾ ਖਿਆਲ ਰੱਖਣ ਲਈ ਗਊਸ਼ਾਲਾਵਾਂ ਨੂੰ 51 ਔਕਸੀਮੀਟਰਜ਼ ਅਤੇ 341 ਥਰਮਲ ਸਕੈਨਰਜ਼ ਵੀ ਭੇਜੇ ਸਨ.

ਇਹ ਉਹ ਸਮਾਂ ਸੀ ਜਦੋਂ ਕਿ ਹਿੰਦੁਸਤਾਨ ਦਾ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕਹਿ ਰਿਹਾ ਸੀ ਕਿ ਕਰੋਨਾ ਮਹਾਮਾਰੀ ਦੀ ਪਹਿਲੀ ਲਹਿਰ ਦਾ ਅਸੀਂ ਬੜੀ ਦ੍ਰਿੜਤਾ ਨਾਲ ਮੁਕਾਬਲਾ ਕੀਤਾ ਸੀ; ਪਰ ਇਸ ਮਹਾਮਾਰੀ ਦੀ ਦੂਜੀ ਲਹਿਰ ਨੇ ਸਾਡੇ ਦੇਸ਼ ਨੂੰ ਬੁਰੀ ਤਰ੍ਹਾਂ ਝੰਜੋੜ ਦਿੱਤਾ ਹੈ.

ਕਰੋਨਾ ਮਹਾਮਾਰੀ ਦੀ ਦੂਜੀ ਲਹਿਰ ਹਿੰਦੁਸਤਾਨ ਵਿੱਚ ਸੁਨਾਮੀ ਵਾਂਗ ਆਈ ਸੀ.

ਜਿਸ ਕਾਰਨ ਹਿੰਦੁਸਤਾਨ ਵਿੱਚ ਹਰ ਪਾਸੇ ਹੀ ਭਾਰੀ ਤਬਾਹੀ ਹੋਈ. ਹਰ ਪਾਸੇ ਹੀ ਲਾਸ਼ਾਂ ਦੇ ਅੰਬਾਰ ਲੱਗ ਗਏ.

ਇਸ ਗੱਲ ਨੂੰ ਲੈ ਕੇ ਅੰਤਰਰਾਸ਼ਟਰੀ ਮੀਡੀਆ ਵਿੱਚ ਹਿੰਦੁਸਤਾਨ ਸਰਕਾਰ ਦੀ ਸਖਤ ਆਲੋਚਨਾ ਹੋ ਰਹੀ ਸੀ.

ਕਰੋਨਾ ਮਹਾਮਾਰੀ ਨੂੰ ਠੱਲ੍ਹ ਪਾਉਣ ਲਈ ਹਿੰਦੁਸਤਾਨ ਵਿੱਚ ਵੀ ਕਰੋਨਾ ਵੈਕਸੀਨ ਤਿਆਰ ਕੀਤੀ ਗਈ.

ਹਿੰਦੁਸਤਾਨ ਦੀ ਆਬਾਦੀ ਇਸ ਵੇਲੇ 135 ਕਰੋੜ ਤੋਂ ਵੀ ਵੱਧ ਹੈ; ਪਰ ਹਿੰਦੁਸਤਾਨ ਨੇ ਆਪਣੇ ਕਰੋੜਾਂ ਲੋਕਾਂ ਨੂੰ ਪਹਿਲਾਂ ਵੈਕਸੀਨ ਇੰਜੈਕਸ਼ਨ ਲਗਾਉਣ ਦੀ ਥਾਂ ਹੋਰਨਾਂ ਦੇਸ਼ਾਂ ਨੂੰ ਕਰੋਨਾ ਵੈਕਸੀਨ ਵੇਚਣੀ ਸ਼ੁਰੂ ਕਰ ਦਿੱਤੀ.

ਹਿੰਦੁਸਤਾਨ ਸਰਕਾਰ ਦੇ ਅਜਿਹੇ ਗਲਤ ਫੈਸਲਿਆਂ ਨੂੰ ਦੇਖ ਕੇ ਦੁਨੀਆਂ ਭਰ ਵਿੱਚ ਉਸ ਦੀ ਨਿੰਦਾ ਹੋਣ ਲੱਗੀ. ਜਰਮਨੀ ਦੀ ਚਾਂਸਲਰ ਐਂਜਿਲਾ ਮਰਕਲ ਨੇ ਤਾਂ ਇੱਥੋਂ ਤੱਕ ਵੀ ਕਹਿ ਦਿੱਤਾ ਕਿ ਹਿੰਦੁਸਤਾਨ ਨੂੰ ਕਰੋਨਾ ਵੈਕਸੀਨ ਬਨਾਉਣ ਦੀ ਇਜਾਜ਼ਤ ਦੇ ਕੇ ਬਹੁਤ ਵੱਡੀ ਗਲਤੀ ਹੋਈ ਹੈ.

2020 ਵਿੱਚ ਕਰੋਨਾ ਮਹਾਮਾਰੀ ਸੰਕਟ ਦੌਰਾਨ ਹਿੰਦੁਸਤਾਨ ਦੀਆਂ ਸੜਕਾਂ ਉੱਤੇ ਜਾ ਰਹੇ ਦਿਹਾੜੀ ਕਰਨ ਵਾਲੇ ਲੱਖਾਂ ਮਜ਼ਦੂਰਾਂ ਦੀ ਤਰਸਨਾਕ ਹਾਲਤ ਸਾਨੂੰ ਉਦਾਸ ਕਰਦੀ ਸੀ; ਪਰ 2021 ਵਿੱਚ ਹਿੰਦੁਸਤਾਨ ਸਰਕਾਰ ਦੀਆਂ ਮਹਾਂ-ਨਲਾਇਕੀਆਂ ਕਾਰਨ, ਵੇਲੇ ਸਿਰ ਅਨੇਕਾਂ ਮਹੱਤਵ-ਪੂਰਨ ਨਿਰਣਾਇਕ ਫੈਸਲੇ ਨ ਲੈ ਸਕਣ ਕਾਰਨ, ਸ਼ਮਸ਼ਾਨ ਭੂਮੀਆਂ ਵਿੱਚ ਅਰਥੀਆਂ ਦੀਆਂ ਲੰਬੀਆਂ ਕਤਾਰਾਂ ਨੂੰ ਦੇਖ ਲੋਕਾਂ ਦੀਆਂ ਅੱਖਾਂ 'ਚੋਂ ਹੰਝੂਆਂ ਦੀਆਂ ਧਾਰਾਂ ਵਹਿ ਰਹੀਆਂ ਸਨ.

ਕਰੋਨਾ ਮਹਾਮਾਰੀ ਦੀ ਦੂਜੀ ਲਹਿਰ ਹਿੰਦੁਸਤਾਨ ਵਿੱਚ ਜੰਗਲ ਦੀ ਅੱਗ ਵਾਂਗ ਫੈਲੀ ਅਤੇ ਸਰਕਾਰ ਦੀਆਂ ਮਹਾਂ ਗਲਤੀਆਂ ਕਾਰਨ ਹਿੰਦੁਸਤਾਨ ਦਾ ਹੈਲਥ ਸਿਸਟਮ ਢਹਿ ਢੇਰੀ ਹੋ ਗਿਆ. ਹਿੰਦੁਸਤਾਨ ਸਰਕਾਰ ਦੂਜੇ ਦੇਸ਼ਾਂ ਨੂੰ ਮੱਦਦ ਦੀ ਗੁਹਾਰ ਦਿੰਦਿਆਂ ਡੰਡੋਤ-ਬੰਦਨਾ ਕਰਨ ਲੱਗੀ.

ਇਸ ਗੱਲ ਦਾ ਕਦੀ ਵੀ ਪਤਾ ਨਹੀਂ ਲੱਗ ਸਕੇਗਾ ਕਿ ਹਕੀਕਤ ਵਿੱਚ ਕਰੋਨਾ ਮਹਾਮਾਰੀ ਕਾਰਨ ਹਿੰਦੁਸਤਾਨ ਵਿੱਚ ਕਿੰਨੇ ਲੋਕਾਂ ਦੀ ਮੌਤ ਹੋ ਗਈ. ਕਿਉਂਕਿ, ਹਸਪਤਾਲ ਮਰੀਜ਼ਾਂ ਨੂੰ ਮੋੜੀ ਜਾ ਰਹੇ ਸਨ ਕਿ ਹਸਪਤਾਲਾਂ ਵਿੱਚ ਆਕਸੀਜ਼ਨ ਨਹੀਂ ਸੀ, ਫਾਰਮੇਸੀਆਂ ਵਿੱਚ ਦਵਾਈਆਂ ਨਹੀਂ ਸਨ, ਵੈਂਟੀਲੇਟਰ ਮਿਲ ਨਹੀਂ ਰਹੇ ਸਨ. ਇੱਥੋਂ ਤੱਕ ਕਿ ਆਪਣੇ ਇਲਾਜ਼ ਲਈ ਹਸਪਤਾਲਾਂ ਨੂੰ ਦੇਣ ਲਈ ਮਰੀਜ਼ਾਂ ਕੋਲ ਲੱਖਾਂ ਰੁਪਏ ਵੀ ਨਹੀਂ ਸਨ.

ਹਸਪਤਾਲਾਂ ਵਿੱਚ ਦਾਖਲ ਹੋਣ ਤੋਂ ਪਹਿਲਾਂ ਮਰੀਜ਼ਾਂ ਨੂੰ ਆਪਣੇ ਕਾਂਟਰੈਕਟ ਉੱਤੇ ਦਸਖਤ ਕਰਨੇ ਪੈ ਰਹੇ ਸਨ ਕਿ ਜੇਕਰ ਹਸਪਤਾਲ ਵਿੱਚ ਆਕਸੀਜ਼ਨ ਦੀ ਕਮੀ ਕਾਰਨ ਕਿਸੇ ਮਰੀਜ਼ ਦੀ ਮੌਤ ਹੋ ਗਈ ਤਾਂ ਹਸਪਤਾਲ ਵਾਲੇ ਜ਼ਿੰਮੇਵਾਰ ਨਹੀਂ ਹੋਣਗੇ.

ਹਕੀਕਤ ਵਿੱਚ ਲੋਕ ਆਪਣੀ ਮੌਤ ਦੇ ਹੁਕਮਨਾਮੇ ਉੱਤੇ ਆਪ ਹੀ ਦਸਖਤ ਕਰ ਰਹੇ ਸਨ.

ਇੱਕ ਡਾਕਟਰ ਨੇ ਕਿਹਾ- ਜਦੋਂ ਕੋਈ ਮਰ ਜਾਂਦਾ ਹੈ ਕਿਉਂਕਿ ਤੁਸੀਂ ਉਸ ਨੂੰ ਸਮੇਂ ਸਿਰ ਆਕਸੀਜ਼ਨ ਨਹੀਂ ਦੇ ਸਕੇ ਤਾਂ ਉਹ ਮੌਤ ਕੁਦਰਤੀ ਨਹੀਂ ਹੁੰਦੀ - ਉਹ ਮੌਤ ਸਾਫ਼ ਸ਼ਬਦਾਂ ਵਿੱਚ ਕਤਲ ਹੁੰਦੀ ਹੈ.

2017 ਵਿੱਚ ਯੂ.ਪੀ. ਪ੍ਰਾਂਤ ਦੀ ਵਿਧਾਨ ਸਭਾ ਦੀਆਂ ਚੋਣਾਂ ਵੇਲੇ ਇਸ ਨੁਕਤੇ ਉੱਤੇ ਹਿੰਦੂ ਬਹੁ-ਗਿਣਤੀ ਨਾਲ ਸਬੰਧਤ ਲੋਕਾਂ ਨੂੰ ਭਾਵਨਾਤਮਕ ਤੌਰ ਉੱਤੇ ਬਲੈਕਮੇਲ ਕੀਤਾ ਗਿਆ ਸੀ ਕਿ ਯੂ.ਪੀ. ਦੀ ਸਰਕਾਰ ਮੁਸਲਮਾਨਾਂ ਲਈ ਵੱਡੇ ਅਤੇ ਜ਼ਿਆਦਾ ਕਬਰਸਤਾਨ ਬਣਾ ਰਹੀ ਹੈ; ਪਰ ਹਿੰਦੂਆਂ ਲਈ ਬਹੁਤ ਘੱਟ ਸ਼ਮਸ਼ਾਨਭੂਮੀਆਂ ਬਣਾ ਰਹੀ ਹੈ.

ਹਿੰਦੁਸਤਾਨ ਵਿੱਚ ਕਰੋਨਾ ਮਹਾਂਮਾਰੀ ਦੀ ਦੂਜੀ ਲਹਿਰ ਆਈ ਤਾਂ ਇਸਨੇ ਮੋਦੀ ਦੀਆਂ ਇਛਾਵਾਂ ਦੀ ਪੂਰਤੀ ਕਰ ਦਿੱਤੀ. ਸਰਕਾਰ ਦੀਆਂ ਨਲਾਇਕੀਆਂ ਕਾਰਨ ਸਾਰਾ ਹਿੰਦੁਸਤਾਨ ਹੀ ਹਿੰਦੂ ਬਹੁਗਿਣਤੀ ਨਾਲ ਸਬੰਧਤ ਲੋਕਾਂ ਲਈ ਸ਼ਮਸ਼ਾਨ ਭੂਮੀ ਬਣ ਗਿਆ.

ਜਦੋਂ ਯੋਰਪ ਕਰੋਨਾ ਮਹਾਮਾਰੀ ਦੀ ਦੂਜੀ ਲਹਿਰ ਦਾ ਪਰਕੋਪ ਝੱਲ ਰਿਹਾ ਸੀ ਤਾਂ ਜਨਵਰੀ 2021 ਵਿੱਚ ਨਰਿੰਦਰ ਮੋਦੀ 'ਵਰਲਡ ਇਕੋਨੋਮਿਕ ਫੋਰਮ' ਵਿੱਚ ਆਪਣੀ 56 ਇੰਚ ਛਾਤੀ ਚੌੜੀ ਕਰਕੇ ਦਮਗਜੇ ਮਾਰ ਰਿਹਾ ਸੀ ਕਿ ਹਿੰਦੁਸਤਾਨ ਨੇ ਬੜੀ ਬਹਾਦਰੀ ਨਾਲ ਕਰੋਨਾ ਮਹਾਮਾਰੀ ਦੀ ਪਹਿਲੀ ਲਹਿਰ ਉੱਤੇ ਕਾਬੂ ਪਾ ਲਿਆ ਹੈ; ਪਰ ਮੋਦੀ ਨੇ ਮੁਸੀਬਤਾਂ ਦੇ ਮਾਰੇ ਯੋਰਪ ਦੇ ਲੋਕਾਂ ਲਈ ਹਮਦਰਦੀ ਵਜੋਂ ਇੱਕ ਵੀ ਸ਼ਬਦ ਆਪਣੇ ਮੂੰਹੋਂ ਨਹੀਂ ਸੀ ਕੱਢਿਆ.

ਦਮਗਜੇ ਮਾਰਦਿਆਂ ਮੋਦੀ ਨੇ ਇਹ ਵੀ ਕਿਹਾ ਸੀ ਕਿ ਕਰੋਨਾ ਮਹਾਮਾਰੀ ਨੂੰ ਕਾਬੂ ਕਰਕੇ ਅਸੀਂ ਸਾਰੀ ਦੁਨੀਆਂ ਵਿੱਚ ਕਰੋਨਾ ਵਾਇਰਸ ਨੂੰ ਫੈਲ ਜਾਣ ਤੋਂ ਬਹੁਤ ਹੀ ਹੁਸ਼ਿਆਰੀ ਨਾਲ ਰੋਕ ਲਿਆ.

ਹਿੰਦੁਸਤਾਨ ਵਿੱਚ ਕਰੋਨਾ ਮਹਾਮਾਰੀ ਦੀ ਜਦੋਂ ਦੂਜੀ ਵੱਡੀ ਸੁਨਾਮੀ ਆਈ,

ਤਾਂ, ਸਾਰੀ ਦੁਨੀਆਂ ਨੇ ਹਿੰਦੁਸਤਾਨ ਨਾਲੋਂ ਆਪਣਾ ਨਾਤਾ ਤੋੜ ਲਿਆ.

ਦਰਅਸਲ, ਉਨ੍ਹਾਂ ਨੇ ਹਿੰਦੁਸਤਾਨ ਦੇ ਪ੍ਰਧਾਨ ਮੰਤਰੀ, ਉਸਦੀ ਅਤੇ ਉਸਦੀ ਪਾਰਟੀ ਦੇ ਮੈਂਬਰਾਂ ਦੀ ਬੀਮਾਰ ਮਾਨਸਿਕਤਾ ਨਾਲੋਂ ਨਾਤਾ ਤੋੜ ਲਿਆ ਸੀ, ਮੋਦੀ ਅਤੇ ਉਸਦੇ ਹਿਮਾਇਤੀਆਂ ਦੀਆਂ ਵਿਗਿਆਨ ਵਿਰੋਧੀ ਨੀਤੀਆਂ ਨਾਲੋਂ ਨਾਤਾ ਤੋੜ ਲਿਆ ਸੀ, ਉਨ੍ਹਾਂ ਅੰਦਰ ਵਸਦੀ ਨਫ਼ਰਤ ਅਤੇ ਅੰਧਵਿਸ਼ਵਾਸ ਨਾਲੋਂ ਨਾਤਾ ਤੋੜ ਲਿਆ ਸੀ.

ਪ੍ਰਧਾਨ ਮੰਤਰੀ ਮੋਦੀ ਅਤੇ ਉਸਦੀ ਸਰਕਾਰ ਦੇ ਮੰਤਰੀ ਜਿਹੜੇ ਦਮਗਜੇ ਮਾਰ ਰਹੇ ਸਨ ਕਿ ਉਨ੍ਹਾਂ ਦੀ ਸਰਕਾਰ ਨੇ ਜਿਹੜਾ ਇਨਫਰਾਸਟਰਕਚਰ ਉਸਾਰਿਆ ਸੀ ਉਸ ਕਰਕੇ ਹੀ ਉਹ ਕਰੋਨਾ ਮਹਾਮਾਰੀ ਉੱਤੇ ਕਾਬੂ ਪਾ ਸਕੇ ਸਨ; ਪਰ ਜਦ ਦੂਜੀ ਲਹਿਰ ਆਉਣ ਉੱਤੇ ਉਹ ਇਨਫਰਾਸਟਰਕਚਰ ਪਤਾ ਨਹੀਂ ਕਿੱਥੇ ਚਲਾ ਗਿਆ?

ਇੰਜ ਲੱਗਦਾ ਸੀ ਜਿਵੇਂ ਕੋਈ ਯੂਐਫਓ ਹਿੰਦੁਸਤਾਨ ਵਾਲੇ ਹਿੱਸੇ ਦੇ ਅਸਮਾਨ ਵਿੱਚ ਖੜ੍ਹਾ ਉਸ ਦੇਸ਼ ਦੇ ਲੋਕਾਂ ਦੇ ਫੇਫੜਿਆਂ ਵਿੱਚੋਂ ਸਾਹ  ਖਿੱਚ ਰਿਹਾ ਹੋਵੇ.

ਆਕਸੀਜ਼ਨ ਹੀ ਸਮੇਂ ਦੀ ਸਭ ਤੋਂ ਕੀਮਤੀ ਦੌਲਤ ਬਣ ਗਈ ਸੀ. ਵੱਡੇ, ਵੱਡੇ, ਰਾਜਨੀਤੀਵਾਨ, ਪੱਤਰਕਾਰ, ਵਿਉਪਾਰੀ, ਵਕੀਲ, ਧਨਾਢ ਲੋਕ, ਹਰ ਕੋਈ ਹੀ ਹਸਪਤਾਲਾਂ ਵਿੱਚ ਬੈੱਡ ਪ੍ਰਾਪਤ ਕਰਨ ਲਈ ਅਤੇ ਆਕਸੀਜ਼ਨ ਦੇ ਸਿਲੰਡਰ ਪ੍ਰਾਪਤ ਕਰਨ ਲਈ ਟਵਿੱਟਰ ਸੋਸ਼ਲ ਮੀਡੀਆ ਉੱਤੇ ਅਪੀਲਾਂ ਕਰ ਰਿਹਾ ਸੀ.

ਇੰਡੀਆ ਵਿੱਚ ਆਈ ਕਰੋਨਾ ਦੀ ਦੂਜੀ ਲਹਿਰ ਵੱਲੋਂ ਮਚਾਈ ਗਈ ਭਾਰੀ ਤਬਾਹੀ ਨੇ ਇੰਡੀਆ ਵਿੱਚ ਅਨੇਕਾਂ ਤਰ੍ਹਾਂ ਦੀ ਲੁੱਟ ਮਾਰਕਿਟ ਨੂੰ ਵੀ ਜਨਮ ਦਿੱਤਾ.

ਕਰੋਨਾ ਮਹਾਮਾਰੀ ਨਾਲ ਹਸਪਤਾਲ ਵਿੱਚ ਮਰ ਗਏ ਤੁਹਾਡੇ ਕਿਸੇ ਖਾਸ ਰਿਸ਼ਤੇਦਾਰ ਦਾ ਆਖਰੀ ਵਾਰ ਮੂੰਹ ਦੇਖਣ ਲਈ ਹਜ਼ਾਰਾਂ ਰੁਪਏ ਦੀ ਰਿਸ਼ਵਤ ਲਈ ਜਾਂਦੀ ਸੀ.

ਤੁਹਾਡੇ ਕਰੀਬੀ ਰਿਸ਼ਤੇਦਾਰ ਦੀ ਲਾਸ਼ ਨੂੰ ਫੂਕਣ ਵੇਲੇ ਧਾਰਮਿਕ ਅਰਦਾਸ ਕਰਨ ਵਾਲਾ ਧਾਰਮਿਕ ਵਿਅਕਤੀ ਵੀ ਪਹਿਲੇ ਨਾਲੋਂ ਦੁੱਗਣੇ/ਤਿੱਗਣੇ ਪੈਸੇ ਮੰਗ ਰਿਹਾ ਸੀ.

ਓਨਲਾਈਨ ਡਾਕਟਰੀ ਸਲਾਹ ਦੇਣ ਵਾਲੀਆਂ ਅਨੇਕਾਂ ਕੰਪਨੀਆਂ ਖੁੱਲ੍ਹ ਗਈਆਂ ਸਨ; ਜੋ ਹਜ਼ਾਰਾਂ ਡਾਲਰ ਮੰਗਦੀਆਂ ਸਨ.

ਸਭ ਤੋਂ ਵੱਧ ਪਰਾਈਵੇਟ ਹਸਪਤਾਲ ਲੁੱਟ ਰਹੇ ਸਨ. ਜਿਨ੍ਹਾਂ ਦੀਆਂ ਫੀਸਾਂ ਏਨੀਆਂ ਜ਼ਿਆਦਾ ਸਨ ਕਿ ਜੇਕਰ ਤੁਸੀਂ ਬੀਮਾਰ ਹੋ ਗਏ ਅਤੇ ਤੁਹਾਨੂੰ ਇਨ੍ਹਾਂ ਹਸਪਤਾਲਾਂ ਵਿੱਚ ਆਪਣਾ ਇਲਾਜ ਕਰਵਾਉਣਾ ਪੈ ਗਿਆ ਤਾਂ ਇਨ੍ਹਾਂ ਦੇ ਬਿੱਲ ਭਰਨ ਲਈ ਤੁਹਾਨੂੰ ਆਪਣੀ ਜ਼ਮੀਨ/ਜਾਇਦਾਦ ਵੀ ਵੇਚਣੀ ਪੈ ਸਕਦੀ ਸੀ.

ਕਮਾਲ ਤਾਂ ਇਹ ਦੇਖੋ ਕਿ ਯੂ.ਪੀ. ਪ੍ਰਾਂਤ ਦੇ ਮੁੱਖ ਮੰਤਰੀ ਯੋਗੀ ਅਦਿੱਤਿਆ ਨਾਥ ਨੇ ਤਾਂ ਲੋਕਾਂ ਵਿੱਚ ਦਹਿਸ਼ਤ ਫੈਲਾਉਣ ਲਈ ਇੱਥੋਂ ਤੱਕ ਵੀ ਕਹਿ ਦਿੱਤਾ ਸੀ ਕਿ ਜੇਕਰ ਕੋਈ ਵਿਅਕਤੀ ਪਬਲਿਕ ਵਿੱਚ ਇਹ ਗੱਲ ਫੈਲਾਇਗਾ ਕਿ ਯੂ.ਪੀ. ਦੇ ਕਿਸੇ ਵੀ

ਹਸਪਤਾਲ ਵਿੱਚ ਆਕਸੀਜ਼ਨ ਦੀ ਕਮੀ ਸੀ ਤਾਂ ਉਸ ਵਿਅਕਤੀ ਨੂੰ ਨੈਸ਼ਨਲ ਸਕਿਉਰਟੀ ਅਧੀਨ ਗ੍ਰਿਫਤਾਰ ਕਰ ਲਿਆ ਜਾਵੇਗਾ, ਉਸ ਵਿਅਕਤੀ ਦੀ ਜ਼ਮਾਨਤ ਵੀ ਨਹੀਂ ਹੋ ਸਕੇਗੀ ਅਤੇ ਉਸਦੀ ਜਾਇਦਾਦ ਵੀ ਜ਼ਬਤ ਕਰ ਲਈ ਜਾਵੇਗੀ.

ਇੱਕ ਪਾਸੇ ਇੰਡੀਆ ਕਰੋਨਾ ਮਹਾਮਾਰੀ ਦੀ ਦੂਜੀ ਲਹਿਰ ਨਾਲ ਮਾਰਿਆ ਹੋਇਆ ਸੀ - ਜਿਸ ਬਾਰੇ ਅਮਰੀਕਾ ਦੀ ਇੱਕ ਖਬਰ ਏਜੰਸੀ 'ਸੈਂਟਰ ਫਾਰ ਗਲੋਬਲ ਡਿਵੈਲਪਮੈਂਟ, ਵਾਸ਼ਿੰਗਟਨ' ਨੇ ਕਿਹਾ ਹੈ ਕਿ ਇੰਡੀਆ ਵਿੱਚ ਘੱਟ ਤੋਂ ਘੱਟ 42 ਲੱਖ ਲੋਕ ਮਾਰੇ ਗਏ ਹਨ ਉੱਥੇ ਹੀ ਇੰਡੀਆ ਦੀ ਸਰਕਾਰ ਇੰਡੀਆ ਦੇ ਪ੍ਰਾਈਮ ਮਨਿਸਟਰ ਦੇ ਰਹਿਣ ਲਈ ਸ਼ਾਹੀ ਮਹੱਲ ਉਸਾਰ ਰਹੀ ਹੈ ਅਤੇ ਅਰਬਾਂ ਰੁਪਏ ਦੀ ਲਾਗਤ ਨਾਲ ਇੰਡੀਆ ਦੀ ਪਾਰਲੀਮੈਂਟ ਦੀ ਨਵੀਂ ਬਿਲਡਿੰਗ ਉਸਾਰ ਰਹੀ ਹੈ. ਜੋ ਕਿ ਇੰਡੀਆ ਦੀ ਹਕੂਮਤ ਲਈ ਬਹੁਤ ਹੀ ਸ਼ਰਮ ਵਾਲੀ ਗੱਲ ਹੈ.

ਇੰਡੀਆ ਦਾ ਮੀਡੀਆ ਇਹ ਗੱਲ ਫੈਲਾਅ ਰਿਹਾ ਹੈ ਕਿ ਕਰੋਨਾ ਮਹਾਮਾਰੀ ਨਾਲ ਇੰਡੀਆ ਦਾ ਹੈਲਥ ਕੇਅਰ ਸਿਸਟਮ ਫੇਲ ਹੋ ਗਿਆ ਹੈ.

ਦਰਅਸਲ, ਇੰਡੀਆ ਦਾ ਹੈਲਥ ਕੇਅਰ ਸਿਸਟਮ ਫੇਲ ਨਹੀਂ ਹੋਇਆ; ਉੱਥੇ ਤਾਂ ਹੈਲਥ ਕੇਅਰ ਸਿਸਟਮ ਹੈ ਹੀ ਨਹੀਂ ਸੀ. ਭਾਜਪਾ ਤੋਂ ਪਹਿਲਾਂ ਕਾਂਗਰਸ ਹਕੂਮਤ ਨੇ ਵੀ ਹੌਲੀ ਹੌਲੀ ਕਰਕੇ ਪਬਲਿਕ ਹੈਲਥ ਸਿਸਟਮ ਨੂੰ ਤਬਾਹ ਕਰਕੇ ਸਾਰਾ ਹੈਲਥ ਸਿਸਟਮ ਅਮੀਰਾਂ ਦੇ ਹੱਥ ਸੌਂਪ ਦਿੱਤਾ ਸੀ. ਪਰਾਈਵੇਟ ਹਸਪਤਾਲਾਂ ਦੀਆਂ ਏਨੀਆਂ ਮਹਿੰਗੀਆਂ ਫੀਸਾਂ ਤਾਂ ਪਹਿਲਾਂ ਹੀ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਚੁੱਕੀਆਂ ਸਨ. ਸਰਕਾਰ ਹੈਲਥ ਸਿਸਟਮ ਉੱਤੇ ਨਾਮ ਮਾਤਰ ਹੀ ਖਰਚਾ ਕਰ ਰਹੀ ਹੈ.

ਇਸ ਵੇਲੇ ਇੰਡੀਆ ਦੀ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਇੰਡੀਆ ਦੇ ਰਾਜ ਸਿੰਘਾਸਨ ਉੱਤੇ ਬੈਠਾ ਇੱਕੋ ਬੰਦਾ ਹੀ ਆਪਣੀ ਮਨਮਰਜ਼ੀ ਦੇ ਫੈਸਲੇ ਕਰ ਰਿਹਾ ਹੈ ਅਤੇ ਉਹ ਕਿਸੀ ਦੀ ਸਲਾਹ ਲੈਣੀ ਵੀ ਜਾਇਜ਼ ਨਹੀਂ ਸਮਝਦਾ. ਇਸਤੋਂ ਵੀ ਵੱਡੀ ਇਹ ਸਮੱਸਿਆ ਹੈ ਕਿ ਉਹ ਨ ਤਾਂ ਬਹੁਤ ਹੀ ਸਿਆਣਾ ਹੈ ਅਤੇ ਉਹ ਹੱਠਧਰਮੀ ਅਤੇ ਘੁਮੰਡੀ ਵੀ ਹੈ.

ਹਕੀਕਤ ਇਹ ਹੈ ਕਿ ਚੀਨ, ਅਮਰੀਕਾ, ਯੂ.ਕੇ., ਫਰਾਂਸ, ਸਪੇਨ, ਇਟਲੀ ਜਿਹੇ ਦੇਸ਼ਾਂ ਨੇ ਕਰੋਨਾ ਮਹਾਮਾਰੀ ਦੀ ਪਹਿਲੀ ਲਹਿਰ ਵੱਲੋਂ ਮਚਾਈ ਗਈ ਭਾਰੀ ਤਬਾਹੀ ਤੋਂ ਬਹੁਤ ਕੁਝ ਸਿੱਖਿਆ. ਉਨ੍ਹਾਂ ਨੇ ਕਰੋਨਾ ਮਹਾਮਾਰੀ ਦੀ ਪਹਿਲੀ ਲਹਿਰ ਦੇ ਅੰਤ ਤੋਂ ਬਾਹਦ ਸਿਹਤ ਸੇਵਾਵਾਂ ਨੂੰ ਹੋਰ ਵਧੇਰੇ ਚੰਗੇ ਢੰਗਾਂ ਨਾਲ ਤਰਤੀਬ ਦੇਣੀ ਸ਼ੁਰੂ ਕਰ ਦਿੱਤੀ; ਪਰ ਨੇਤਾ ਜੀ ਅਤੇ ਹਿੰਦੁਸਤਾਨ ਵਿੱਚ ਹਕੂਮਤ ਕਰ ਰਹੀ ਉਨ੍ਹਾਂ ਦੀ ਸਰਕਾਰ ਕਰੋਨਾ ਸੁਨਾਮੀ ਨਾਲ ਨਿਪਟਣ ਦੀ ਥਾਂ ਹੋਰ ਹੀ ਕੰਮਾਂ ਵਿੱਚ ਰੁੱਝੀ ਰਹੀ ਅਤੇ ਹਰ ਪਾਸੇ ਲਾਸ਼ਾਂ ਦੇ ਅੰਬਾਰ ਲੱਗਦੇ ਰਹੇ.

# 23.

ਹਿੰਦੁਸਤਾਨ ਵਿੱਚ ਓਨੀ ਦਹਿਸ਼ਤ ਕਰੋਨਾ ਮਹਾਮਾਰੀ ਵੱਲੋਂ ਮਚਾਈ ਗਈ ਤਬਾਹੀ ਕਾਰਨ ਨਹੀਂ ਫੈਲੀ ਜਿੰਨੀ ਦਹਿਸ਼ਤ ਕਰੋਨਾ ਮਹਾਮਾਰੀ ਦਾ ਨਾਮ ਲੈ ਕੇ ਹਿੰਦੁਸਤਾਨ ਸਰਕਾਰ ਦੇ ਗ਼ੈਰ-ਜ਼ਿੰਮੇਵਾਰ ਮੰਤਰੀਆਂ ਅਤੇ ਉਸਦੇ ਝੋਲੀਚੁੱਕ ਗੋਦੀ ਮੀਡੀਆ ਨੇ ਫੈਲਾਈ ਹੈ.

ਕਰੋਨਾ ਮਹਾਮਾਰੀ ਸੰਕਟ ਦੌਰਾਨ ਲੱਗੇ ਲੌਕਡਾਊਨ ਸਮੇਂ ਜਿਸ ਕਿਸੀ ਨੇ ਵੀ ਸਰਕਾਰ ਦੀਆਂ ਗਲਤ ਨੀਤੀਆਂ ਵਿਰੁੱਧ ਆਵਾਜ਼ ਉਠਾਈ ਸਰਕਾਰ ਨੇ ਉਸ ਉੱਤੇ ਹੀ ਦੇਸ਼-ਧ੍ਰੋਹੀ ਦਾ ਇਲਜ਼ਾਮ ਲਗਾ ਕੇ ਉਸ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ. ਜਿਸ ਕਿਸੀ ਨੇ ਵੀ ਮਨੁੱਖੀ ਹੱਕਾਂ ਖਾਤਰ ਆਵਾਜ਼ ਉਠਾਈ ਉਸਨੂੰ ਹੀ ਦੇਸ਼-ਵਿਰੋਧੀ ਐਲਾਨ ਦਿੱਤਾ ਗਿਆ. ਲੇਖਕਾਂ, ਬੁੱਧੀਜੀਵੀਆਂ, ਪੱਤਰਕਾਰਾਂ ਦੀਆਂ ਆਵਾਜ਼ਾਂ ਦਬਾਉਣ ਲਈ ਉਨ੍ਹਾਂ ਉੱਤੇ ਡਾਂਗਾਂ ਦਾ ਮੀਂਹ ਵਰਾਹਿਆ ਗਿਆ. ਉਨ੍ਹਾਂ ਉੱਤੇ ਤਰ੍ਹਾਂ ਤਰ੍ਹਾਂ ਦੇ ਮੁਕੱਦਮੇ ਬਣਾਏ ਗਏ.

ਕਰੋਨਾ ਮਹਾਮਾਰੀ ਦੀ ਦਹਿਸ਼ਤ ਫੈਲਾ ਕੇ ਅਤੇ ਇਸ ਮੌਕੇ ਦਾ ਲਾਭ ਉਠਾ ਕੇ ਹਿੰਦੁਸਤਾਨ ਸਰਕਾਰ ਨੇ ਅਨੇਕਾਂ ਲੋਕ ਵਿਰੋਧੀ, ਮਜ਼ਦੂਰ ਵਿਰੋਧੀ, ਕਿਸਾਨ ਵਿਰੋਧੀ, ਕਾਨੂੰਨ ਬਣਾਏ ਅਤੇ ਉਹ ਕਾਨੂੰਨ ਹਿੰਦੁਸਤਾਨ ਦੇ ਲੋਕਾਂ ਉੱਤੇ ਜ਼ਬਰਦਸਤੀ ਠੋਸਣ ਦੀ ਕੋਸ਼ਿਸ਼ ਕੀਤੀ.

ਸਰਕਾਰ ਵੱਲੋਂ, ਕਾਹਲੀ ਕਾਹਲੀ ਵਿੱਚ, ਪਾਸ ਕੀਤੇ ਗਏ ਇਨ੍ਹਾਂ ਅਨੇਕਾਂ ਕਾਲੇ ਕਾਨੂੰਨਾਂ ਵਿੱਚ ਉਹ 3 ਕਿਸਾਨ ਵਿਰੋਧੀ ਆਰਡੀਨੈਂਸ ਵੀ ਸ਼ਾਮਿਲ ਹਨ ਜਿਹੜੇ ਕਿ ਹਿੰਦੁਸਤਾਨ ਸਰਕਾਰ ਨੇ ਕਾਹਲੀ ਕਾਹਲੀ ਵਿੱਚ ਪਾਸ ਕਰਕੇ ਕਿਸਾਨਾਂ ਉੱਤੇ ਠੋਸਣ ਦੀ ਕੋਸ਼ਿਸ਼ ਕੀਤੀ; ਕਿਸਾਨਾਂ ਨੇ ਇਹ 3 ਕਾਨੂੰਨ ਮੰਨਣ ਤੋਂ ਇਨਕਾਰ ਕਰ ਦਿੱਤਾ ਅਤੇ ਇਨ੍ਹਾਂ ਕਾਨੂੰਨਾਂ ਦੇ ਖਿਲਾਫ਼ ਦੇਸ਼ ਪੱਧਰ ਉੱਤੇ ਕਿਸਾਨ ਅੰਦੋਲਨ ਸ਼ੁਰੂ ਕਰ ਦਿੱਤਾ.

ਇਸ ਕਿਸਾਨ ਅੰਦੋਲਨ ਨੇ ਹੌਲੀ ਹੌਲੀ ਦੇਸ਼ ਦੇ ਅਨੇਕਾਂ ਹਿੱਸਿਆਂ ਦੇ ਕਿਸਾਨਾਂ ਦਾ ਧਿਆਨ ਖਿੱਚਿਆ ਅਤੇ ਇਹ ਕਿਸਾਨ ਅੰਦੋਲਨ ਸਮੁੱਚੇ ਦੇਸ਼ ਦੇ ਕਿਸਾਨਾਂ ਦਾ ਅੰਦੋਲਨ ਬਨਣ ਲੱਗਾ. ਇਹ ਕਿਸਾਨ ਅੰਦੋਲਨ, ਮਹਿਜ਼, ਪੰਜਾਬ ਦੇ ਕਿਸਾਨਾਂ ਦਾ ਅੰਦੋਲਨ ਨਾ ਰਹਿਕੇ ਸਮੁੱਚੇ ਹਿੰਦੁਸਤਾਨ ਦੇ ਕਿਸਾਨਾਂ ਦਾ ਅੰਦੋਲਨ ਤਾਂ ਬਨਣ ਹੀ ਲੱਗਾ; ਇਸ ਦੇ ਨਾਲ ਨਾਲ ਹੀ ਦੁਨੀਆਂ ਦੇ ਅਨੇਕਾਂ ਦੇਸ਼ਾਂ ਵਿੱਚ ਵਸਦੇ ਭਾਰਤੀ ਮੂਲ ਦੇ ਲੋਕਾਂ ਦਾ ਵੀ ਅੰਦੋਲਨ ਬਣ ਗਿਆ.

ਸਿਰਫ ਇੰਨਾਂ ਹੀ ਨਹੀਂ, ਬਲਕਿ, ਇਹ ਅੰਦੋਲਨ, ਮਹਿਜ਼, ਕਿਸਾਨਾਂ ਦਾ ਅੰਦੋਲਨ ਬਣੇ ਰਹਿਣ ਦੀ ਥਾਂ ਜਨ-ਅੰਦੋਲਨ ਬਣਕੇ ਮਜ਼ਦੂਰਾਂ, ਲੇਖਕਾਂ, ਅਧਿਆਪਕਾਂ, ਗਾਇਕਾਂ, ਸੰਗੀਤਕਾਰਾਂ, ਪੱਤਰਕਾਰਾਂ ਦਾ ਅੰਦੋਲਨ ਵੀ ਬਣ ਗਿਆ.

ਇਸ ਕਿਸਾਨ ਅੰਦੋਲਨ ਦੀ ਇੱਕ ਵੱਡੀ ਪ੍ਰਾਪਤੀ ਇਹ ਵੀ ਸੀ ਕਿ ਇਸ

ਅੰਦੋਲਨ ਵਿੱਚ ਲੋਕ ਧਰਮਾਂ, ਜ਼ਾਤਾਂ, ਪਾਤਾਂ, ਰੰਗਾਂ, ਨਸਲਾਂ, ਸਭਿਆਚਾਰਾਂ, ਦੇ ਸਭ ਭਿੰਨ-ਭੇਦ ਭੁਲਾ ਕੇ, ਹਿੰਦੂ, ਸਿੱਖ, ਮੁਸਲਮਾਨ, ਈਸਾਈ, ਜੈਨੀ, ਬੋਧੀ, ਸਭ ਜ਼ਾਲਿਮ, ਢੀਠ, ਝੂਠੀ, ਨਿਰਦਈ, ਸਰਕਾਰ ਦੇ ਲੋਕ ਵਿਰੋਧੀ, ਕਿਸਾਨ ਵਿਰੋਧੀ, ਕਾਨੂੰਨਾਂ ਨੂੰ ਚੁਣੌਤੀ ਦੇਣ ਲਈ ਇੱਕ ਮੰਚ ਉੱਤੇ ਇਕੱਠੇ ਹੋ ਰਹੇ ਸਨ.

ਕਿਸਾਨ ਅੰਦੋਲਨ ਦੀ ਇੱਕ ਵੱਡੀ ਪ੍ਰਾਪਤੀ ਇਹ ਵੀ ਸੀ ਕਿ ਇਸ ਨੇ ਹਿੰਦੁਸਤਾਨ ਦੇ ਅਨੇਕਾਂ ਹਿੱਸਿਆਂ ਤੋਂ ਆਏ ਲੱਖਾਂ ਕਿਸਾਨਾਂ ਦਾ ਦਿੱਲੀ ਦੇ ਬਾਰਡਰ ਉੱਤੇ ਇਕੱਠ ਕਰਕੇ ਲੋਕਾਂ ਦੇ ਮਨਾਂ ਅੰਦਰ, ਹਿੰਦੁਸਤਾਨ ਦੇ ਗੋਦੀ ਮੀਡੀਆ ਵੱਲੋਂ ਹਰ ਦਿਨ, ਪਾਏ ਜਾ ਰਹੇ ਕਰੋਨਾ ਮਹਾਮਾਰੀ ਦੇ ਡਰ ਅਤੇ ਦਹਿਸ਼ਤ ਦੇ ਮਿੱਥ ਦਾ ਵੀ ਤਹਿਸ-ਨਹਿਸ ਕਰ ਦਿੱਤਾ ਸੀ.

ਜਿਸ ਕਾਰਨ ਹਿੰਦੁਸਤਾਨ ਸਰਕਾਰ, ਦੋਨਾਂ ਪੱਧਰਾਂ ਉੱਤੇ ਹੀ, ਡਗਮਗਾ ਰਹੀ ਸੀ. ਇੱਕ ਤਾਂ ਸਰਕਾਰ ਵੱਲੋਂ ਬਣਾਏ ਗਏ ਕਿਸਾਨ ਵਿਰੋਧੀ 3 ਆਰਡੀਨੈਂਸਾਂ ਦੀ ਪੋਲ ਖੁੱਲ੍ਹਣੀ ਸ਼ੁਰੂ ਹੋ ਗਈ ਸੀ ਅਤੇ ਦੂਜਾ ਕਰੋਨਾ ਮਹਾਮਾਰੀ ਦੇ ਨਾਮ ਉੱਤੇ ਲੋਕਾਂ ਅੰਦਰ ਫੈਲਾਈ ਜਾ ਰਹੀ ਝੂਠੀ ਦਹਿਸ਼ਤ ਦਾ ਭੇਦ ਵੀ ਖੁੱਲ੍ਹ ਗਿਆ ਸੀ.

ਹਿੰਦੁਸਤਾਨ ਦੀ ਮੋਦੀ ਸਰਕਾਰ ਕਰੋਨਾ ਮਹਾਮਾਰੀ ਦਾ ਮੁਕਾਬਲਾ ਕਰਨ ਲਈ ਦੇਸ਼ ਭਰ ਵਿੱਚ ਗਲਤ ਆਰਥਿਕ, ਸਮਾਜਿਕ, ਰਾਜਨੀਤਕ, ਨੈਤਿਕ, ਨੀਤੀਆਂ ਲਾਗੂ ਕਰਨ ਸਦਕਾ ਡੂੰਘੇ ਆਰਥਿਕ ਸੰਕਟ ਵਿੱਚੋਂ ਲੰਘ ਰਹੀ ਸੀ.

ਇਸ ਆਰਥਿਕ ਸੰਕਟ ਨੂੰ ਬਹਾਨਾ ਬਣਾ ਕੇ ਮੋਦੀ ਸਰਕਾਰ ਅਨੇਕਾਂ ਸਰਕਾਰੀ ਕੰਪਨੀਆਂ ਅੰਬਾਨੀ, ਕੰਡਾਨੀ, ਵਰਗੇ ਸਰਮਾਇਦਾਰਾਂ ਨੂੰ ਵੇਚੀ ਜਾ ਰਹੀ ਸੀ. ਇੱਥੋਂ ਤੱਕ ਕਿ ਮੋਦੀ ਸਰਕਾਰ ਨੇ ਹਿੰਦੁਸਤਾਨ ਦੇ ਅਨੇਕਾਂ ਰੇਲਵੇ ਸਟੇਸ਼ਨ ਅਤੇ ਹਵਾਈ ਅੱਡੇ ਵੀ ਇੰਨ੍ਹਾਂ ਵੱਡੇ ਵੱਡੇ ਸਰਮਾਇਦਾਰਾਂ ਨੂੰ ਵੇਚ ਦਿੱਤੇ ਸਨ.

ਰਾਜਨੀਤਕ ਅਤੇ ਆਰਥਿਕ ਮਾਹਰਾਂ ਦੀ ਰਾਏ ਸੀ ਕਿ ਇਸੇ ਨੀਤੀ ਹੇਠ ਹੀ ਮੋਦੀ ਸਰਕਾਰ ਨੇ ਕਿਸਾਨ ਵਿਰੋਧੀ 3 ਆਰਡੀਨੈਂਸ ਲਿਆਂਦੇ ਸਨ-ਜੋ ਕਿ ਲੁਕਵੇਂ ਢੰਗ ਨਾਲ ਕਿਸਾਨਾਂ ਲਈ ਲਾਹੇਵੰਦ ਹੋਣ ਦੀ ਥਾਂ ਅੰਬਾਨੀ, ਕੰਡਾਨੀ, ਜਿਹੇ ਸਰਮਾਇਦਾਰਾਂ ਦੇ ਹੀ ਹਿੱਤ ਪੂਰਦੇ ਸਨ.

ਬਿਹਾਰ ਪ੍ਰਾਂਤ ਦੀਆਂ ਵਿਧਾਨ ਸਭਾ ਦੀਆਂ ਚੋਣਾਂ ਵਿੱਚ ਵੋਟਰਾਂ ਨੂੰ ਭਰਮਾਉਣ ਲਈ ਨੇਤਾ ਜੀ ਨੇ ਮਗਰਮੱਛੀ ਹੰਝੂ ਵਹਾਉਂਦਿਆਂ ਅਤੇ ਜਨਤਾ ਨੂੰ ਝੂਠੇ ਲਾਰੇ ਲਗਾਉਂਦਿਆਂ ਟੈਲੀਵੀਜ਼ਨ ਪਰਦੇ ਉੱਤੇ ਬਗਲਾ ਭਗਤ ਬਣ ਕੇ ਭਾਸ਼ਨ ਦਿੱਤਾ ਸੀ :

"ਭੈਣੋਂ ਅਤੇ ਭਰਾਵੋ !
ਤੁਸੀਂ ਕਰੋਨਾ ਮਹਾਮਾਰੀ ਦੇ ਦਿਨਾਂ ਵਿੱਚ ਬਹੁਤ ਦੁੱਖ ਤਕਲੀਫਾਂ ਝੱਲੀਆਂ ਹਨ.
ਸਰਕਾਰ ਤੁਹਾਡੇ ਲਈ ਜਲਦੀ ਹੀ ਬੜੇ ਨਵੇਂ ਨਵੇਂ ਪ੍ਰੋਗਰਾਮ ਲਿਆ ਰਹੀ ਹੈ.

ਜੇਕਰ ਬਿਹਾਰ ਵਿੱਚ ਸਾਡੀ ਦੁਬਾਰਾ ਸਰਕਾਰ ਬਣੇਗੀ ਤਾਂ ਅਸੀਂ
ਬਿਹਾਰ ਨੂੰ ਖੁਸ਼ਹਾਲ ਬਣਾ ਦਿਆਂਗੇ.
ਬਿਹਾਰ ਵਿੱਚ ਹਰ ਨਾਗਰਿਕ ਨੂੰ ਭਾਜਪਾ ਸਰਕਾਰ ਮੁਫਤ ਵਿੱਚ
ਕਰੋਨਾ ਮਹਾਮਾਰੀ ਵੈਕਸੀਨ ਇੰਜੈਕਸ਼ਨ ਲਗਾਏਗੀ.
ਜੈ ਹਿੰਦ !"

ਕੀ ਕਰੋਨਾ ਮਹਾਮਾਰੀ ਵੈਕਸੀਨ ਇੰਜੈਕਸ਼ਨ ਦੀ ਪ੍ਰਾਪਤੀ ਡੂੰਘੇ ਟੋਹੇ ਵਿੱਚ ਡਿੱਗੀ ਹਿੰਦੁਸਤਾਨ ਦੀ ਆਰਥਿਕਤਾ ਨੂੰ ਮੁੜ ਸਿਹਤਮੰਦ ਹੋਣ ਵਿੱਚ ਮੱਦਦ ਕਰ ਸਕੇਗੀ?

ਇਸ ਸੁਆਲ ਦਾ ਉੱਤਰ ਤਾਂ ਆਉਣ ਵਾਲਾ ਸਮਾਂ ਹੀ ਦੇ ਸਕੇਗਾ.

ਪਰ ਹਾਲ ਦੀ ਘੜੀ, ਤਾਂ, ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਦੇ ਬਾਰਡਰ ਉੱਤੇ ਬੈਠੇ ਲੱਖਾਂ ਕਿਸਾਨਾਂ ਵੱਲੋਂ ਚਲਾਇਆ ਜਾ ਰਿਹਾ ਕਿਸਾਨ ਅੰਦੋਲਨ ਹਿੰਦੁਸਤਾਨ ਸਰਕਾਰ ਲਈ ਗਲੇ ਵਿੱਚ ਫਸੀ ਹੱਡੀ ਬਣਿਆ ਪਿਆ ਸੀ.

ਜਿਸ ਕਾਰਨ ਬਦੇਸ਼ਾਂ ਵਿੱਚ ਵੀ ਹਿੰਦੁਸਤਾਨ ਸਰਕਾਰ ਦੀ ਬਹੁਤ ਬਦਨਾਮੀ ਹੋ ਰਹੀ ਸੀ. ਅਨੇਕਾਂ ਬਦੇਸ਼ੀ ਸਰਕਾਰਾਂ ਇਹ ਦੇਖ ਕੇ ਹੈਰਾਨ ਹੋ ਰਹੀਆਂ ਸਨ ਕਿ ਹੁਣ ਤੱਕ ਇਸ ਕਿਸਾਨ ਅੰਦੋਲਨ ਵਿੱਚ 650 ਤੋਂ ਵੀ ਵੱਧ ਕਿਸਾਨਾਂ ਦੀਆਂ ਮੌਤਾਂ ਹੋ ਚੁੱਕੀਆਂ ਸਨ; ਪਰ ਹਿੰਦੁਸਤਾਨ ਦੀ ਸਰਕਾਰ ਆਪਣੇ ਹੀ ਦੇਸ਼ ਦੇ ਕਿਸਾਨਾਂ ਦੀਆਂ ਸਮੱਸਿਆਵਾਂ ਹੱਲ ਕਰਨ ਵੱਲ ਗੰਭੀਰਤਾ ਨਾਲ ਧਿਆਨ ਕਿਉਂ ਨਹੀਂ ਦੇ ਰਹੀ ਸੀ?

ਕਿਸਾਨ ਅੰਦੋਲਨ ਵਿੱਚ ਭਾਵੇਂ ਕਿ ਹਿੰਦੁਸਤਾਨ ਦੇ ਵੱਖੋ ਵੱਖ ਪ੍ਰਾਂਤਾਂ ਤੋਂ ਅਤੇ ਵੱਖੋ ਵੱਖ ਵਿਚਾਰਧਾਰਾਵਾਂ ਨਾਲ ਸਬੰਧਤ ਕਿਸਾਨ ਹਜ਼ਾਰਾਂ ਦੀ ਗਿਣਤੀ ਵਿੱਚ ਸ਼ਾਮਿਲ ਸਨ, ਪਰ ਹਿੰਦੁਸਤਾਨ ਸਰਕਾਰ ਅਤੇ ਹਿੰਦੁਸਤਾਨ ਦਾ ਗੋਦੀ ਮੀਡੀਆ ਇਨ੍ਹਾਂ ਅੰਦੋਲਨ ਕਰ ਰਹੇ ਕਿਸਾਨਾਂ ਨਾਲ ਕੋਈ ਗੰਭੀਰ ਸੰਵਾਦ ਰਚਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਸਹੀ ਹੱਲ ਢੂੰਡਣ ਦੀ ਥਾਂ ਉਨ੍ਹਾਂ ਨੂੰ ਖਾਲਿਸਤਾਨੀ, ਨਕਸਲਬਾੜੀ, ਦੇਸ਼-ਧ੍ਰੋਹੀ, ਦਹਿਸ਼ਤਗਰਦ, ਬਦੇਸ਼ੀ ਏਜੰਟ, ਆਦਿ ਨਾਮ ਦੇ ਦੇ ਕੇ ਬਦਨਾਮ ਕਰਨ ਅਤੇ ਕਿਸਾਨ ਅੰਦੋਲਨ ਨੂੰ ਦੁਫਾੜ ਕਰਨ ਦੀਆਂ ਚਾਲਾਂ ਚੱਲਣ ਵਿੱਚ ਹੀ ਗਲਤਾਨ ਸੀ.

ਜਦੋਂ ਕਿ ਹਕੀਕਤ ਇਹ ਸੀ ਕਿ, ਨਿੱਤ ਦਿਨ, ਦੇਸ਼ ਦੇ ਵੱਖੋ ਵੱਖ ਪ੍ਰਾਂਤਾਂ ਤੋਂ, ਹਜ਼ਾਰਾਂ ਕਿਸਾਨਾਂ ਦੇ ਕਾਫ਼ਲੇ 'ਕਿਸਾਨ-ਮਜ਼ਦੂਰ ਏਕਤਾ ਜ਼ਿੰਦਾਬਾਦ' ਦੇ ਨਾਹਰੇ ਲਗਾਂਦੇ ਹੋਏ ਦਿੱਲੀ ਦੇ ਬਾਰਡਰ ਉੱਤੇ ਪਹੁੰਚ ਰਹੇ ਸਨ.

ਕਿਸਾਨ ਅੰਦੋਲਨ ਨੇ ਸਮੁੱਚੇ ਦੇਸ਼ ਦੀ ਰਾਜਨੀਤਕ ਹਵਾ ਬਦਲ ਦਿੱਤੀ ਸੀ. ਜਿੱਥੇ ਕਿ ਹਿੰਦੁਸਤਾਨ ਉੱਤੇ ਰਾਜ ਕਰ ਰਹੀ ਭਾਜਪਾ ਸਰਕਾਰ ਦੇਸ਼ ਦੇ ਲੋਕਾਂ ਨੂੰ ਹਿੰਦੂ, ਸਿੱਖ, ਮੁਸਲਮਾਨ, ਈਸਾਈ, ਜੈਨੀ, ਬੋਧੀ ਦੇ ਨਾਮ ਉੱਤੇ ਇੱਕ ਦੂਜੇ ਨਾਲ ਲੜਾ ਕੇ ਆਪਣੀਆਂ ਵੋਟਾਂ ਹਾਸਿਲ ਕਰਨ ਦੀ ਚਾਣਕਿਆ ਨੀਤੀ ਦੀ ਖੇਡ ਖੇਡ ਰਹੀ ਸੀ ਉੱਥੇ ਹੀ ਇਹ ਕਿਸਾਨ ਅੰਦੋਲਨ ਸਰਬ ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦੀ ਖੁਸ਼ਬੂ ਚਾਰੋ ਕੂੰਟਾਂ ਵਿੱਚ ਬਿਖੇਰ ਰਿਹਾ ਸੀ.

ਇਸ ਕਿਸਾਨ ਅੰਦੋਲਨ ਦੀ ਵਿਚਾਰਧਾਰਾ ਦੇਸ਼ ਵਿਰੋਧੀ ਜਾਂ ਧਰਮ ਦੇ ਨਾਮ ਉੱਤੇ ਲੋਕਾਂ ਵਿੱਚ ਫੁੱਟ ਪਾਉਣ ਵਾਲੀ ਵਿਚਾਰਧਾਰਾ ਨਹੀਂ; ਬਲਕਿ, ਲੋਕਾਂ ਵਿੱਚ ਆਪਸੀ ਪਿਆਰ, ਮਿਲਵਰਤਣ, ਸਾਂਝ ਅਤੇ ਦੋਸਤੀ ਪੈਦਾ ਕਰਨ ਵਾਲੀ ਵਿਚਾਰਧਾਰਾ ਸੀ.

ਇਸ ਸ਼ਾਂਤਮਈ ਕਿਸਾਨ ਅੰਦੋਲਨ ਵਿੱਚ, ਹੋਰਨਾਂ ਅੰਦੋਲਨਾਂ ਦੇ ਉਲਟ, ਹਜ਼ਾਰਾਂ ਦੀ ਗਿਣਤੀ ਵਿੱਚ ਬਜ਼ੁਰਗ, ਨੌਜਵਾਨ, ਔਰਤਾਂ ਅਤੇ ਬੱਚੇ ਵੀ ਸ਼ਾਮਿਲ ਸਨ.

ਅਨੋਖੀ ਤਰ੍ਹਾਂ ਦਾ ਇਹ ਕਿਸਾਨ ਅੰਦੋਲਨ ਲੋਕ ਮਨਾਂ ਉੱਤੇ ਆਪਣੇ ਚੰਗੇ ਵਤੀਰੇ ਦੀ ਇੱਕ ਗਹਿਰੀ ਛਾਪ ਛੱਡ ਰਿਹਾ ਸੀ.

ਕਿਸਾਨ ਅੰਦੋਲਨ ਵਿੱਚ ਜੇਕਰ ਹਿੰਦੂ ਕਿਸਾਨ, ਹਰ ਦਿਨ, ਹਜ਼ਾਰਾਂ ਲਿਟਰ ਦੁੱਧ ਲਿਆ ਰਹੇ ਸਨ ਤਾਂ ਮੁਸਲਮਾਨ ਕਿਸਾਨ, ਹਰ ਦਿਨ, ਮਿੱਠੇ ਚੌਲਾਂ ਦਾ ਲੰਗਰ ਲਗਾ ਰਹੇ ਸਨ. ਸਿੱਖ ਕਿਸਾਨ, ਵੱਡੇ ਭਰਾਵਾਂ ਵਾਲਾ ਫਰਜ਼ ਨਿਭਾਉਂਦੇ ਹੋਏ, ਅੰਦੋਲਨ ਵਿੱਚ ਸ਼ਾਮਿਲ ਹੋਏ ਹਰ ਸਿੱਖ, ਹਿੰਦੂ, ਮੁਸਲਮਾਨ, ਈਸਾਈ, ਜੈਨੀ, ਬੋਧੀ ਦੀ ਹਰ ਲੋੜ ਦਾ ਇੰਜ ਧਿਆਨ ਰੱਖ ਰਹੇ ਸਨ ਜਿਵੇਂ ਕਿ ਉਹ ਸਭ ਇੱਕੋ ਹੀ ਪ੍ਰਵਾਰ ਦੇ ਮੈਂਬਰ ਹੋਣ.

ਮੁਹੱਬਤੀ ਭਾਈਚਾਰੇ ਵਾਲੇ ਇਸ ਕਿਸਾਨ ਅੰਦੋਲਨ ਵਿੱਚ ਬਾਬਾ ਨਾਨਕ ਦੇ ਬੋਲ ਵੀ ਸੁਣਾਈ ਦਿੰਦੇ ਸਨ ਅਤੇ ਗੁਰੂ ਗੋਬਿੰਦ ਸਿੰਘ ਦੇ ਖਾਲਸੇ ਦੇ ਨਗਾਰੇ ਦੀਆਂ ਗੂੰਜਾਂ ਵੀ ਸੁਣਾਈ ਦਿੰਦੀਆਂ ਸਨ; ਸ਼ਹੀਦ ਭਗਤ ਸਿੰਘ ਦਾ 'ਇਨਕਲਾਬ ਜ਼ਿੰਦਾਬਾਦ' ਦਾ ਨਾਹਰਾ ਵੀ ਗੂੰਜਦਾ ਸੀ ਅਤੇ ਸ਼ਹੀਦ ਊਧਮ ਸਿੰਘ ਦੀ ਕੁਰਬਾਨੀ ਵੀ ਬੋਲਦੀ ਸੀ. ਇੱਥੇ ਮਾਈ ਭਾਗੋ ਦਾ ਨਾਮ ਵੀ ਗੂੰਜਦਾ ਸੀ, ਬਾਬਾ ਬੰਦਾ ਸਿੰਘ ਬਹਾਦਰ ਦਾ ਨਾਮ ਵੀ ਅਤੇ ਗਦਰ ਪਾਰਟੀ ਦੀ ਮਹਾਨ ਕਰਾਂਤੀਕਾਰੀ ਗੁਲਾਬ ਕੌਰ ਦਾ ਨਾਮ ਵੀ ਲੋਕਾਂ ਦੀ ਜ਼ੁਬਾਨ ਉੱਤੇ ਸੀ.

ਇਸ ਕਿਸਾਨ ਅੰਦੋਲਨ ਦੀ ਇੱਕ ਇਹ ਵੀ ਨਿਵੇਕਲੀ ਗੱਲ ਸੀ ਕਿ ਨੌਜਵਾਨ ਪੰਜਾਬੀ ਗਾਇਕਾਂ ਵੱਲੋਂ ਗਾਏ ਜਾ ਰਹੇ ਗੀਤਾਂ ਵਿੱਚ ਦੁੱਲਾ ਭੱਟੀ ਦਾ ਨਾਮ ਵੀ ਗੂੰਜਦਾ ਸੀ, ਦੋਹਾਂ ਪੰਜਾਬਾਂ, ਪੰਜਾਬੀ ਸਭਿਆਚਾਰ ਅਤੇ ਮਾਂ ਬੋਲੀ ਪੰਜਾਬੀ ਦੀ ਸਲਾਮਤੀ ਲਈ ਵੀ ਦੁਆਵਾਂ ਕੀਤੀਆਂ ਜਾ ਰਹੀਆਂ ਸਨ.

ਅਫਗਾਨਿਸਤਾਨ ਵਿੱਚ ਤਾਲਿਬਾਨਾਂ ਨੇ ਰਾਜ ਪਲਟਾ ਕਰ ਦਿੱਤਾ ਤਾਂ ਤਾਲਿਬਾਨਾਂ ਤੋਂ ਡਰ ਕੇ ਅਫਗਾਨਿਸਤਾਨ ਤੋਂ ਭੱਜਣ ਦੀ ਕੋਸ਼ਿਸ਼ ਕਰਦੇ ਹੋਏ ਅਤੇ ਕਾਬਿਲ ਏਅਰਪੋਰਟ ਉੱਤੇ ਉਡਾਨ ਭਰ ਰਹੇ ਅਮਰੀਕਨ ਹਵਾਈ ਜਹਾਜ਼ਾਂ ਦੇ ਪਿੱਛੇ ਪਿੱਛੇ ਦੌੜ ਰਹੇ ਸੈਂਕੜੇ ਲੋਕਾਂ ਬਾਰੇ ਹਿੰਦੁਸਤਾਨ ਦਾ ਗੋਦੀ ਮੀਡੀਆ ਤਰਸ ਭਰੇ ਬਿਆਨ ਦੇ ਰਿਹਾ ਸੀ; ਪਰ ਇਹ ਉਹੀ ਭੌਂਕੂ ਮੀਡੀਆ ਸੀ ਜਿਸਨੇ ਕਰੋਨਾ ਮਹਾਮਾਰੀ ਸੰਕਟ ਦੌਰਾਨ ਹਿੰਦੁਸਤਾਨ ਦੀਆਂ ਅੰਗਿਆਰਾਂ ਵਾਂਗ ਭੱਖਦੀਆਂ ਸੜਕਾਂ ਉੱਤੇ ਲਹੂ-ਲੁਹਾਨ ਹੋਏ ਪੈਰਾਂ ਨਾਲ ਤੁਰੇ ਜਾ ਰਹੇ ਹਜ਼ਾਰਾਂ, ਭੁੱਖਾਂ ਦੇ ਸਤਾਏ, ਪਿਆਸੇ, ਬੇਘਰੇ, ਲੋਕਾਂ ਦੇ ਕਾਫ਼ਲਿਆਂ ਬਾਰੇ ਹਮਦਰਦੀ ਵਜੋਂ ਇੱਕ ਵੀ ਸ਼ਬਦ ਨਹੀਂ ਸੀ ਬੋਲਿਆ. ਬਲਕਿ, ਉਨ੍ਹਾਂ ਵਿਰੁੱਧ ਧੂੰਆਂਧਾਰ ਬਿਆਨਬਾਜ਼ੀ ਕੀਤੀ ਸੀ ਕਿ ਇਹ ਲੋਕ ਤਾਂ ਕਰੋਨਾ ਮਹਾਮਾਰੀ ਦੇ ਟਾਈਮ ਬੰਬ ਸਨ.

ਕਰੋਨਾ ਮਹਾਮਾਰੀ ਸੰਕਟ ਨੇ ਹਿੰਦੁਸਤਾਨ ਦੀ ਆਨ-ਸ਼ਾਨ ਨੂੰ ਜਿਸ ਡੂੰਘੀ ਨੀਵਾਣ ਤੱਕ ਡੇਗ ਦਿੱਤਾ ਸੀ ਹਿੰਦੁਸਤਾਨ ਦੇ ਇਤਿਹਾਸ ਵਿੱਚ ਦੇਸ਼ ਦੀ ਏਨੀ ਮਾੜੀ ਹਾਲਤ ਏਸ ਤੋਂ ਪਹਿਲਾਂ ਕਦੀ ਨਹੀਂ ਹੋਈ ਸੀ. ਹਿੰਦੁਸਤਾਨ ਦੀ ਇਸ ਬਰਬਾਦੀ ਲਈ ਦੁਨੀਆਂ ਨੇਤਾ ਜੀ ਅਤੇ ਉਨ੍ਹਾਂ ਦੀ ਹਕੂਮਤ ਕਰ ਰਹੀ ਪਾਰਟੀ ਨੂੰ ਹੀ ਜ਼ਿੰਮੇਵਾਰ ਸਮਝਦੀ ਸੀ.

ਨੇਤਾ ਜੀ ਅਤੇ ਉਨ੍ਹਾਂ ਦੇ ਅੰਧ-ਭਗਤਾਂ ਨੂੰ ਭਾਵੇਂ ਨੇਤਾ ਜੀ ਦੀ 56 ਇੰਚ ਚੌੜੀ ਛਾਤੀ ਉੱਤੇ ਮਾਣ ਹੋਵੇ; ਪਰ ਦੁਨੀਆਂ ਨੇਤਾ ਜੀ ਨੂੰ ਝੂਠ ਦਾ ਪੁਲੰਦਾ, ਮੁਹੰਮਦ ਤੁਗਲਕ, ਜੁਮਲੇਬਾਜ਼, ਘੁਮੰਡੀ, ਅੰਬਾਨੀ-ਅੰਡਾਨੀ ਦਾ ਦੁੰਮ-ਛੱਲਾ, ਜਿਹੇ ਨਾਵਾਂ ਨਾਲ ਹੀ ਯਾਦ ਕਰਦੀ ਸੀ.

ਲੋਕ ਨੇਤਾ ਜੀ ਨੂੰ ਹਿੰਦੁਸਤਾਨ ਦੇ ਮੱਥੇ ਉੱਤੇ ਲੱਗੇ ਕਲੰਕ ਵਜੋਂ ਹੀ ਯਾਦ ਕਰਿਆ ਕਰਨਗੇ.

ਮੇਰੇ ਕਮਰੇ ਵਿੱਚ ਪਏ ਰੇਡੀਓ ਉੱਤੇ ਇਸ ਸਮੇਂ ਪੰਜਾਬੀ ਗਾਇਕਾ ਗੁਰਜੀਤ ਮੱਲੀ ਦੀ ਆਵਾਜ਼ ਵਿੱਚ ਵੱਜ ਰਿਹਾ ਇਹ ਗੀਤ ਮੇਰੇ ਦਿਲ ਦੇ ਸੁੰਞੇ ਬੂਹਿਆਂ ਉੱਤੇ ਦਸਤਕ ਦੇ ਰਿਹਾ ਸੀ :

ਪਿਆਰ ਨਾਲ ਹੱਕ ਮਿਲਦੇ ਨੀਂ
ਲੜ ਲੈਣੇ ਪੈਂਦੇ ਆ
ਬਹੁਤੀ ਆਸ ਨੀਂ ਰੱਖੀ ਦੀ
ਲੋਟੂ ਸਰਕਾਰਾਂ ਤੋਂ

✪✪✪